




Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢ | Email:punjabtimes1@gmail.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 46; November 16, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਟਰੰਪ ਦੀ ਚੋਣ ਨਾਲ ਪਰਵਾਸੀਆਂ ਅੰਦਰ ਵੱਡੀ ਹਲਚਲ

**ਚੰਡੀਗੜ੍ਹ:** ਪਰਵਾਸੀਆਂ ਖਾਸ ਕਰ ਕੇ ਭਾਰਤੀਆਂ ਲਈ ਸਭ ਤੋਂ ਪਸੰਦੀਦਾ ਮੁਲਕ ਅਮਰੀਕਾ ਅਤੇ ਕੈਨੇਡਾ ਵਿਚ ਇਨ੍ਹੀਂ ਦਿਨੀਂ ਵੱਡੀ ਹਿਲਜੁਲ ਨਜ਼ਰ ਆ ਰਹੀ ਹੈ। ਅਮਰੀਕਾ ਵਿਚ ਡੋਨਲਡ ਟਰੰਪ ਦੀ ਨਵੇਂ ਰਾਸ਼ਟਰਪਤੀ ਵਜੋਂ ਚੋਣ ਅਤੇ ਕੈਨੇਡਾ ਵੱਲੋਂ ਆਪਣੀ ਪਰਵਾਸ ਨੀਤੀ ਵਿਚ ਧੜਾਧੜ ਕੀਤੇ ਜਾ ਰਹੇ ਬਦਲਾਓ ਇਥੇ ਰਹਿ ਰਹੇ ਲੋਕਾਂ ਲਈ ਵੱਡੀ ਫਿਕਰਮੰਦੀ ਖੜ੍ਹੀ ਕਰ ਰਹੇ ਹਨ। ਹਾਲਾਤ ਇਹ ਹਨ ਕਿ ਡੋਨਾਲਡ ਟਰੰਪ ਦੀ ਜਿੱਤ ਤੋਂ ਬਾਅਦ ਇਥੇ ਪਰਵਾਸੀਆਂ 'ਚ ਡਰ ਦਾ ਮਾਹੌਲ ਹੈ। ਲੋਕ ਲਗਾਤਾਰ ਗੂਗਲ ਉਤੇ ਮਾਈਗ੍ਰੇਸ਼ਨ ਦੀ ਖੋਜ ਕਰ ਰਹੇ ਹਨ। ਗੂਗਲ ਟਰੈਂਡਸ ਵਿਚ ਨਜ਼ਰ ਆ ਰਿਹਾ ਹੈ ਕਿ ਲੋਕ ਕੈਨੇਡਾ 'ਚ ਮਾਈਗ੍ਰੇਸ਼ਨ ਲਈ ਭਾਲ ਕਰ ਰਹੇ ਹਨ।

ਇਕ ਰਿਪੋਰਟ ਮੁਤਾਬਿਕ ਅੰਕੜੇ ਦਰਸਾਉਂਦੇ ਹਨ ਕਿ ਨਤੀਜਿਆਂ ਤੋਂ ਅਗਲੇ ਹੀ ਦਿਨ ਸਿਰਫ 24 ਘੰਟਿਆਂ ਵਿਚ 'ਕੈਨੇਡਾ ਜਾਣ' ਲਈ ਗੂਗਲ ਸਰਚਾਂ ਵਿਚ 1270 ਫੀਸਦੀ ਦਾ ਵਾਧਾ ਹੋਇਆ ਹੈ। ਨਿਊਜ਼ੀਲੈਂਡ ਜਾਣ ਬਾਰੇ ਸਰਚ ਵਿਚ ਲਗਭਗ 2000 ਫੀਸਦੀ ਦਾ ਵਾਧਾ ਹੋਇਆ ਹੈ; ਆਸਟ੍ਰੇਲੀਆ ਲਈ ਸਰਚ ਕਰਨ ਵਾਲਿਆਂ ਵਿਚ 820 ਫੀਸਦੀ ਦਾ ਵਾਧਾ ਰਿਕਾਰਡ ਹੋਇਆ ਹੈ।

ਗੂਗਲ ਦੇ ਇਕ ਅਧਿਕਾਰੀ ਅਨੁਸਾਰ ਮਾਈਗ੍ਰੇਸ਼ਨ ਬਾਰੇ ਗੂਗਲ ਸਰਚ ਤਿੰਨੇ ਦੇਸ਼ਾਂ ਲਈ ਸਭ ਤੋਂ ਉੱਚੇ ਪੱਧਰ ਉਤੇ ਪਹੁੰਚ ਗਈ ਹੈ। ਸਰਚ ਇੰਜਣ ਨੇ ਪੂਰੇ ਅੰਕੜੇ ਨਹੀਂ ਦਿੱਤੇ ਪਰ ਇਮੀਗ੍ਰੇਸ਼ਨ ਨਿਊਜ਼ੀਲੈਂਡ ਦੀ ਵੈੱਬਸਾਈਟ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪਿਛਲੇ ਸਾਲ ਉਸੇ ਦਿਨ 1500 ਦੇ ਮੁਕਾਬਲੇ 7 ਨਵੰਬਰ ਨੂੰ ਲਗਭਗ 25000 ਨਵੇਂ ਯੂ.ਐਸ. ਉਪਭੋਗਤਾਵਾਂ ਨੇ ਸਾਈਟ ਉਤੇ ਲੌਗਇਨ ਕੀਤਾ ਸੀ। ਟਰੰਪ ਦੀ 2016 ਦੀ ਜਿੱਤ ਤੋਂ ਬਾਅਦ ਵੀ ਅਮਰੀਕਾ ਤੋਂ ਦੂਜੇ ਦੇਸ਼ਾਂ ਵਿਚ ਜਾਣ ਦਾ ਅਚਾਨਕ ਰੁਝਾਨ ਦੇਖਣ ਨੂੰ ਮਿਲਿਆ ਸੀ।





ਇਸੇ ਦੌਰਾਨ ਹਾਲਾਤ ਦੇਖਦਿਆਂ ਕੈਨੇਡਾ ਵਿਚ ਹਾਈ ਅਲਰਟ ਐਲਾਨ ਕਰ ਦਿੱਤਾ ਗਿਆ ਹੈ। ਟਰੰਪ ਦੀ ਜਿੱਤ ਨਾਲ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਗੈਰ-ਕਾਨੂੰਨੀ ਪਰਵਾਸੀਆਂ ਦੇ ਕੈਨੇਡਾ ਵਿਚ ਦਾਖਲ ਹੋਣ ਦਾ ਡਰ ਹੈ। ਕੈਨੇਡੀਅਨ ਅਧਿਕਾਰੀਆਂ ਨੇ ਕਿਹਾ ਕਿ ਉਹ ਇਸ ਸਬੰਧੀ 'ਹਾਈ ਅਲਰਟ' ਉਤੇ ਹਨ। ਅਮਰੀਕੀ ਸਰਹੱਦ ਉਤੇ ਨਿਗਰਾਨੀ ਵਧਾ ਦਿੱਤੀ ਗਈ ਹੈ। ਘੁਸਪੈਠ ਨੂੰ ਰੋਕਣ ਲਈ ਸਰਹੱਦ ਉਤੇ ਹਰ ਤਰ੍ਹਾਂ ਦੀ ਸਾਵਧਾਨੀ ਵਰਤੀ ਜਾ ਰਹੀ ਹੈ। ਲਗਭਗ 9 ਹਜ਼ਾਰ ਕਿਲੋਮੀਟਰ ਵਿਚ ਫੈਲੀ ਅਮਰੀਕਾ-ਕੈਨੇਡਾ ਸਰਹੱਦ ਉਤੇ ਕੈਮਰਿਆਂ, ਸੈਂਸਰਾਂ ਅਤੇ ਡਰੋਨਾਂ ਨਾਲ ਨਜ਼ਰ ਰੱਖੀ ਜਾ ਰਹੀ ਹੈ।

ਦੱਸ ਦਈਏ ਕਿ ਅਮਰੀਕਾ 'ਚ ਗੈਰ-ਕਾਨੂੰਨੀ ਪਰਵਾਸੀਆਂ ਨੂੰ ਲੈ ਕੇ ਡੋਨਾਲਡ ਟਰੰਪ ਦਾ ਰੁਖ ਹਮੇਸ਼ਾ ਸਖਤ ਰਿਹਾ ਹੈ। ਟਰੰਪ ਅਮਰੀਕਾ ਦੀਆਂ ਕਈ ਸਮੱਸਿਆਵਾਂ ਦਾ ਸਭ ਤੋਂ ਵੱਡਾ ਕਾਰਨ ਗੈਰ-ਕਾਨੂੰਨੀ ਪਰਵਾਸੀਆਂ ਨੂੰ ਮੰਨਦੇ ਹਨ ਤੇ ਇਸ ਕਾਰਨ ਉਨ੍ਹਾਂ ਨੇ ਅਜਿਹੇ ਲੋਕਾਂ ਨੂੰ ਅਮਰੀਕਾ ਤੋਂ ਬਾਹਰ ਕੱਢਣ ਦਾ ਫੈਸਲਾ ਕੀਤਾ ਹੈ।

ਆਪਣੇ ਪਹਿਲੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਨਿਯਮਾਂ ਨੂੰ ਬਦਲ ਦਿੱਤਾ ਸੀ। ਇੱਥੋਂ ਤੱਕ ਕਿ ਮੈਕਸੀਕੋ ਅਤੇ ਅਮਰੀਕਾ ਦੀ ਸਰਹੱਦ ਉਤੇ ਇਕ ਵੱਡੀ ਕੰਧ ਵੀ ਬਣਾਈ ਗਈ ਸੀ ਤਾਂ ਜੋ ਗੈਰ-ਕਾਨੂੰਨੀ ਪਰਵਾਸੀਆਂ ਨੂੰ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕਿਆ ਜਾ ਸਕੇ। ਇਸ ਵਾਰ ਵੀ ਚੋਣ ਪ੍ਰਚਾਰ ਦੌਰਾਨ ਪੈਨਸਿਲਵੇਨੀਆ ਵਿਚ ਰੈਲੀ ਵਿਚ ਡੋਨਾਲਡ ਟਰੰਪ ਨੇ ਇਤਿਹਾਸ ਦਾ ਸਭ ਤੋਂ ਵੱਡਾ 'ਪਰਵਾਸੀ ਵਿਰੋਧੀ' ਪ੍ਰੋਗਰਾਮ ਚਲਾਉਣ ਦੀ ਗੱਲ ਕਹੀ ਸੀ ਤਾਂ ਜੋ ਅਮਰੀਕਾ ਵਿਚ ਗੈਰ-ਕਾਨੂੰਨੀ ਦਾਖਲੇ ਨੂੰ ਰੋਕਿਆ ਜਾ ਸਕੇ ਅਤੇ ਲੱਖਾਂ ਗੈਰ-ਕਾਨੂੰਨੀ ਪਰਵਾਸੀਆਂ ਨੂੰ ਵੀ ਡਿਪੋਰਟ ਕੀਤਾ ਜਾ ਸਕੇ।

ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਜਿੱਤ ਤੋਂ ਬਾਅਦ ਉਹ ਅਮਰੀਕੀ ਇਤਿਹਾਸ ਵਿਚ ਸਭ ਤੋਂ ਵੱਡੇ ਸਮੂਹਿਕ ਦੇਸ਼ ਨਿਕਾਲੇ ਦਾ ਐਲਾਨ ਕਰਨਗੇ। ਉਨ੍ਹਾਂ ਦੇ ਪਹਿਲੇ ਕਾਰਜਕਾਲ (2017 ਤੋਂ 2021) ਦੌਰਾਨ ਵੀ 10 ਹਜ਼ਾਰ ਤੋਂ ਵੱਧ ਗੈਰ-ਕਾਨੂੰਨੀ ਪਰਵਾਸੀਆਂ ਨੂੰ ਕੈਨੇਡਾ ਭੱਜਣ ਲਈ ਮਜਬੂਰ ਕੀਤਾ ਗਿਆ ਸੀ।

ਡੌਲਨਡ ਟਰੰਪ ਨੇ ਪਰਵਾਸ ਖ਼ਾਸ ਤੌਰ 'ਤੇ ਗ਼ੈਰ-ਕਾਨੂੰਨੀ ਪਰਵਾਸ ਦੀਆਂ ਨੀਤੀਆਂ ਉਤੇ ਹਮੇਸ਼ਾ ਸਖ਼ਤ ਰਵੱਈਆ ਅਖ਼ਤਿਆਰ ਕੀਤੀ ਹੈ। ਉਹ 'ਅਮਰੀਕਨ ਫਸਟ' ਦਾ ਨਾਅਰਾ ਦਿੰਦੇ ਰਹੇ ਹਨ। ਇੰਟਰਵਿਊ ਵਿਚ ਪਰਵਾਸ ਦੇ ਮੁੱਦੇ 'ਤੇ ਟਰੰਪ ਨੇ ਸਾਫ ਆਖਿਆ ਸੀ ਕਿ ਜੇ ਨਵੰਬਰ ਵਿਚ ਰਾਸ਼ਟਰਪਤੀ ਬਣਦਾ ਹਾਂ ਤਾਂ ਸਭ ਤੋਂ ਵੱਡੀ ਡੈਪੋਰਟੇਸ਼ਨ, ਯਾਨੀ, ਦੇਸ਼ ਨਿਕਾਲਾ ਹੋਵੇਗਾ। ਇਸ ਤੋਂ ਇਲਾਵਾ ਟਰੰਪ ਨੇ ਇਹ ਵੀ ਦਾਅਵਾ ਕੀਤਾ ਕਿ ਜਦੋਂ ਉਹ ਰਾਸ਼ਟਰਪਤੀ ਅਹੁਦੇ ਸਨ ਤਾਂ ਦੱਖਣੀ ਸਰਹੱਦ 'ਤੇ ਹਜ਼ਾਰਾਂ ਮੀਲ ਲੰਮੀ ਕੰਧ ਉਸਾਰੀ ਗਈ ਸੀ। ਪਰਵਾਸੀਆਂ ਦਾ ਰਾਹ ਡੱਕਣ ਲਈ ਹਰ ਹੀਲਾ ਵਰਤਿਆ ਗਿਆ ਸੀ। ਟਰੰਪ ਦੀ ਇਸ ਪਾਰੀ ਵਿਚ ਹਾਲਾਤ ਇਸ ਤੋਂ ਵੀ ਮਾੜੇ ਹੋਣ ਦੇ ਆਸਾਰ ਜਾਪ ਰਹਿ ਗਏ। ਇਸ ਲਈ ਪਰਵਾਸੀ ਗੁਆਂਢੀ ਮੁਲਕ ਕੈਨੇਡਾ ਵੱਲ ਰੁਖ ਕਰਨ ਦੀਆਂ ਜੁਗਤਾਂ ਘੜਨ ਲੱਗੇ ਹਨ। ਹਾਲਾਂਕਿ ਕੈਨੇਡਾ ਪਹਿਲਾਂ ਹੀ ਪਰਵਾਸੀਆਂ ਦਾ ਰਾਹ ਰੋਕਣ ਲਈ ਆਪਣੀ ਪਰਵਾਸ ਨੀਤੀ ਵਿਚ ਗਲਾਤਾਰ ਬਦਲਾਓ ਕਰ ਰਿਹਾ ਹੈ।

ਕੈਨੇਡਾ ਸਰਕਾਰ ਨੇ ਹਾਲ ਵਿਚ ਹੀ ਕਈ ਸਖਤ ਫੈਸਲੇ ਕੀਤੇ ਹਨ। ਸਰਕਾਰ ਨੇ ਵਿਜ਼ਿਟਰ ਵੀਜ਼ਾ ਉਤੇ ਆਉਣ ਵਾਲਿਆਂ ਨੂੰ ਵੱਡਾ ਝਟਕਾ ਦਿੰਦਿਆਂ ਵੀਜ਼ਾ ਨਿਯਮਾਂ 'ਚ ਸਖ਼ਤ ਤਬਦੀਲੀ ਕਰ ਦਿੱਤੀ। ਕੈਨੇਡਾ ਸਰਕਾਰ ਦੇ ਨਵੇਂ ਫੈਸਲੇ ਮੁਤਾਬਕ ਹੁਣ 10 ਸਾਲ ਦਾ ਵਿਜ਼ਿਟਰ ਵੀਜ਼ਾ ਨਹੀਂ ਮਿਲੇਗਾ। ਨਵੇਂ ਨਿਯਮਾਂ ਮੁਤਾਬਕ ਲਾਜ਼ਮੀ ਨਹੀਂ ਹੈ ਕਿ ਹਰ ਬਿਨੈਕਾਰ ਨੂੰ ਪਾਸਪੋਰਟ ਦੀ ਮਿਆਦ ਤੱਕ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਮਿਲੇ। ਕੈਨੇਡਾ ਸਰਕਾਰ ਨੇ ਮਲਟੀਪਲ ਐਂਟਰੀ ਦੀ ਥਾਂ ਸਿੰਗਲ ਐਂਟਰੀ ਵਾਲੇ ਵੀਜ਼ੇ ਦੇਣ ਦਾ ਐਲਾਨ ਕੀਤਾ ਹੈ।

ਕੈਨੇਡਾ ਦੇ ਆਵਾਸ ਵਿਭਾਗ ਅਨੁਸਾਰ ਵਿਜ਼ਿਟਰ ਵੀਜ਼ਾ ਉਤੇ ਆਏ ਲੋਕਾਂ ਦੀ ਗਿਣਤੀ ਸਾਢੇ 10 ਲੱਖ ਤੋਂ ਵੀ ਵੱਧ ਹੈ ਅਤੇ ਇਨ੍ਹਾਂ 'ਚੋਂ ਜਿਹੜੇ ਹੁਣ ਆਪਣੇ ਆਪ ਵਾਪਸ ਨਾ ਗਏ, ਉਨ੍ਹਾਂ ਨੂੰ ਵਾਪਸੀ ਲਈ ਸਖਤ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਰਕਾਰ ਦਾ ਇਹ ਫ਼ੈਸਲਾ


***(ਬਾਕੀ ਸਫਾ 6 'ਤੇ)***


## ਗੈਰ-ਕਾਨੂੰਨੀ ਪਰਵਾਸੀਆਂ ਵੱਲੋਂ ਕੈਨੇਡਾ ਵੱਲ ਰੁਖ !

**ਵਾਸ਼ਿੰਗਟਨ:** ਡੋਨਲਡ ਟਰੰਪ ਦੀ ਜਿੱਤ ਨਾਲ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਗੈਰ-ਕਾਨੂੰਨੀ ਪਰਵਾਸੀਆਂ ਦੇ ਕੈਨੇਡਾ ਵਿਚ ਦਾਖਲ ਹੋਣ ਦਾ ਡਰ ਹੈ। ਇਸ ਲਈ ਕੈਨੇਡਾ ਵਿਚ ਹਾਈ ਅਲਰਟ ਐਲਾਨ ਕਰ ਦਿੱਤਾ ਗਿਆ ਹੈ। ਕੈਨੇਡੀਅਨ ਅਧਿਕਾਰੀਆਂ ਨੇ ਕਿਹਾ ਕਿ ਉਹ ਇਸ ਸਬੰਧੀ 'ਹਾਈ ਅਲਰਟ' ਉਤੇ ਹਨ। ਅਮਰੀਕੀ ਸਰਹੱਦ ਉਤੇ ਨਿਗਰਾਨੀ ਵਧਾ ਦਿੱਤੀ ਗਈ ਹੈ। ਘੁਸਪੈਠ ਨੂੰ ਰੋਕਣ ਲਈ ਸਰਹੱਦ ਉਤੇ ਹਰ ਤਰ੍ਹਾਂ ਦੀ ਸਾਵਧਾਨੀ ਵਰਤੀ ਜਾ ਰਹੀ ਹੈ।


ਮੋਰਟਗੇਜ, ਇੰਸ਼ੋਰੈਸ ਅਤੇ ਪ੍ਰਾਪਰਟੀ ਨਾਲ ਸਬੰਧਤ ਸੇਵਾਵਾਂ

Mortgage | Insurance | Property | Dhillon Agencies

Home Mortgages, Commercial Loans, All kinds of Insurances, Residential / Commercial properties

* ਪ੍ਰਾਪਰਟੀ, ਲੋਨਜ਼ ਅਤੇ ਇੰਸ਼ੋਰੈਂਸ ਲਈ ਸਭ ਤੋਂ ਭਰੋਸੇਮੰਦ ਢਿੱਲੋਂ ਏਜੰਸੀਜ਼ ਹਰ ਸਮੇਂ ਤੁਹਾਡੀ ਸੇਵਾ ਵਿਚ ਹਾਜ਼ਰ ਹੈ।
* ਆਪਣੇ ਸੁਪਨਿਆਂ ਦਾ ਘਰ ਜਾਂ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ, ਮੋਰਟਗੇਜ, ਕਾਮਰਸ਼ੀਅਲ ਲੋਨਜ਼ ਅਤੇ ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰੋ।

@ Mortgages: mortgages@dhillonagencies.com; Insurances: insurances@dhillonagencies.com; Properties: properties @dhillonagencies.com

dhillonagencies.com (516) 441-0188

8624 239th Street, Bellerose, NY11426



ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਦੀਵਾਨ

## November 11th to 17th, 2024 at

# GURDWARA SANT SAGAR

**242-25 Braddock Ave., Bellerose NY 11426. Ph. 718-343-1030**

**ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ ।**

ਸੰਗਤਾਂ ਦੇ ਪਿਆਰ ਤੇ ਉਦਮ ਸਦਕਾ 15 ਨਵੰਬਰ ਦਿਨ ਸ਼ੁਕਰਵਾਰ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਉਲੀਕੇ ਗਏ ਪ੍ਰੋਗਰਾਮ ਦਾ ਵੇਰਵਾ ਇਸ ਤਰਾਂ ਹੈ।

ਗੁਰਪੁਰਬ ਦੇ ਸੰਬੰਧ'ਚ 11 ਨਵੰਬਰ ਤੋਂ 17 ਨਵੰਬਰ 2024 ਤੱਕ ਸ਼ਾਮ 5:30 ਤੋਂ 9:00 ਵਜੇ ਤੱਕ ਹਰ ਰੋਜ਼ ਵਿਸ਼ੇਸ਼ ਦੀਵਾਨ ਸੱਜਣਗੇ। ਜਿਸ ਵਿੱਚ ਪੰਥ ਪ੍ਰਸਿੱਧ ਕਥਾ ਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਰੋਜ਼ ਸ਼ਾਮ ਨੂੰ 8:00 ਵਜੇ ਤੋਂ 9:00 ਵਜੇ ਤੱਕ ਅਤੇ ਐਤਵਾਰ 1:30 ਤੋਂ 2:30 ਵਜੇ ਤੱਕ ਕਥਾ ਕਰਣਗੇ । ਇਹਨਾਂ ਤੋਂ ਇਲਾਵਾ ਨਾਮਵਰ ਪੰਥ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਕੀਰਤਨ ਅਤੇ ਪ੍ਰਚਾਰਕ ਗੁਰ-ਇਤਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਣਗੇ ।

ਗੁਰਪੁਰਬ ਦੇ ਸੰਬੰਧ ਵਿੱਚ ਹਰ ਸਾਲ ਦੀ ਤਰਾਂ 14 ਨਵੰਬਰ ਦਿਨ ਵੀਰਵਾਰ ਸ਼ਾਮ 5:30 ਤੋਂ ਰਾਤ ਪ੍ਰਕਾਸ਼ ਸਮੇਂ ਤੱਕ ਦੀਵਾਨ ਸਜਣਗੇ । ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:15 ਤੋਂ 12:00 ਵਜੇ ਤੱਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਕਰਣਗੇ । ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਤੋਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ।

15 ਨਵੰਬਰ ਦਿਨ ਸ਼ੁਕਰਵਾਰ ਸਵੇਰੇ 9:00 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਸਵੇਰੇ 9:30 ਤੋਂ ਦੁਪਹਿਰ 2:00 ਵਜੇ ਤੱਕ ਦੀਵਾਨ ਸਜਣਗੇ। ਸ਼ਾਮ 5:00 ਵਜੇ ਰੱਖੇ ਹੋਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ । ਸ਼ਾਮ 5:30 ਵਜੇ ਤੋਂ ਰਾਤ 10:30 ਵਜੇ ਤੱਕ ਦੀਵਾਨ ਸਜਾਏ ਜਾਣਗੇ । 15 ਨਵੰਬਰ (ਸ਼ੁਕਰਵਾਰ) ਸਵੇਰੇ ਅਖੰਡ ਪਾਠ ਆਰਭ ਹੋਣਗੇ ਤੇ 17 ਨਵੰਬਰ (ਐਤਵਾਰ) ਸਵੇਰੇ ਭੋਗ ਪੈਣਗੇ ।

ਸਮੂਹ ਸੰਗਤ ਅੱਗੇ ਬੇਨਤੀ ਹੈ ਕਿ ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਜਿੱਥੇ ਆਪ ਆਉਣਾ ਹੈ ਉਥੇ ਹੋਰਨਾ ਨੂੰ ਵੀ ਪ੍ਰੇਰਨਾ ਹੈ ਅਤੇ ਜਨਮ ਸਫਲ ਕਰਨਾ ਹੈ।

ਗੁਰਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 25 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕੀ 10 ਨਵੰਬਰ ਨੂੰ ਸਮਾਪਤ ਹੋਣਗੀਆ।

ਸਮੂਹ ਸੰਗਤਾਂ ਦਾ ਇਸ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ ਬਹੁਤ ਧਨੰਵਾਦ।

ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

ਵਧੇਰੇ ਜਾਣਕਾਰੀ ਲਈ 718-343-1030 ਤੇ ਕਾਲ ਕਰੋ ਜੀ ।

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone # 718.343.1030



ਵਿਸ਼ੇਸ਼ ਕੀਰਤਨ ਦਰਬਾਰ ਦਾ ਸਿੱਧਾ ਪ੍ਰਸਾਰਣ ਗੁਰਦੁਆਰਾ ਸੰਤ ਸਾਗਰ ਦੇ ਟੀ. ਵੀ. ਚੈਨਲ, ਯੂਟਿਊਬ ਅਤੇ ਫੇਸਬੁਕ ਤੇ ਦੇਖ ਸਕਦੇ ਹੋ।

Watch LIVE on GURDWARA SANT SAGAR's IPTV Channel, YouTube Channel & Facebook Page

Print by : PrintLinkers.com # 347-475-5555 ( Dilpreet Singh )

# ਗਾਖਲ ਪਰਿਵਾਰ ਗੁਰਦੁਆਰਾ ਨਨਕਾਣਾ ਸਾਹਿਬ 'ਚ ਲਗਾਏਗਾ ਪਾਣੀ ਦੀ ਛਬੀਲ

**ਸਾਨ ਫਰਾਂਸਿਸਕੋ (ਐੱਸ. ਅਸ਼ੋਕ ਭੌਰਾ):** ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਨਨਕਾਣਾ ਸਾਹਿਬ ਦੇ ਸਹਿਯੋਗ ਨਾਲ ਗਾਖਲ ਗਰੁੱਪ ਯੂ.ਐੱਸ.ਏ. ਤੇ ਗਾਖਲ ਪਰਿਵਾਰ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ 13 ਤੋਂ 16 ਨਵੰਬਰ ਤੱਕ ਕਰਵਾਏ ਜਾ ਰਹੇ ਸਮਾਗਮਾਂ ਦੌਰਾਨ ਸੰਗਤਾਂ ਲਈ ਬੋਤਲਾਂ ਵਾਲੇ ਪਾਣੀ ਦੀ ਛਬੀਲ ਲਗਾਈ ਜਾ ਰਹੀ ਹੈ। ਇਸ ਮੌਕੇ ਅਮੋਲਕ ਸਿੰਘ ਗਾਖਲ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਬੀਬੀ ਇੰਦਰਜੀਤ ਕੌਰ ਗਾਖਲ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਉੱਤੇ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਹੈ ਜੋ ਇਹ ਸੇਵਾ ਕਰ ਰਹੇ ਹਨ ਅਤੇ ਅਗਾਂਹ ਵੀ ਕਰਦੇ ਰਹਿਣਗੇ। ਉਨ੍ਹਾਂ ਵਿਦੇਸ਼ ਵਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਕਰਨ ਜ਼ਰੂਰ ਪਹੁੰਚਣ ਅਤੇ ਦਸਵੰਧ ਜ਼ਰੂਰ ਕੱਢਣ।



*ਗਾਖਲ ਗਰੁੱਪ ਯੂ.ਐੱਸ.ਏ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਆਪਣੀ ਧਰਮ ਪਤਨੀ ਬੀਬੀ ਇੰਦਰਜੀਤ ਕੌਰ ਗਾਖਲ ਨਾਲ।*


## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ * ਜੋੜੇ ਨੂੰ ਪਹਿਲ

## Restaurant Help Wanted

Immediately hiring Chef and Tandoori Chef for Indian restaurant in Murfreesboro, TN.
*Good salary, free accommodation & Food.
* Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ
ਫੋਨ: 629-295-6982
Direct call or What's up call 615-482-5158





## UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**



## SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

*EARLY BIRD SALE!!!!*

Domestic fares available



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746



# Matrimonials

## ਲੜਕੇ ਦੀ ਲੋੜ ਹੈ

Ramgharia Family looking for a suitable match for their Canada PR 25, 5'4" daughter. Girl has Done Computer engineering diploma and currently studying Cybersecurity in bachelors. She is working as Cyber security supervisor. Please Contact us at : 639-895-1350. 46-49

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773. 44-47

## ਲੜਕੀ ਦੀ ਲੋੜ ਹੈ

Jat Sikh parents looking for a suitable match for their 27, 6'-0" son, born & raised in the US. He is currently an AVP for an investment bank and resides in Chicago. Looking for a match from Jat Sikh family, U.S. or Canadian Citizen. Please contact us at 1-224-545-1048 or singhpaul696@gmail.com 45-48

Seeking gursikh and educated match for Saini sikh turbaned boy. 97 born, 5'4". B.Tech from IIT, Guwahati. Working as Sr. Engineer in MNC in Bangalore. Serious enquiries, please contact us at: 765-570-0149 (USA) or 98182-87307 (INDIA) 44-47

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ। 41-44

Jatt Sikh family residing in SF Bay area California looking for a suitable match in US/Canada/India for their US born and raised 24, 5'10" son. He has done a Bachelor degree from UCLA and Masters from UCSF in Computer Science and BioMedical Imaging. Boy wears a turban and keeps his hair. He is employed with a high salary in a reputed company in the SF Bay Area. Beyond education, girl must possess a joint family-oriented mindset with good moral family values. Please Contact ph: 510 861 6491 or email: pgrrealty@gmail.com 37-40



## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ? ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**
**HOMEOPATHIC NATURAL MEDICINES**

When Tired of all Treatments, For any Disease, At any Age, Try Alternative Treatment



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

**Ph: (408) 687-1899**
**(925) 557-9093**

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577 State of CA

# ਹਵਾਈ ਅੱਡਿਆਂ 'ਤੇ ਸਿੱਖ ਮੁਲਾਜ਼ਮਾਂ ਦੇ ਕਿਰਪਾਨ ਪਹਿਨਣ 'ਤੇ ਪਾਬੰਦੀ ਖਿਲਾਫ ਰੋਹ

**ਅੰਮ੍ਰਿਤਸਰ:** ਭਾਰਤ ਦੇ ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ ਵੱਲੋਂ ਦੇਸ਼ ਦੇ ਹਵਾਈ ਅੱਡਿਆਂ ਉਤੇ ਸੁਰੱਖਿਆ ਸੇਵਾਵਾਂ ਵਿਚ ਤਾਇਨਾਤ ਅੰਮ੍ਰਿਤਧਾਰੀ ਕਰਮਚਾਰੀਆਂ ਦੇ ਕਿਰਪਾਨ ਪਹਿਨਣ 'ਤੇ ਪਾਬੰਦੀ ਲਗਾ ਦਿੱਤੀ ਹੈ। ਭਾਰਤ ਦੇ ਸ਼ਹਿਰੀ ਹਵਾਬਾਜ਼ੀ ਸੁਰੱਖਿਆ ਬਿਊਰੋ ਨੇ ਪਿਛਲੇ ਦਿਨੀਂ ਦੇਸ਼ ਦੇ ਹਵਾਈ ਅੱਡਿਆਂ 'ਤੇ ਸੁਰੱਖਿਆ ਸਬੰਧੀ ਸਰਕੂਲਰ ਜਾਰੀ ਕੀਤਾ ਸੀ। ਇਸ ਵਿਚ ਭਾਰਤ ਦੇ ਹਵਾਈ ਅੱਡਿਆਂ 'ਤੇ ਕੰਮ ਕਰਦੇ ਸਿੱਖ ਕਰਮਚਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਹ ਕਿਰਪਾਨ ਧਾਰਨ ਕਰਕੇ ਡਿਊਟੀ ਨਹੀਂ ਕਰ ਸਕਦੇ। ਇਹ ਮਾਮਲਾ ਸਾਹਮਣੇ ਆਉਣ ਮਗਰੋਂ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਦੇ ਸਬੰਧਤ ਵਿਭਾਗ ਨੂੰ ਪੱਤਰ ਭੇਜਿਆ ਸੀ, ਪਰ ਹੁਣ ਤੱਕ ਕੇਂਦਰ ਸਰਕਾਰ ਵਲੋਂ ਕੋਈ ਜਵਾਬ ਨਹੀਂ ਆਇਆ ਹੈ।

ਉਧਰ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਕੌਮ ਦੀ ਧਾਰਮਿਕ ਆਜ਼ਾਦੀ 'ਤੇ ਹਮਲਾ ਕਰਾਰ ਦਿੱਤਾ ਹੈ। ਜਥੇਦਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਸੰਪਰਕ ਕਰਕੇ ਇਸ ਪਾਬੰਦੀ ਖਿਲਾਫ਼ ਢੁੱਕਵੀ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ।

ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਭਾਰਤ ਨੂੰ ਸਦੀਆਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਸਿੱਖਾਂ ਨੇ 80 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਕਿਰਪਾਨ ਸਿੱਖਾਂ ਨੂੰ ਗੁਰੂ ਸਾਹਿਬਾਨ ਵਲੋਂ ਕਕਾਰ ਵਜੋਂ ਦਿੱਤੀ ਗਈ ਹੈ, ਜੋ ਸਿੱਖੀ ਜੀਵਨ ਦਾ ਅਖਿੱਖੜਵਾਂ ਅੰਗ ਹੈ। ਲਿਹਾਜ਼ਾ ਭਾਰਤ ਦੇ ਹਵਾਈ ਅੱਡਿਆਂ 'ਤੇ ਨੌਕਰੀ ਕਰਨ ਵਾਲੇ ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਕਿਰਪਾਨ ਧਾਰਨ ਕਰਨ ਤੋਂ ਰੋਕਣਾ ਜਿੱਥੇ ਅਸਿੱਧੇ ਤੌਰ 'ਤੇ ਸਿੱਖਾਂ ਨੂੰ ਦੇਸ਼ ਦੀਆਂ ਵੱਖ-ਵੱਖ ਸੇਵਾਵਾਂ ਤੋਂ ਵਾਂਝੇ ਕਰਨ ਦੇ ਤੁਲ ਹੈ, ਉਥੇ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਸਿੱਧਾ ਤੇ ਅਸਹਿਣਯੋਗ ਹਮਲਾ ਹੈ।

ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਨਿਰਦੇਸ਼



ਦਿੱਤਾ ਕਿ ਫੌਰੀ ਭਾਰਤ ਦੇ ਗ੍ਰਹਿ ਮੰਤਰਾਲੇ ਅਤੇ ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਪੱਤਰ ਲਿਖ ਕੇ ਇਸ ਪਾਬੰਦੀ ਵਿਰੁੱਧ ਸਿੱਖ ਕੌਮ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ ਜਾਵੇ ਅਤੇ ਜਲਦ ਹੀ ਭਾਰਤ ਸਰਕਾਰ ਦੇ ਨਾਲ ਇਸ ਸਬੰਧੀ ਗੱਲਬਾਤ ਕਰਕੇ ਹਵਾਈ ਅੱਡਿਆਂ 'ਤੇ ਨੌਕਰੀ ਕਰਦੇ ਅੰਮ੍ਰਿਤਧਾਰੀ ਕਰਮਚਾਰੀਆਂ ਨੂੰ ਕਿਰਪਾਨ ਧਾਰਨ ਕਰਨ ਦਾ ਅਧਿਕਾਰ ਦਿਵਾਉਣ ਸਬੰਧੀ ਇਕ ਉੱਚ ਪੱਧਰੀ ਵਫਦ ਬਣਾ ਕੇ ਭੇਜਿਆ ਜਾਵੇ।

ਉਧਰ, ਭਾਰਤ ਦੇ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਦੇ ਕਿਰਪਾਨ ਪਹਿਨਣ 'ਤੇ ਲਾਈ ਰੋਕ ਹਟਾਉਣ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਛੇਤੀ ਹੀ ਆਪਣਾ ਇਕ ਵਫ਼ਦ ਕੇਂਦਰ ਸਰਕਾਰ ਦੇ ਨਾਲ ਮੁਲਾਕਾਤ ਲਈ ਭੇਜੇ ਜਾਣ ਦੀ ਸੰਭਾਵਨਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਧਿਆਨ ਵਿਚ ਆਉਣ ਤੋਂ ਤੁਰਤ ਬਾਅਦ ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਨੂੰ ਪੱਤਰ ਭੇਜਿਆ ਸੀ ਪਰ ਹੁਣ ਤੱਕ ਇਸ ਸਬੰਧੀ ਕੇਂਦਰ ਸਰਕਾਰ ਨੇ ਕੋਈ ਹੁੰਗਾਰਾ ਨਹੀਂ ਭਰਿਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਸਿੱਖ ਕਰਮਚਾਰੀ ਪਹਿਲਾਂ ਵੀ ਹਵਾਈ ਅੱਡਿਆਂ 'ਤੇ ਕੰਮ ਕਰ ਰਹੇ ਸਨ ਅਤੇ ਹੁਣ ਅਜਿਹਾ ਹੁਕਮ ਜਾਰੀ ਕਰਨਾ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ। ਸੂਤਰਾਂ ਅਨੁਸਾਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਕੀਤੇ ਗਏ ਆਦੇਸ਼ ਸਬੰਧੀ ਪੱਤਰ ਸ਼੍ਰੋਮਣੀ ਕਮੇਟੀ ਨੂੰ ਮਿਲ ਗਿਆ ਹੈ ਜਿਸ 'ਚ ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਸਬੰਧੀ ਇਕ ਸਿੱਖ ਵਫ਼ਦ ਕੇਂਦਰ ਸਰਕਾਰ ਕੋਲ ਭੇਜਣ ਦੇ ਆਦੇਸ਼ ਕੀਤੇ ਹਨ ਤਾਂ ਜੋ ਇਹ ਰੋਕ ਹਟਾਈ ਜਾ ਸਕੇ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧ ਵਿਚ ਛੇਤੀ ਹੀ ਇੱਕ ਵਫ਼ਦ ਕੇਂਦਰ ਸਰਕਾਰ ਕੋਲ ਭੇਜੇ ਜਾਣ ਦੀ ਸੰਭਾਵਨਾ ਹੈ।

ਫ਼ਤਹਿਗੜ੍ਹ ਸਾਹਿਬ: ਹਵਾਈ ਅੱਡਿਆਂ ਉਤੇ ਕੰਮ ਕਰਨ ਵਾਲੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਦੇ ਧਾਰਮਿਕ (ਚਿੰਨ੍ਹ) ਨਿਸ਼ਾਨੀਆਂ 'ਤੇ ਕੇਂਦਰ ਸਰਕਾਰ ਵੱਲੋਂ ਲਾਈ ਪਾਬੰਦੀ ਬਾਰੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਸ ਦੇਸ਼ ਦੀ ਆਜ਼ਾਦੀ ਲਈ ਸਿੱਖਾਂ ਨੇ 90 ਫ਼ੀਸਦੀ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਉਸੇ ਦੇਸ਼ ਵਿਚ ਮੌਜੂਦਾ ਹਾਕਮ ਸਿੱਖਾਂ ਧਰਮ ਦੀਆਂ ਵਿਰਾਸਤੀ ਨਿਸ਼ਾਨੀਆਂ 'ਤੇ ਪਾਬੰਦੀ ਲਗਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦਾ ਫ਼ੈਸਲਾ ਸਿੱਖ ਕੌਮ ਬਰਦਾਸ਼ਤ ਨਹੀਂ ਕਰੇਗੀ।

## ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਕਕਾਰ (ਕਿਰਪਾਨ) ਪਹਿਨ ਕੇ ਡਿਊਟੀ ਕਰਨ ਤੋਂ ਰੋਕਣ ਦਾ ਸਖ਼ਤ ਨੋਟਿਸ ਲਿਆ ਹੈ। ਉਨ੍ਹਾਂ ਕਿਹਾ ਕਿ ਸਿਵਲ ਏਵੀਏਸ਼ਨ ਸੁਰੱਖਿਆ ਬਿਊਰੋ ਵੱਲੋਂ ਹਾਲ ਹੀ ਵਿਚ ਜਾਰੀ ਕੀਤੇ ਗਏ ਹੁਕਮ ਅਨੁਸਾਰ ਹਵਾਈ ਅੱਡੇ 'ਤੇ ਡਿਊਟੀ ਕਰਨ ਵਾਲੇ ਸਿੱਖ ਕਰਮਚਾਰੀਆਂ ਦੇ ਡਿਊਟੀ ਦੌਰਾਨ ਕਿਰਪਾਨ ਪਹਿਨਣ 'ਤੇ ਰੋਕ ਲਾਉਣੀ ਸਿੱਖਾਂ ਨਾਲ ਧੱਕਾ ਹੈ। ਇਸ ਮਾਮਲੇ ਨੂੰ ਲੈ ਕੇ ਉਨ੍ਹਾਂ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮਮੋਹਨ ਨਾਇਡੂ ਨੂੰ ਪੱਤਰ ਲਿਖ ਕੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਫੈਸਲੇ ਨੂੰ ਤੁਰਤ ਵਾਪਸ ਲੈਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਦੇਸ਼ ਲਈ ਆਪਾ ਵਾਰਨ ਵਾਲੇ ਸਿੱਖਾਂ ਨਾਲ ਆਪਣੇ ਹੀ ਦੇਸ਼ ਵਿਚ ਧੱਕਾ ਕੀਤਾ ਜਾ ਰਿਹਾ ਹੈ।

## ਕੇਂਦਰ ਹੁਕਮ ਤੁਰੰਤ ਵਾਪਸ ਲਵੇ: ਧਾਲੀਵਾਲ

**ਅਜਨਾਲਾ:** ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਭਾਰਤ ਦੇ ਹਵਾਈ ਅੱਡਿਆਂ 'ਤੇ ਡਿਊਟੀ ਦੌਰਾਨ ਅੰਮ੍ਰਿਤਧਾਰੀ ਮੁਲਾਜ਼ਮਾਂ ਨੂੰ ਕਿਰਪਾਨ ਪਹਿਨਣ ਤੋਂ ਰੋਕਣ ਸਬੰਧੀ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਕਿਰਪਾਨ ਪੰਜ ਕੱਕਾਰਾਂ ਦਾ ਜ਼ਰੂਰੀ ਹਿੱਸਾ ਹੈ ਅਤੇ ਇਸ ਨੂੰ ਅੰਮ੍ਰਿਤਧਾਰੀ ਸਿੱਖ ਕਿਸੇ ਵੀ ਹਾਲਤ ਵਿਚ ਆਪਣੇ ਤੋਂ ਵੱਖ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਅੱਜ ਦੁਨੀਆਂ ਭਰ ਵਿਚ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਆਗਿਆ ਦਿੱਤੀ ਜਾ ਰਹੀ ਹੈ ਪਰ ਭਾਰਤ ਵਿਚ ਜਾਰੀ ਕੀਤੇ ਗਏ ਮਨਾਹੀ ਦੇ ਹੁਕਮ ਮੰਦਭਾਗੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਹ ਹੁਕਮ ਤੁਰੰਤ ਵਾਪਸ ਲੈਣੇ ਚਾਹੀਦੇ ਹਨ। ਇਹ ਸਿੱਖਾਂ ਦੀ ਧਾਰਮਿਕ ਆਜ਼ਾਦੀ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਕਦੇ ਵੀ ਸਹਿਣ ਨਹੀਂ ਕੀਤਾ ਜਾ ਸਕਦਾ।

# ਚੀਫ ਖਾਲਸਾ ਦੀਵਾਨ ਵੱਲੋਂ ਸਿੱਖ ਐਜੂਕੇਸ਼ਨ ਬੋਰਡ ਬਣਾਉਣ ਦਾ ਫੈਸਲਾ

**ਅੰਮ੍ਰਿਤਸਰ:** ਸਿੱਖ ਧਾਰਮਿਕ ਤੇ ਵਿੱਦਿਅਕ ਸੰਸਥਾ ਚੀਫ ਖ਼ਾਲਸਾ ਦੀਵਾਨ ਨੂੰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸਿੱਖ ਐਜੂਕੇਸ਼ਨ ਬੋਰਡ ਸਥਾਪਿਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਦਾ ਖੁਲਾਸਾ ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਸ ਸਬੰਧੀ ਚੀਫ ਖ਼ਾਲਸਾ ਦੀਵਾਨ ਵੱਲੋਂ ਅਕਾਲ ਤਖ਼ਤ ਨੂੰ ਅਪੀਲ ਕੀਤੀ ਗਈ ਸੀ। ਸ੍ਰੀ ਨਿੱਝਰ ਨੇ ਦਾਅਵਾ ਕੀਤਾ ਕਿ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਚੀਫ ਖ਼ਾਲਸਾ ਦੀਵਾਨ ਦੇ ਵਿੱਦਿਅਕ ਖੇਤਰ ਵਿਚ ਪਾਏ ਅਹਿਮ ਯੋਗਦਾਨ ਦੇ ਮੱਦੇਨਜ਼ਰ ਦੀਵਾਨ ਨੂੰ ਸਿੱਖ



ਐਜੂਕੇਸ਼ਨ ਬੋਰਡ ਬਣਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਵਿਸ਼ਵ ਪੱਧਰੀ ਸਿੱਖਿਆ ਸ਼ਾਸਤਰੀਆਂ ਦੀਆਂ ਸੇਵਾਵਾਂ ਲੈਣ ਲਈ ਸਬ ਕਮੇਟੀ ਬਣਾ ਕੇ ਇਸ ਕਾਰਜ ਨੂੰ ਸਫਲ ਕਰਨ ਲਈ ਕਿਹਾ ਗਿਆ ਹੈ।

ਚੀਫ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਨਿੱਝਰ, ਮੀਤ ਪ੍ਰਧਾਨ ਜਗਜੀਤ ਸਿੰਘ, ਵਧੀਕ ਆਨਰੇਰੀ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਕੌਮ ਦੇ ਚੰਗੇ ਭਵਿੱਖ ਲਈ ਸਿੱਖ ਐਜੂਕੇਸ਼ਨ ਬੋਰਡ ਸਥਾਪਿਤ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ ਤਾਂ ਕਿ ਸਿੱਖ ਬੱਚਿਆਂ ਨੂੰ ਆਪਣੇ ਧਰਮ ਅਤੇ ਵਿਰਸੇ ਨਾਲ ਜਾਣੂ ਕਰਵਾਉਂਦਿਆਂ ਸਿੱਖ ਮਰਿਆਦਾ, ਸਿੱਖ ਸਿਧਾਂਤਾਂ ਅਤੇ ਸਿੱਖ ਇਤਿਹਾਸ ਨਾਲ ਵੀ ਜੋੜਿਆ ਜਾ ਸਕੇ।

## ਗੁਰਦੁਆਰਾ ਸਿੰਘ ਸਭਾ 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

**ਲੁਧਿਆਣਾ:** ਮਾਡਲ ਟਾਊਨ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦੇ ਦੋਸ਼ ਹੇਠ ਪੁਲਿਸ ਨੇ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਨੇ ਨੰਗੇ ਸਿਰ ਗੁਰਦੁਆਰੇ ਅੰਦਰ ਦਾਖ਼ਲ ਹੋ ਕੇ ਗੁਰੂ ਗ੍ਰੰਥ ਸਾਹਿਬ 'ਤੇ ਕਿੱਲਾਂ ਸੁੱਟੀਆਂ। ਇਸ ਸਬੰਧੀ ਗੁਰਦੁਆਰੇ ਦੇ ਰਾਗੀ ਪਲਵਿੰਦਰ ਸਿੰਘ ਵਾਸੀ ਮੁਹੱਲਾ ਜੁਝਾਰ ਨਗਰ ਸ਼ਿਮਲਾਪੁਰੀ ਨੇ ਦੱਸਿਆ ਕਿ ਉਹ ਆਪਣੇ ਸਾਥੀਆਂ ਰਜਿੰਦਰ ਸਿੰਘ ਅਤੇ ਜਗਜੀਤ ਸਿੰਘ ਸਮੇਤ ਕੀਰਤਨ ਕਰ ਰਿਹਾ ਸੀ ਅਤੇ ਗਿਆਨੀ ਸਾਹਿਬ ਸਿੰਘ ਸਾਬਰ ਤਾਬਿਆ ਵਿਚ ਸੇਵਾ ਨਿਭਾਅ ਰਹੇ ਸਨ। ਇਸ ਦੌਰਾਨ ਅਜੈ ਕੁਮਾਰ ਵਾਸੀ ਵਾਸੀ ਡਾ. ਅੰਬੇਡਕਰ ਨਗਰ ਨੰਗੇ ਸਿਰ ਦਰਬਾਰ ਸਾਹਿਬ ਅੰਦਰ ਦਾਖ਼ਲ ਹੋ ਗਿਆ। ਉਸ ਨੇ ਪਹਿਲਾਂ ਤਾਂ ਦੋ ਵਾਰ ਮੱਥਾ ਟੇਕਿਆ ਅਤੇ ਫਿਰ ਕਿੱਲਾਂ ਗੁਰੂ ਗ੍ਰੰਥ ਸਾਹਿਬ ਵੱਲ ਸੁੱਟ ਦਿੱਤੀਆਂ। ਰਾਗੀ ਜਥੇ ਨੇ ਉਸ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ।

# ਸ਼੍ਰੋਮਣੀ ਕਮੇਟੀ ਚੋਣ ਜਿੱਤਣ ਲਈ ਅਕਾਲੀ ਦਲ ਨੇ ਸੌਦਾ ਕੀਤਾ: ਜਗੀਰ ਕੌਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਅਕਾਲੀ ਦਲ ਉਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਜਿੱਤਣ ਲਈ ਕਾਂਗਰਸ, 'ਆਪ' ਤੇ ਭਾਜਪਾ ਨਾਲ ਸੌਦੇਬਾਜ਼ੀ ਕਰਨ ਦੇ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਕਮੇਟੀ ਚੋਣਾਂ ਜਿੱਤਣ ਲਈ ਸਾਰੀਆਂ ਪਾਰਟੀਆਂ ਨਾਲ ਸੌਦੇਬਾਜ਼ੀ ਕੀਤੀ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੀਆਂ ਚਾਰ ਜ਼ਿਮਨੀ ਚੋਣਾਂ ਲੜਨ ਤੋਂ ਪਾਸਾ ਵੱਟ ਕੇ ਪਾਰਟੀ ਦਾ ਭਵਿੱਖ ਦਾਅ 'ਤੇ ਲਗਾ ਦਿੱਤਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ 'ਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੋਂ ਆਜ਼ਾਦਾਨਾ ਰੂਪ ਵਿਚ ਆਪਣੀ ਵੋਟ ਪਾਉਣ ਦਾ ਅਧਿਕਾਰ ਅਸਿੱਧੇ ਢੰਗ ਨਾਲ ਹੱਕ ਖੋਹਿਆ ਗਿਆ। ਉਨ੍ਹਾਂ ਕਿਹਾ ਕਿ ਬਾਦਲ ਧੜੇ ਨੇ ਕਾਂਗਰਸ ਨਾਲ ਸਬੰਧਤ ਦੋ ਮੈਂਬਰਾਂ ਨੂੰ ਵੋਟ ਪਾਉਣ ਤੋਂ ਰੋਕਿਆ, ਜਦੋਂਕਿ 'ਆਪ' ਨਾਲ ਸਬੰਧਤ ਮੈਂਬਰਾਂ ਨੇ ਐਡਵੋਕੇਟ ਧਾਮੀ ਨੂੰ ਵੋਟ ਪਾਈ। ਸ਼੍ਰੋਮਣੀ ਅਕਾਲੀ ਦਲ ਨੇ



ਐਸ.ਜੀ.ਪੀ.ਸੀ. ਪ੍ਰਧਾਨ ਦੇ ਅਹੁਦੇ ਲਈ ਜ਼ਿਮਨੀ ਚੋਣਾਂ 'ਚ ਪਾਰਟੀ ਦੀ ਕੁਰਬਾਨੀ ਦੇ ਦਿੱਤੀ।

ਬੀਬੀ ਜਗੀਰ ਕੌਰ ਨੇ ਸਿੱਖ ਕੌਮ ਨੂੰ ਬੇਨਤੀ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਤਕੜਾ ਕਰਨਾ ਜ਼ਰੂਰੀ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੂੰ ਸੁਖਬੀਰ ਬਾਦਲ ਤੇ ਹੋਰਨਾਂ ਤੋਂ ਮੁਕਤ ਕਰਵਾਇਆ ਜਾਵੇ। ਇਸ ਸਬੰਧੀ ਸਾਰਿਆਂ ਨੂੰ ਗੱਲਬਾਤ ਕਰਨੀ ਚਾਹੀਦੀ ਹੈ।

# ਪ੍ਰਕਾਸ਼ ਪੁਰਬ: ਪਾਕਿਸਤਾਨ ਵੱਲੋਂ 1481 ਸ਼ਰਧਾਲੂਆਂ ਨੂੰ ਵੀਜ਼ੇ ਦੇਣ ਤੋਂ ਨਾਂਹ

**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਿੱਖ ਜਥੇ ਵਿਚੋਂ ਪਾਕਿਸਤਾਨੀ ਹਾਈ ਕਮਿਸ਼ਨ ਵੱਲੋਂ 1481 ਸ਼ਰਧਾਲੂਆਂ ਨੂੰ ਵੀਜ਼ੇ ਦੇਣ ਤੋਂ ਨਾਂਹ ਕਰ ਦਿੱਤੀ ਗਈ ਹੈ ਤੇ ਸ਼੍ਰੋਮਣੀ ਕਮੇਟੀ ਦੇ ਸਿਰਫ 763 ਸ਼ਰਧਾਲੂਆਂ ਨੂੰ ਵੀਜ਼ੇ ਦਿੱਤੇ ਗਏ ਹਨ।

ਵੱਡੀ ਗਿਣਤੀ ਸ਼ਰਧਾਲੂਆਂ ਨੂੰ ਵੀਜ਼ੇ ਨਾ ਦੇਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਦਾਇਰ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ 2244 ਸ਼ਰਧਾਲੂਆਂ ਦੇ ਪਾਸਪੋਰਟ ਦਿੱਲੀ ਸਥਿਤ ਪਾਕਿਸਤਾਨ ਹਾਈ ਕਮਿਸ਼ਨ ਨੂੰ ਭੇਜੇ ਗਏ ਸਨ, ਜਿਨ੍ਹਾਂ ਵਿਚੋਂ 1481



ਨੂੰ ਵੀਜ਼ਾ ਨਾ ਦੇਣਾ ਮੰਦਭਾਗਾ ਹੈ। ਸ਼੍ਰੋਮਣੀ ਕਮੇਟੀ ਨੂੰ ਪਹਿਲਾਂ ਜਥੇ ਵਿਚ ਹਮੇਸ਼ਾ ਕੋਟੇ ਅਨੁਸਾਰ ਵੀਜ਼ੇ ਮਿਲਦੇ ਸਨ, ਪਰ ਇਸ ਵਾਰ ਐਨੀ ਵੱਡੀ ਗਿਣਤੀ ਸ਼ਰਧਾਲੂਆਂ ਦੇ ਵੀਜ਼ੇ ਕੱਟ ਦਿੱਤੇ ਜਾਣ ਕਾਰਨ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਵੱਲ ਵਿਸ਼ੇਸ਼ ਗੌਰ ਕਰਨੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪਹਿਲਾਂ ਵੀ ਉਨ੍ਹਾਂ ਨੇ ਇਹ ਮਾਮਲਾ ਸਰਕਾਰਾਂ ਕੋਲ ਉਠਾਇਆ ਹੈ।

ਇਸ ਮਾਮਲੇ ਨੂੰ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਕੋਲ ਉਠਾਇਆ ਜਾਵੇਗਾ। ਦੇਸ਼ ਵੰਡ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਹੋਏ ਸਮਝੌਤੇ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਸਿੱਖ ਸ਼ਰਧਾਲੂਆਂ ਦੇ ਚਾਰ ਜਥੇ ਪਾਕਿਸਤਾਨ ਭੇਜੇ ਜਾਂਦੇ ਹਨ ਜਿਸ ਤਹਿਤ ਸਿੱਖ ਸ਼ਰਧਾਲੂਆਂ ਦਾ ਸਭ ਤੋਂ ਵੱਡਾ ਜਥਾ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਅਤੇ ਵਿਸਾਖੀ ਮੌਕੇ ਭੇਜਿਆ ਜਾਂਦਾ ਹੈ।

ਦੋਵਾਂ ਗੁਰਪੁਰਬ ਮੌਕੇ ਲਗਪਗ 3000 ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜਾਂਦਾ ਹੈ ਜਦੋਂਕਿ ਬਾਕੀ ਦੋ ਵਾਰ 500-500 ਸਿੱਖ ਸ਼ਰਧਾਲੂਆਂ ਦਾ ਜਥਾ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜਾਂਦਾ ਹੈ। ਇਨ੍ਹਾਂ ਜਥਿਆਂ ਦੌਰਾਨ ਸ਼੍ਰੋਮਣੀ ਕਮੇਟੀ ਨੂੰ 60 ਫੀਸਦੀ ਸ਼ਰਧਾਲੂ ਭੇਜਣ ਦਾ ਹੱਕ ਪ੍ਰਾਪਤ ਹੈ, ਜਦੋਂ ਕਿ ਬਾਕੀ 40 ਫੀਸਦ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਸ਼ਰਧਾਲੂ ਭੇਜੇ ਜਾਂਦੇ ਹਨ।

# ਪੰਜਾਬ 'ਵਰਸਿਟੀ ਬਚਾਓ ਮੋਰਚਾ: ਸਿਆਸੀ ਧਿਰਾਂ ਇਕਜੁੱਟ ਹੋਈਆਂ

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਵਾਈਸ ਚਾਂਸਲਰ ਦਫ਼ਤਰ ਅੱਗੇ ਪੀਯੂ ਸੈਨੇਟ ਬਚਾਓ ਮੋਰਚੇ ਵੱਲੋਂ ਦਿੱਤੇ ਜਾ ਰਹੇ ਧਰਨੇ ਵਿਚ 'ਆਪ' ਆਗੂਆਂ ਦੀ ਸ਼ਮੂਲੀਅਤ ਤੋਂ ਬਾਅਦ ਉਸ ਵੇਲੇ ਹੋਰ ਜੋਸ਼ ਭਰ ਗਿਆ, ਜਦੋਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੇ ਧਰਨੇ 'ਚ ਸ਼ਾਮਲ ਹੁੰਦਿਆਂ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਇਕਜੁੱਟ ਹੋਣ ਦਾ ਐਲਾਨ ਕਰ ਦਿੱਤਾ।

ਧਰਨੇ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਭੂੰਦੜ, ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਮੁਖੀ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ, ਸਾਬਕਾ ਕੈਬਨਿਟ ਮੰਤਰੀ ਪਰਗਟ ਸਿੰਘ, ਸਾਬਕਾ ਕਾਂਗਰਸੀ ਵਿਧਾਇਕ ਕੁਲਜੀਤ ਸਿੰਘ ਨਾਗਰਾ, ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ, ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ, ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਕਿੱਕੀ




ਢਿੱਲੋਂ, ਯੂਥ ਕਾਂਗਰਸੀ ਆਗੂ ਬਰਿੰਦਰ ਸਿੰਘ ਢਿੱਲੋਂ, ਪੱਤਰਕਾਰ ਹਮੀਰ ਸਿੰਘ ਅਤੇ ਦੀਪਕ ਸ਼ਰਮਾ ਚਨਾਰਥਲ ਨੇ ਸ਼ਿਰਕਤ ਕੀਤੀ।

ਇਸ ਤੋਂ ਪਹਿਲਾਂ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਇਸ ਮਸਲੇ 'ਤੇ ਅੱਗੇ ਹੋ ਕੇ ਲੜਾਈ ਲੜਨ ਲਈ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਪੂਰਨ ਹਮਾਇਤ ਦਾ ਭਰੋਸਾ ਦਿੱਤਾ। ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ 'ਤੇ ਕੇਂਦਰ ਨੂੰ ਕਾਬਜ਼ ਨਹੀਂ ਹੋਣ ਦਿੱਤਾ ਜਾਵੇਗਾ। ਡਾ. ਪਿਆਰੇ ਲਾਲ ਗਰਗ ਨੇ ਸੈਨੇਟ ਦੀ ਲੜਾਈ ਲੜਨ ਲਈ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਇਕ ਕਮੇਟੀ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਡਾ. ਦਲਜੀਤ ਸਿੰਘ ਚੀਮਾ ਨੇ ਪੰਜਾਬ ਯੂਨੀਵਰਸਿਟੀ ਵਿਚ ਸੈਨੇਟ ਦੇ ਖ਼ਾਤਮੇ ਲਈ 'ਆਪ ਸਰਕਾਰ ਨੂੰ ਦੋਸ਼ੀ ਠਹਿਰਾਇਆ ਅਤੇ ਕਿਹਾ ਕਿ 2022 ਵਿੱਚ ਰਾਜਸਥਾਨ 'ਚ ਕੇਂਦਰੀ ਗ੍ਰਹਿ ਮੰਤਰੀ ਦੀ ਹਾਜ਼ਰੀ ਵਿਚ ਇਕ ਜ਼ੋਨਲ ਮੀਟਿੰਗ ਵਿਚ ਇਸ ਦੇ ਖ਼ਾਤਮੇ ਦੀ ਨੀਂਹ ਰੱਖੀ ਗਈ ਸੀ ਜਿਸ ਮੀਟਿੰਗ ਵਿਚ ਮੌਜੂਦਾ ਵਿੱਤ ਮੰਤਰੀ ਪੰਜਾਬ ਹਰਪਾਲ ਚੀਮਾ ਅਤੇ ਅਰਵਿੰਦ ਕੇਜਰੀਵਾਲ ਵੀ ਮੌਜੂਦ ਸਨ। ਸਾਬਕਾ ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਮੌਜੂਦਾ ਪੰਜਾਬ ਸਰਕਾਰ ਤੋਂ ਸਵਾਲ ਪੁੱਛਿਆ ਕਿ 'ਕੀ ਸਰਕਾਰ ਨੇ ਰਾਜਸਥਾਨ ਦੀ ਜ਼ੋਨਲ ਮੀਟਿੰਗ ਵਿਚ ਪੰਜਾਬ ਯੂਨੀਵਰਸਿਟੀ ਬਾਰੇ ਕੋਈ ਸਹਿਮਤੀ ਦਿੱਤੀ ਸੀ ਜਾਂ ਨਹੀਂ।

## ਯੂਨੀਵਰਸਿਟੀ 'ਤੇ ਕੇਂਦਰ ਨੂੰ ਕਾਬਜ਼ ਨਹੀਂ ਹੋਣ ਦਿਆਂਗੇ: ਭੂੰਦੜ

**ਚੰਡੀਗੜ੍ਹ:** ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਇਸ ਮਸਲੇ 'ਤੇ ਅੱਗੇ ਹੋ ਕੇ ਲੜਾਈ ਲੜਨ ਲਈ ਵਿਦਿਆਰਥੀਆਂ ਦੀ ਹੌਸਲਾ-ਅਫ਼ਜ਼ਾਈ ਕੀਤੀ ਅਤੇ ਉਨ੍ਹਾਂ ਨੂੰ ਪੂਰਨ ਹਮਾਇਤ ਦਾ ਭਰੋਸਾ ਦਿੱਤਾ। ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ 'ਤੇ ਕੇਂਦਰ ਨੂੰ ਕਾਬਜ਼ ਨਹੀਂ ਹੋਣ ਦਿੱਤਾ ਜਾਵੇਗਾ। ਡਾ. ਪਿਆਰੇ ਲਾਲ ਗਰਗ ਨੇ ਸੈਨੇਟ ਦੀ ਲੜਾਈ ਲੜਨ ਲਈ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੀ ਇਕ ਕਮੇਟੀ ਬਣਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

## ਭਾਜਪਾ ਪ੍ਰਧਾਨ ਸੁਨੀਲ ਜਾਖੜ ਨੂੰ ਅਕਾਲੀ ਦਲ ਦਾ ਹੇਜ ਜਾਗਿਆ



**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦਾ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਹੇਜ ਜਾਗ ਗਿਆ ਹੈ, ਜਿਨ੍ਹਾਂ ਆਖਿਆ ਹੈ ਕਿ ਅੱਜ ਪੰਥ ਅਤੇ ਪੰਜਾਬ ਦੇ ਹਿੱਤਾਂ ਲਈ ਅਕਾਲੀ ਦਲ ਦੀ ਹੋਂਦ ਜ਼ਰੂਰੀ ਹੈ। ਸੁਨੀਲ ਜਾਖੜ ਨੇ ਐਕਸ 'ਤੇ ਕਿਹਾ ਕਿ ਪੰਥ ਦੀ ਨੁਮਾਇੰਦਗੀ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਅੱਜ ਦੇ ਹਾਲਾਤਾਂ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੋਚਣ ਵਾਲੀ ਗੱਲ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਤਨਖਾਹੀਆ ਕਰਾਰ ਦਿੱਤੇ ਹੋਣ ਕਾਰਨ ਪਾਰਟੀ ਆਪਣੇ ਗੜ੍ਹ 'ਚ ਵੀ ਜ਼ਿਮਨੀ ਚੋਣਾਂ ਲੜਨ ਦੀ ਹਿੰਮਤ ਨਹੀਂ ਕਰ ਸਕੀ। ਜਾਖੜ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਵੱਡੇ ਗੁਨਾਹ ਹੋਏ ਹਨ। ਇਨ੍ਹਾਂ ਗੁਨਾਹਾਂ ਲਈ ਗੁਨਾਹਗਾਰਾਂ ਨੂੰ ਅਹਿਸਾਸ ਦਿਵਾਉਣ ਲਈ ਸਜ਼ਾ (ਤਨਖਾਹ ਲੱਗਣੀ) ਮਿਲਣੀ ਵੀ ਜ਼ਰੂਰੀ ਹੈ ਪਰ ਤਨਖਾਹ ਕੀ ਅਤੇ ਕਿੰਨੀ ਸਖ਼ਤ ਹੋਵੇ, ਇਸ ਦਾ ਫੈਸਲਾ ਕਰਨ ਸਮੇਂ ਇਹ ਤੱਥ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਇਸ ਦਾ ਅਸਰ ਸਿਰਫ਼ ਕੁਝ ਵਿਅਕਤੀਆਂ 'ਤੇ ਨਹੀਂ ਸਗੋਂ ਪੰਥ ਦੀ ਨੁਮਾਇੰਦਗੀ ਕਰਦੀ ਸਿਆਸੀ ਪਾਰਟੀ ਦਾ ਭਵਿੱਖ ਵੀ ਨਿਰਧਾਰਤ ਕਰੇਗਾ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੱਥ ਜੋੜ ਕੇ ਬੇਨਤੀ ਕਿ ਗੁਨਾਹਗਾਰਾ ਨੂੰ ਸਜ਼ਾ ਲਗਾਉਂਦੇ ਹੋਏ ਪੰਥਕ ਪਾਰਟੀ ਨੂੰ ਬਚਾ ਕੇ ਰੱਖਣ ਦਾ ਵੀ ਧਿਆਨ ਰੱਖਿਆ ਜਾਵੇ।

# ਦਿੱਲੀ-ਕੱਟੜਾ ਐਕਸਪ੍ਰੈੱਸਵੇਅ 'ਚ ਰੁਕਾਵਟ ਲਈ ਪੰਜਾਬ ਸਰਕਾਰ ਨੂੰ ਝਾੜ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਰਕਾਰੀ ਅਫਸਰਾਂ ਦੇ ਢਿੱਲੇ ਰਵੱਈਏ ਕਾਰਨ ਅਹਿਮ ਰਾਜਮਾਰਗ ਬੁਨਿਆਦੀ ਢਾਂਚਾ ਪ੍ਰੋਜੈਕਟਾਂ 'ਚ ਰੁਕਾਵਟ ਪੈਣ ਲਈ ਪੰਜਾਬ ਸਰਕਾਰ ਨੂੰ ਝਾੜ ਪਾਈ ਹੈ। ਮੌਜੂਦਾ ਸਥਿਤੀ ਨੂੰ ਗੰਭੀਰ ਦੱਸਦਿਆਂ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਸੂਬੇ ਦੇ ਮੁੱਖ ਸਕੱਤਰ ਤੇ ਡੀ.ਜੀ.ਪੀ. ਨੂੰ ਕੱਟੜਾ-ਦਿੱਲੀ ਐਕਸਪ੍ਰੈੱਸਵੇਅ ਲਈ ਐਨ.ਐਚ.ਏ.ਆਈ. ਲਈ ਬਿਨਾਂ ਅੜਿੱਕਾ ਜ਼ਮੀਨ ਮੁਹੱਈਆ ਕਰਨ ਲਈ ਵੀ ਕਿਹਾ ਹੈ।

ਜਸਟਿਸ ਸੁਰੇਸ਼ਵਰ ਠਾਕੁਰ ਤੇ ਜਸਟਿਸ ਕੁਲਦੀਪ ਤਿਵਾੜੀ ਦੇ ਡਿਵੀਜ਼ਨ ਬੈਂਚ ਨੇ ਉਨ੍ਹਾਂ ਨੂੰ ਐਨ.ਐਚ.ਏ.ਆਈ. ਅਤੇ ਉਸ ਦੇ ਠੇਕੇਦਾਰਾਂ ਨੂੰ ਤੁਰਤ ਕੰਮ ਮੁੜ ਤੋਂ ਸ਼ੁਰੂ ਕਰਨ ਦੇ ਸਮਰੱਥ ਬਣਾਉਣ ਲਈ ਲੋੜੀਂਦੀ ਸੁਰੱਖਿਆ ਯਕੀਨੀ ਬਣਾਉਣ ਦਾ ਨਿਰਦੇਸ਼ ਦਿੱਤਾ।




ਅਦਾਲਤ ਨੇ ਨਾਲ ਹੀ ਅਮਲ 'ਚ ਲਿਆਂਦੀ ਗਈ ਕਾਰਵਾਈ ਬਾਰੇ ਰਿਪੋਰਟ ਪੇਸ਼ ਕਰਨ ਦਾ ਵੀ ਨਿਰਦੇਸ਼ ਦਿੱਤਾ। ਪੰਜਾਬ ਦੇ ਅਧਿਕਾਰੀਆਂ ਵੱਲੋਂ ਜ਼ਮੀਨ ਦਾ ਕਬਜ਼ਾ ਦੇਣ ਦੀ ਮਿਆਦ 15 ਅਕਤੂਬਰ ਤੋਂ ਵਧਾ ਕੇ 15 ਦਸੰਬਰ ਕਰਨ ਦੇ ਇਕਪਾਸੜ ਫ਼ੈਸਲੇ ਮਗਰੋਂ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਝਾੜ ਪਾਉਂਦਿਆਂ ਇਹ ਨਿਰਦੇਸ਼ ਜਾਰੀ ਕੀਤੇ ਹਨ। ਹਾਈ ਕੋਰਟ ਐਨ.ਐਚ.ਏ.ਆਈ. ਤੇ ਹੋਰਾਂ ਵੱਲੋਂ ਦਾਇਰ ਪਟੀਸ਼ਨ ਉਤੇ ਸੁਣਵਾਈ ਕਰ ਰਿਹਾ ਸੀ। ਬੈਂਚ ਨੇ ਕਿਹਾ ਕਿ ਉਸ ਨੇ 20 ਸਬੰਧਤ ਨੂੰ ਪ੍ਰਤੀਵਾਦੀ ਧਿਰ ਨੂੰ ਐਨ.ਐਚ.ਏ.ਆਈ. ਵੱਲੋਂ ਨਿਯੁਕਤ ਠੇਕੇਦਾਰਾਂ ਨੂੰ ਐਕੁਆਇਰ ਜ਼ਮੀਨ ਬਿਨਾਂ ਅੜਿੱਕਾ ਮੁਹੱਈਆ ਕਰਾਉਣ ਦਾ ਨਿਰਦੇਸ਼ ਦਿੱਤਾ ਸੀ ਪਰ ਬੈਂਚ ਸਾਹਮਣੇ ਰੱਖੇ ਗਏ ਹਲਫ਼ਨਾਮੇ ਤੋਂ ਸੰਕੇਤ ਮਿਲਿਆ ਕਿ ਸਮਾਂ ਸੀਮਾ ਦਾ ਪਾਲਣ ਨਹੀਂ ਕੀਤਾ ਗਿਆ ਹੈ।

ਬੈਂਚ ਦੇ ਧਿਆਨ 'ਚ ਲਿਆਂਦਾ ਗਿਆ, 'ਹਾਲਾਂਕਿ 318.37 ਕਿਲੋਮੀਟਰ ਐਕੁਆਇਰ ਕੀਤੀ ਜ਼ਮੀਨ ਦਾ ਸੌ ਫੀਸਦ ਕਬਜ਼ਾ ਐਨ.ਐਚ.ਏ.ਆਈ. ਨੂੰ ਦੇ ਦਿੱਤਾ ਗਿਆ ਹੈ। ਤਰਨ ਤਾਰਨ ਤੇ ਮਾਲੇਰਕੋਟਲਾ ਜ਼ਿਲ੍ਹਿਆਂ 'ਚ ਪੰਜ ਕਿਲੋਮੀਟਰ ਲੰਮੇ ਮਾਰਗ 'ਤੇ ਕੰਮ ਮੁੜ ਸ਼ੁਰੂ ਕਰਨ ਲਈ ਪੁਲਿਸ ਦੀ ਮਦਦ ਦੀ ਲੋੜ ਹੈ।'

# ਹਰਿਆਣਾ ਵਿਚ ਲਿੰਗ ਅਨੁਪਾਤ ਬਾਰੇ ਚਿੰਤਾਜਨਕ ਅੰਕੜੇ ਸਾਹਮਣੇ ਆਏ

**ਚੰਡੀਗੜ੍ਹ:** ਹਰਿਆਣਾ ਲਈ ਚਿੰਤਾਜਨਕ ਅੰਕੜੇ ਸਾਹਮਣੇ ਆਏ ਹਨ। ਅਜਿਹਾ ਰਾਜ ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਹਾਕਾ ਪਹਿਲਾਂ ਅਹਿਮ ਯੋਜਨਾ 'ਬੇਟੀ ਬਚਾਓ, ਬੇਟੀ ਪੜ੍ਹਾਓ ਲਈ ਆਪਣੇ ਹੱਥੀਂ ਚੁਣਿਆ ਹੋਵੇ, ਉਥੇ 10 ਮਹੀਨਿਆਂ ਦੇ ਵਕਫ਼ੇ 'ਚ ਇਸ ਸਾਲ (ਜਨਵਰੀ ਤੋਂ ਅਕਤੂਬਰ ਤੱਕ) ਪਿਛਲੇ ਸਾਲ ਦੇ ਮੁਕਾਬਲੇ ਜਨਮ ਦੇ ਲਿੰਗ ਅਨੁਪਾਤ (ਐਸ.ਆਰ.ਬੀ) ਵਿਚ 11 ਅੰਕਾਂ ਦੀ ਗਿਰਾਵਟ ਦਰਜ ਕੀਤੀ ਗਈ ਹੈ। ਹਰਿਆਣਾ ਲੰਮੇ ਸਮੇਂ ਤੋਂ ਲਿੰਗ ਅਨੁਪਾਤ ਦਾ ਸੰਤੁਲਨ ਬਣਾਉਣ ਲਈ ਜੂਝ ਰਿਹਾ ਹੈ। ਜੇਕਰ ਸਰਕਾਰ ਇਸ ਸਾਲ ਦੇ ਅਖ਼ੀਰ ਤੱਕ ਇਸ ਚਿੰਤਾਜਨਕ ਰੁਝਾਨ ਨੂੰ ਮੋੜਾ ਦੇਣ ਵਿਚ ਨਾਕਾਮ ਹੋ ਗਈ ਤਾਂ ਸੂਬਾ ਪਿਛਲੇ ਅੱਠ ਸਾਲਾਂ ਵਿਚ ਆਪਣੇ ਸਭ ਤੋਂ ਹੇਠਲੇ ਐਸ.ਆਰ.ਬੀ. ਪੱਧਰ ਉਤੇ ਪਹੁੰਚ ਸਕਦਾ ਹੈ। ਇਸ



ਰੁਝਾਨ ਨੂੰ ਜਲਦੀ ਤੋੜਨਾ ਮੁਸ਼ਕਿਲ ਕਾਰਜ ਹੈ।

ਹਰਿਆਣਾ 'ਚ ਜਨਮ ਵੇਲੇ ਦਾ ਲਿੰਗ ਅਨੁਪਾਤ ਸਾਲ 2015 ਦੇ 876 ਦੇ ਅੰਕੜੇ ਤੋਂ ਉਪਰ ਵੱਲ ਗਿਆ ਹੈ। 'ਬੇਟੀ ਬਚਾਓ' ਯੋਜਨਾ ਇਸੇ ਸਾਲ ਲਾਂਚ ਕੀਤੀ ਗਈ ਸੀ ਅਤੇ ਇਹ ਅੰਕੜਾ 2019 ਵਿਚ 923 ਤੱਕ ਗਿਆ ਪਰ ਹਾਲ ਦੇ ਸਾਲਾਂ ਵਿਚ ਇਹ ਡਿੱਗਦਾ ਗਿਆ ਹੈ। ਇਹ ਨਿਘਾਰ ਇਸ ਸਰਕਾਰੀ ਯੋਜਨਾ ਨੂੰ ਲਾਗੂ ਕਰਨ ਵਿਚਲੀਆਂ ਖਾਮੀਆਂ ਨੂੰ ਉਭਾਰਦਾ ਹੈ ਜਿਸ ਦਾ ਵਿਆਪਕ ਉਦੇਸ਼ ਬਾਲਿਕਾਵਾਂ ਦੇ ਜਨਮ ਅਤੇ ਹੱਕਾਂ ਬਾਰੇ ਸਮਾਜ ਦੇ ਵਤੀਰੇ 'ਚ ਤਬਦੀਲੀ ਲਿਆਉਣਾ ਹੈ। ਭਰੂਣ ਹੱਤਿਆ ਦੀ ਅਲਾਮਤ ਅਜੇ ਜੜ੍ਹੋਂ ਖ਼ਤਮ ਨਹੀਂ ਹੋ ਸਕੀ ਹੈ। ਕਈ ਥਾਈਂ ਅਜੇ ਵੀ ਇਹ ਧੰਦਾ ਚੱਲ ਰਿਹਾ ਹੈ ਤੇ ਰਿਪੋਰਟ ਘੱਟ ਹੋ ਰਿਹਾ ਹੈ। ਲਿੰਗ ਨਿਰਧਾਰਨ ਟੈਸਟਾਂ ਵਿਚ ਸ਼ਾਮਲ ਵਿਅਕਤੀਆਂ ਵਿਰੁੱਧ ਇਸ ਸਾਲ ਦਰਜ ਐਫ.ਆਈ.ਆਰ. 'ਚ ਆਈ ਵੱਡੀ ਗਿਰਾਵਟ ਨਾਲ ਕਾਨੂੰਨੀ ਸੰਸਥਾਵਾਂ ਤੇ ਸਿਹਤ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਖੜ੍ਹੇ ਹੁੰਦੇ ਹਨ।

ਇਕ ਗੱਲ ਤਾਂ ਸਪੱਸ਼ਟ ਹੈ ਕਿ ਜਦ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀ ਵਾਰੀ ਆਵੇਗੀ ਤਾਂ ਹਰਿਆਣਾ ਪੈਰ ਪਿਛਾਂਹ ਨਹੀਂ ਖਿੱਚ ਸਕਦਾ। ਇਕ ਹੋਰ ਵੱਡੀ ਚੁਣੌਤੀ ਜਨ ਜਾਗਰੂਕਤਾ ਅਤੇ ਲੋਕ ਲਾਮਬੰਦੀ ਰਾਹੀਂ ਪਿਤਰ ਸੱਤਾ ਦੀ ਡੂੰਘੀ ਮਾਨਸਿਕਤਾ ਨੂੰ ਬਦਲਣ ਦੀ ਹੈ। ਰਾਜ ਦੀ 'ਡਬਲ ਇੰਜਣ' ਸਰਕਾਰ ਜਿਸ ਨੇ ਪਿਛਲੇ ਮਹੀਨੇ ਲਗਾਤਾਰ ਤੀਜਾ ਕਾਰਜਕਾਲ ਸੰਭਾਲਿਆ ਹੈ, ਦੀ ਲੋਕਾਂ ਪ੍ਰਤੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਸ ਵਰਤਾਰੇ ਨੂੰ ਰੋਕੇ।

# ਜ਼ਿਮਨੀ ਚੋਣਾਂ: ਸਿਆਸੀ ਧਿਰਾਂ ਵੱਲੋਂ ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ 'ਤੇ ਜ਼ੋਰ

**ਮਹਿਲ ਕਲਾਂ:** ਪੰਜਾਬ ਵਿਚ ਜ਼ਿਮਨੀ ਚੋਣਾਂ ਵਿਚ ਹੁਣ ਗਿਣਵੇਂ ਦਿਨ ਬਚੇ ਹਨ। ਇਸ ਦੌਰਾਨ ਸਿਆਸੀ ਧਿਰਾਂ ਨੇ ਇਕ-ਦੂਜੇ ਖਿਲਾਫ ਦੂਸ਼ਣਬਾਜ਼ੀ ਤੇਜ਼ ਕਰ ਦਿੱਤੀ ਹੈ। ਸਾਬਕਾ ਮੁੱਖ ਮੰਤਰੀ ਅਤੇ ਕਾਂਗਰਸ ਦੇ ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਪਿੰਡ ਅਮਲਾ ਸਿੰਘ ਵਾਲਾ ਵਿਚ ਬਰਨਾਲਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਦੇ ਹੱਕ ਵਿਚ ਚੋਣ ਰੈਲੀ ਨੂੰ ਸੰਬੋਧਨ ਕੀਤਾ। ਚਰਨਜੀਤ ਚੰਨੀ ਨੇ ਕਿਹਾ ਕਿ ਕਾਲੇ ਅੰਗਰੇਜ਼ਾਂ ਦੇ ਰੂਪ ਵਿਚ 'ਆਪ' ਲੋਕਾਂ ਨੂੰ ਲੁੱਟ ਰਹੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਹਰ ਵਰਗ ਨਾਲ ਧੋਖਾ ਕੀਤਾ ਹੈ, ਜਿਸ ਦਾ ਜਵਾਬ ਲੋਕ ਜ਼ਿਮਨੀ ਚੋਣਾਂ ਦੌਰਾਨ ਦੇਣਗੇ। ਭਗਵੰਤ ਮਾਨ ਤੋਂ ਸਰਕਾਰ ਸੰਭਲ ਨਹੀਂ ਰਹੀ, ਜਿਸ ਕਰਕੇ ਕੇਜਰੀਵਾਲ ਸਰਕਾਰ ਚਲਾ ਰਹੇ ਹਨ, ਜਦਕਿ ਭਗਵੰਤ ਮਾਨ ਸ਼ਾਹੀ ਕੈਦੀ ਹਨ। ਕੇਜਰੀਵਾਲ ਨੇ ਸੀ.ਐਮ. ਦਫ਼ਤਰ ਸਣੇ ਹਰ ਮੰਤਰੀ ਅਤੇ ਵਿਧਾਇਕ ਨਾਲ ਇਕ-ਇਕ ਵਿਅਕਤੀ ਦਿੱਲੀ ਦਾ ਲਗਾ ਦਿੱਤਾ ਹੈ। ਪੰਜਾਬ ਦੇ ਡੀ.ਸੀ. ਵੀ ਮੀਟਿੰਗਾਂ ਕਰਨ ਦਿੱਲੀ ਜਾ ਰਹੇ ਹਨ।



ਉਨ੍ਹਾਂ ਕਿਹਾ ਕਿ 'ਆਪ' ਅਤੇ ਭਾਜਪਾ ਦੋਵੇਂ ਸਰਕਾਰਾਂ ਨੇ ਮਿਲ ਕੇ ਸੂਬੇ ਦੇ ਕਿਸਾਨਾਂ ਨੂੰ ਮੰਡੀਆਂ ਵਿਚ ਰੋਲ ਦਿੱਤਾ ਹੈ। 'ਆਪ' ਸਰਕਾਰ ਨਸ਼ੇ ਰੋਕਣ ਵਿਚ ਨਾਕਾਮ ਰਹੀ ਹੈ ਅਤੇ ਆਮ ਆਦਮੀ ਪਾਰਟੀ ਦਲਿਤ ਵਿਰੋਧੀ ਪਾਰਟੀ ਸਾਬਤ ਹੋਈ ਹੈ। ਚੋਣਾਂ ਵੇਲੇ ਕੀਤੇ ਐਲਾਨ ਅਨੁਸਾਰ ਅਜੇ ਤੱਕ ਦਲਿਤ ਡਿਪਟੀ ਸੀ.ਐਮ. ਨਹੀਂ ਲਗਾਇਆ ਗਿਆ, ਜਦਕਿ ਵੋਟਾਂ ਵੇਲੇ ਹੀ ਇਨ੍ਹਾਂ ਨੂੰ ਦਲਿਤਾਂ ਦੀ ਯਾਦ ਆਉਂਦੀ ਹੈ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਆਖਿਆ ਕਿ ਉਹ ਗੈਂਗਸਟਰਾਂ ਵੱਲੋਂ ਲੋਕਾਂ ਨੂੰ ਕਾਂਗਰਸ ਦੇ ਹੱਕ ਵਿਚ ਵੋਟਾਂ ਨਾ ਪਾਉਣ ਦੀਆਂ ਧਮਕੀਆਂ ਦੇਣ ਦਾ ਮੁੱਦਾ ਵਿਧਾਨ ਸਭਾ 'ਚ ਚੁੱਕਣਗੇ। ਹਲਕਾ ਡੇਰਾ ਬਾਬਾ ਨਾਨਕ 'ਚ ਕਾਂਗਰਸ ਉਮੀਦਵਾਰ ਬੀਬੀ ਜਤਿੰਦਰ ਕੌਰ ਰੰਧਾਵਾ ਦੇ ਹੱਕ ਵਿਚ ਚੋਣ ਪ੍ਰਚਾਰ ਕਰਦਿਆਂ ਪ੍ਰਤਾਪ ਬਾਜਵਾ ਨੇ ਕਿਹਾ ਕਿ ਪਿੰਡਾਂ ਤੇ ਕਸਬਿਆਂ 'ਚ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਜਾਨਾਂ ਜਾ ਰਹੀਆਂ ਹਨ। 'ਆਪ' ਸਰਕਾਰ ਵਾਅਦਿਆਂ ਦੇ ਬਾਵਜੂਦ ਨਸ਼ੇ ਖ਼ਤਮ ਨਹੀਂ ਕਰ ਸਕੀ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਉਹ ਅੱਜ ਤੱਕ ਨਸ਼ੇ ਦੀ ਵੱਧ ਮਾਤਰਾ ਕਾਰਨ ਫੌਤ ਹੋਏ ਨੌਜਵਾਨਾਂ ਦੇ ਘਰ ਕਿਉਂ ਨਹੀਂ ਗਏ, ਜਦਕਿ 2022 ਦੀਆਂ ਚੋਣਾਂ ਦੌਰਾਨ ਵਾਅਦਾ ਕੀਤਾ ਸੀ ਕਿ ਇਸ ਤਰ੍ਹਾਂ ਦੀ ਕੋਈ ਮੌਤ ਹੋਈ ਤਾਂ ਉਹ ਪੀੜਤ ਪਰਿਵਾਰ ਤੱਕ ਪਹੁੰਚ ਕਰਨਗੇ। ਬਾਜਵਾ ਨੇ ਆਖਿਆ ਕਿ ਪੰਜਾਬ 'ਚ ਨਸ਼ੇ ਘਟੇ ਨਹੀਂ, ਸਗੋਂ ਵਧੇ ਹਨ ਤੇ ਪੰਜਾਬ ਵਿਚ ਨਸ਼ਿਆਂ ਦੀ ਹੋਮ ਡਿਲਿਵਰੀ ਚੱਲ ਰਹੀ ਹੈ।

## ਆਪ ਸਰਕਾਰ ਦੇ ਕਾਰਜਕਾਲ 'ਚ ਨਸ਼ਾ ਹੋਇਆ ਦੁੱਗਣਾ: ਭਾਜਪਾ

**ਚੰਡੀਗੜ੍ਹ:** ਭਾਜਪਾ ਦੇ ਉਮੀਦਵਾਰ ਕੇਵਲ ਢਿੱਲੋਂ ਦੇ ਹੱਕ ਵਿਚ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਸ਼ਹਿਰ ਦੇ ਪੱਤੀ ਬਾਜਵਾ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਵੱਖ-ਵੱਖ ਮੁੱਦਿਆਂ 'ਤੇ ਘੇਰਿਆ। ਇਸ ਮੌਕੇ ਤਰੁਣ ਚੁੱਘ ਨੇ ਕਿਹਾ ਕਿ ਸੂਬੇ 'ਚ 'ਆਪ' ਦੀ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਭੇਜੇ 43000 ਕਰੋੜ ਰੁਪਏ ਨਾਲ ਝੋਨੇ ਦੇ ਸਹੀ ਪ੍ਰਬੰਧ ਕਰਨ ਵਿਚ ਵੀ ਪੰਜਾਬ ਸਰਕਾਰ ਨਾਕਾਮ ਰਹੀ ਹੈ।

## ਖੇਤੀ ਸੰਕਟ ਲਈ 'ਆਪ' ਤੇ ਭਾਜਪਾ ਜ਼ਿੰਮੇਵਾਰ: ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 'ਆਪ' ਤੇ ਭਾਜਪਾ ਨੂੰ ਸੂਬੇ ਦੇ ਖੇਤੀਬਾੜੀ ਸੰਕਟ ਲਈ ਜ਼ਿੰਮੇਵਾਰ ਠਹਿਰਾਇਆ ਤੇ ਦੋਵਾਂ ਉਤੇ ਇਕ ਦੂਜੇ ਨਾਲ ਰਲ ਕੇ ਪੰਜਾਬ ਦੇ ਖੇਤੀਬਾੜੀ ਅਰਥਚਾਰੇ ਨੂੰ ਤਬਾਹ ਕਰਨ ਦਾ ਦੋਸ਼ ਲਗਾਇਆ। ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ 'ਆਪ' ਤੇ ਭਾਜਪਾ ਦੋਵੇਂ ਰਲ ਕੇ ਨਸ਼ਿਆਂ ਦੇ ਮਾਮਲੇ 'ਤੇ ਝੂਠਾ ਬਿਰਤਾਂਤ ਸਿਰਜ ਰਹੀਆਂ ਹਨ ਤਾਂ ਜੋ ਲੋਕਾਂ ਦਾ ਧਿਆਨ ਸੂਬੇ ਨੂੰ ਦਰਪੇਸ਼ ਮੁਸ਼ਕਿਲਾਂ ਤੋਂ ਪਾਸੇ ਕੀਤਾ ਜਾ ਸਕੇ, ਭਾਵੇਂ ਉਹ ਐਮ.ਐਸ.ਪੀ. ਉਤੇ ਝੋਨੇ ਦੀ ਖਰੀਦ ਦਾ ਮਾਮਲਾ ਹੋਵੇ। ਝੋਨੇ 'ਤੇ 300 ਰੁਪਏ ਪ੍ਰਤੀ ਕੁਇੰਟਲ ਕਟੌਤੀ ਦਾ ਮਾਮਲਾ ਹੋਵੇ ਜਾਂ ਫਿਰ ਸੁਸਤ ਰਫ਼ਤਾਰ ਲਿਫਟਿੰਗ ਦਾ ਮਾਮਲਾ ਹੋਵੇ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਮਿਉਂਸਿਪਲ ਚੋਣਾਂ: ਸਰਕਾਰ ਨੂੰ ਸੁਪਰੀਮ ਕੋਰਟ ਤੋਂ ਵੀ ਨਾ ਮਿਲੀ ਰਾਹਤ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਤੇ ਰਾਜ ਚੋਣ ਕਮਿਸ਼ਨ (ਐਸ.ਈ.ਸੀ.) ਨੂੰ ਹਦਾਇਤ ਕੀਤੀ ਹੈ ਕਿ ਉਹ ਸੂਬੇ ਵਿਚ 15 ਦਿਨਾਂ ਅੰਦਰ ਮਿਉਂਸਿਪਲ ਚੋਣਾਂ ਨੋਟੀਫਾਈ ਕਰੇ ਅਤੇ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਦੇ ਅੱਠ ਹਫ਼ਤਿਆਂ ਅੰਦਰ ਪੂਰਾ ਅਮਲ ਨਿਬੇੜੇ। ਜਸਟਿਸ ਸੂਰਿਆ ਕਾਂਤ ਤੇ ਜਸਟਿਸ ਉੱਜਲ ਭੂਈਆਂ ਦਾ ਬੈਂਚ ਪੰਜਾਬ ਸਰਕਾਰ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 19 ਅਕਤੂਬਰ ਦੇ ਹੁਕਮਾਂ ਨੂੰ ਚੁਣੌਤੀ ਦਿੰਦੀ ਪਟੀਸ਼ਨ 'ਤੇ ਸੁਣਵਾਈ ਕਰ ਰਿਹਾ ਸੀ।

ਹਾਈ ਕੋਰਟ ਨੇ ਸੂਬਾ ਸਰਕਾਰ ਨੂੰ ਹੱਦਬੰਦੀ ਦੇ ਕਿਸੇ ਨਵੇਂ ਅਮਲ ਤੋਂ ਬਗੈਰ 15 ਦਿਨਾਂ ਅੰਦਰ ਸਾਰੀਆਂ ਨਗਰ ਕੌਂਸਲਾਂ ਤੇ ਨਗਰ ਨਿਗਮਾਂ ਲਈ ਚੋਣ ਨੋਟੀਫਿਕੇਸ਼ਨ ਜਾਰੀ ਕਰਨ ਦੇ ਹੁਕਮ ਦਿੱਤੇ ਸਨ। ਸੁਪਰੀਮ ਕੋਰਟ ਦੇ ਬੈਂਚ ਨੇ ਹਾਲਾਂਕਿ ਹੁਕਮਾਂ ਵਿਚ ਅੰਸ਼ਕ ਸੋਧ ਕਰ ਦਿੱਤੀ ਹੈ। ਬੈਂਚ ਨੇ ਮਿਉਂਸਿਪਲ ਚੋਣਾਂ ਕਰਵਾਉਣ ਲਈ ਸਮਾਂ ਵਧਾਉਂਦਿਆਂ ਕਿਹਾ ਕਿ ਅਦਾਲਤੀ ਹੁਕਮਾਂ ਦੇ ਬਾਵਜੂਦ ਮਿਉਂਸਿਪਲ ਚੋਣਾਂ ਨੋਟੀਫਾਈ ਕਰਨ ਵਿਚ ਦੇਰੀ ਲਈ ਹੱਤਕ ਦੀ ਕਾਰਵਾਈ ਨੂੰ ਅੱਗੇ ਪਾਉਣ ਲਈ ਸੂਬਾ ਸਰਕਾਰ ਨੂੰ ਅਪੀਲ ਦਾਖ਼ਲ ਕਰਨ ਦੀ ਪੂਰੀ ਖੁੱਲ੍ਹ ਹੈ। ਹਾਈ ਕੋਰਟ ਨੇ 19 ਅਕਤੂਬਰ ਨੂੰ ਜਾਰੀ ਹੁਕਮਾਂ ਵਿਚ ਪੰਜਾਬ ਸਰਕਾਰ/ਐਸ.ਈ.ਸੀ. ਨੂੰ ਪੰਜ ਮਿਉਂਸਿਪਲ ਕਾਰਪੋਰੇਸ਼ਨਾਂ ਅਤੇ 42 ਮਿਉਂਸਿਪਲ ਕੌਂਸਲਾਂ/ਨਗਰ ਪੰਚਾਇਤਾਂ ਲਈ 15 ਦਿਨਾਂ ਅੰਦਰ ਚੋਣ ਪ੍ਰੋਗਰਾਮ ਨੋਟੀਫਾਈ ਕਰਨ ਲਈ ਕਿਹਾ ਸੀ। ਅੰਮ੍ਰਿਤਸਰ, ਪਟਿਆਲਾ, ਜਲੰਧਰ, ਫਗਵਾੜਾ ਤੇ ਲੁਧਿਆਣਾ ਨਗਰ ਨਿਗਮਾਂ ਦੀ ਚੋਣ ਪਿਛਲੇ ਦੋ ਸਾਲਾਂ ਤੋਂ ਬਕਾਇਆ ਹੈ। ਪੰਜਾਬ ਸਰਕਾਰ, ਜਿਸ ਵੱਲੋਂ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਤੇ ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਪੇਸ਼ ਹੋਏ, ਕੁਝ ਵਾਰਡਾਂ ਦੀ ਹੱਦਬੰਦੀ ਦਾ ਅਮਲ ਬਕਾਇਆ ਹੋਣ (ਜਿਸ ਨੂੰ ਪੂਰਾ ਕਰਨ ਲਈ ਸੂਬਾ ਸਰਕਾਰ ਨੂੰ 16 ਹਫ਼ਤਿਆਂ ਦੀ ਲੋੜ ਹੈ) ਦੇ ਹਵਾਲੇ ਨਾਲ ਮਿਉਂਸਿਪੈਲਟੀਜ਼/ਨਗਰ ਨਿਗਮਾਂ/ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀ ਚੋਣ ਨੂੰ ਅੱਗੇ ਪਾਉਣਾ ਚਾਹੁੰਦੀ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਮਿਉਂਸਿਪਲ ਚੋਣਾਂ ਵਿਚ ਦੇਰੀ ਲਈ ਸੂਬਾ ਸਰਕਾਰ ਦੀ ਹੱਦਬੰਦੀ ਦੇ ਬਕਾਇਆ ਅਮਲ 'ਤੇ ਟੇਕ ਗਲਤ ਸੀ ਕਿਉਂਕਿ ਆਬਾਦੀ ਜਾਂ ਨਗਰਪਾਲਿਕਾ ਦੀਆਂ ਹੱਦਾਂ ਵਿਚ ਕੋਈ ਵੱਡਾ ਫੇਰਬਦਲ ਨਹੀਂ ਹੋਇਆ ਸੀ। ਇਸ ਤੋਂ ਪਹਿਲਾਂ ਹਾਈ ਕੋਰਟ ਨੇ ਵੀ ਪੰਜਾਬ ਸਰਕਾਰ ਦੀ ਝਾੜ ਝੰਬ ਕਰਦਿਆਂ ਪੰਦਰਾਂ ਦਿਨਾਂ ਅੰਦਰ ਮਿਉਂਸਿਪਲ ਚੋਣਾਂ ਨੋਟੀਫਾਈ ਕਰਨ ਦੀ ਹਦਾਇਤ ਕੀਤੀ ਸੀ।

## ਚੋਣ ਕਮਿਸ਼ਨ ਵੱਲੋਂ ਮਨਪ੍ਰੀਤ ਬਾਦਲ ਤੇ ਰਾਜਾ ਵੜਿੰਗ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਵਿਚ ਜ਼ਿਮਨੀ ਚੋਣਾਂ ਦੇ ਮੱਦੇਨਜ਼ਰ ਵੱਖ ਵੱਖ-ਆਗੂਆਂ ਵੱਲੋਂ ਚੋਣ ਪ੍ਰਚਾਰ ਜਾਰੀ ਹੈ। ਇਸ ਦੌਰਾਨ ਚੋਣ ਜ਼ਾਬਤੇ ਦੀ ਉਲੰਘਣਾ ਦੇ ਚੱਲਦਿਆਂ ਕਾਂਗਰਸੀ ਆਗੂ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਭਾਜਪਾ ਆਗੂ ਮਨਪ੍ਰੀਤ ਬਾਦਲ ਨੂੰ ਚੋਣ ਕਮਿਸ਼ਨ ਵੱਲੋਂ ਨੋਟਿਸ ਜਾਰੀ ਕੀਤਾ ਗਿਆ ਹੈ। ਮੁਢਲੀ ਜਾਣਕਾਰੀ ਅਨੁਸਾਰ ਕਾਂਗਰਸੀ ਆਗੂ ਰਾਜਾ ਵੜਿੰਗ ਚੋਣ ਪ੍ਰਚਾਰ ਦੌਰਾਨ ਇਕ ਮਸਜਿਦ ਵਿਚ ਪੁੱਜੇ ਸਨ। ਉਧਰ, ਭਾਜਪਾ ਆਗੂ ਮਨਪ੍ਰੀਤ ਬਾਦਲ ਨੂੰ ਨੌਜਵਾਨਾਂ ਨੂੰ ਨੌਕਰੀਆਂ ਦਾ ਲਾਲਚ ਦੇਣ ਬਾਰੇ ਵੀਡੀਓ ਵਾਇਰਲ ਹੋਣ ਸਬੰਧੀ ਨੋਟਿਸ ਜਾਰੀ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ 'ਆਪ ਪੰਜਾਬ' ਦੇ ਐਕਸ ਹੈਂਡਲ ਉਤੇ ਵੀਡੀਓ ਜਾਰੀ ਕਰਦਿਆਂ ਕਾਂਗਰਸੀ ਆਗੂ ਖ਼ਿਲਾਫ਼ ਚੋਣ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ ਲਾਏ ਗਏ ਸਨ।

## ਪੰਜਾਬ ਵਿਚ ਝੋਨੇ ਦੀ ਖਰੀਦ ਤੋਂ ਭੱਜਣ ਲੱਗੀਆਂ ਕੇਂਦਰੀ ਖਰੀਦ ਏਜੰਸੀਆਂ

**ਚੰਡੀਗੜ੍ਹ:** ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਨੇ ਪੰਜਾਬ ਵਿਚੋਂ ਫਸਲੀ ਖਰੀਦ ਤੋਂ ਹੱਥ ਘੁੱਟਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਕਣਕ ਦੇ ਖ਼ਰੀਦ ਸੀਜ਼ਨ ਵਿਚ ਵੀ ਐਫ.ਸੀ.ਆਈ. ਨੇ ਫਸਲ ਦੀ ਮਾਮੂਲੀ ਖ਼ਰੀਦ ਕੀਤੀ ਸੀ ਅਤੇ ਹੁਣ ਝੋਨੇ ਦੀ ਖ਼ਰੀਦ ਵੀ ਕਾਫ਼ੀ ਘੱਟ ਹੋਈ ਹੈ। ਲੰਘੇ ਕਈ ਵਰ੍ਹਿਆਂ ਤੋਂ ਭਾਰਤੀ ਖੁਰਾਕ ਨਿਗਮ ਪੰਜਾਬ ਵਿਚੋਂ ਖ਼ੁਦ ਖ਼ਰੀਦ ਕਰਨ ਤੋਂ ਪਿਛਾਂਹ ਹਟਦਾ ਨਜ਼ਰ ਆ ਰਿਹਾ ਹੈ। ਭਾਰਤੀ ਖੁਰਾਕ ਨਿਗਮ ਨੇ ਹੁਣ ਤੱਕ ਸੂਬੇ ਭਰ 'ਚੋਂ ਸਿਰਫ਼ 1.19 ਲੱਖ ਟਨ ਝੋਨੇ ਦੀ ਹੀ ਖ਼ਰੀਦ ਕੀਤੀ ਹੈ ਅਤੇ ਸੂਬੇ ਦੇ 11 ਜ਼ਿਲ੍ਹਿਆਂ ਵਿਚ ਤਾਂ ਉਸ ਨੇ ਝੋਨੇ ਦੇ ਇਕ ਵੀ ਦਾਣੇ ਦੀ ਖ਼ਰੀਦ ਨਹੀਂ ਕੀਤੀ ਹੈ।

ਭਾਰਤੀ ਖੁਰਾਕ ਨਿਗਮ ਨੇ ਜ਼ਿਲ੍ਹਾ ਸੰਗਰੂਰ, ਬਰਨਾਲਾ, ਮਾਨਸਾ, ਤਰਨਤਾਰਨ, ਅੰਮ੍ਰਿਤਸਰ, ਮੋਗਾ, ਫ਼ਰੀਦਕੋਟ, ਮੁਕਤਸਰ, ਫ਼ਾਜ਼ਿਲਕਾ, ਫ਼ਿਰੋਜ਼ਪੁਰ ਅਤੇ ਕਪੂਰਥਲਾ ਦੀ ਕਿਸੇ ਵੀ ਮੰਡੀ 'ਚੋਂ ਝੋਨੇ ਦੀ ਖ਼ਰੀਦ ਨਹੀਂ ਕੀਤੀ ਹੈ ਜਦੋਂ ਕਿ ਬਾਕੀ ਜ਼ਿਲ੍ਹਿਆਂ 'ਚੋਂ ਵੀ ਝੋਨੇ ਦੀ ਮਾਮੂਲੀ ਹੀ ਖ਼ਰੀਦ ਹੋਈ ਹੈ। ਪਿਛਾਂਹ ਨਜ਼ਰ ਮਾਰੀਏ ਤਾਂ ਐਫ.ਸੀ.ਆਈ. ਨੇ ਸਾਲ 2016-17 ਵਿਚ ਪੰਜਾਬ 'ਚੋਂ 7.66 ਲੱਖ ਟਨ ਝੋਨੇ ਦੀ ਖ਼ਰੀਦ ਕੀਤੀ ਸੀ ਅਤੇ 2015-16 ਵਿਚ 6.54 ਲੱਖ ਟਨ ਝੋਨਾ ਖ਼ਰੀਦਿਆ ਗਿਆ ਸੀ। ਲੰਘੇ ਪੰਜ ਵਰ੍ਹਿਆਂ ਤੋਂ ਭਾਰਤੀ ਖੁਰਾਕ ਨਿਗਮ ਨੇ ਹਰ ਸਾਲ ਤਿੰਨ ਲੱਖ ਟਨ ਤੋਂ ਘੱਟ ਹੀ ਝੋਨਾ ਖ਼ਰੀਦਿਆ ਹੈ। ਸਾਲ 2022-23 ਦੌਰਾਨ ਨਿਗਮ ਨੇ ਸੂਬੇ 'ਚੋਂ 2 ਲੱਖ ਟਨ ਝੋਨੇ ਦੀ ਫ਼ਸਲ ਖ਼ਰੀਦੀ ਸੀ। ਸਾਲ 2020-21 ਦੌਰਾਨ ਐਫ.ਸੀ.ਆਈ. ਨੇ 2.69 ਲੱਖ ਟਨ ਫ਼ਸਲ ਖ਼ਰੀਦੀ ਸੀ।

ਆਮ ਤੌਰ 'ਤੇ ਸਟੇਟ ਖ਼ਰੀਦ ਏਜੰਸੀਆਂ ਵੱਲੋਂ ਹੀ ਫ਼ਸਲੀ ਖ਼ਰੀਦ ਜ਼ਿਆਦਾ ਕੀਤੀ ਜਾਂਦੀ ਹੈ। ਅਕਸਰ ਇਹ ਵੀ ਦੇਖਿਆ ਗਿਆ ਹੈ ਕਿ ਜਿਸ ਖ਼ਰੀਦ ਕੇਂਦਰ ਵਿਚ ਐਫ.ਸੀ.ਆਈ. ਦੀ ਖ਼ਰੀਦ ਹੁੰਦੀ ਹੈ, ਉੱਥੇ ਸੂਬਾ ਸਰਕਾਰ ਵੱਲੋਂ ਸਟੇਟ ਏਜੰਸੀ ਵੀ ਲਗਾ ਦਿੱਤੀ ਜਾਂਦੀ ਹੈ। ਸੂਬੇ ਦੀਆਂ ਮੰਡੀਆਂ ਵਿਚ ਹੁਣ ਤੱਕ 143.08 ਲੱਖ ਟਨ ਫ਼ਸਲ ਦੀ ਆਮਦ ਹੋ ਚੁੱਕੀ ਹੈ ਜਿਸ 'ਚੋਂ 138.19 ਲੱਖ ਟਨ ਫ਼ਸਲ ਦੀ ਖ਼ਰੀਦ ਹੋ ਚੁੱਕੀ ਹੈ।

## ਹਾਈ ਕੋਰਟ ਵੱਲੋਂ ਟਾਈਟਲਰ ਖਿਲਾਫ ਮੁਕੱਦਮੇ 'ਤੇ ਰੋਕ ਲਾਉਣ ਤੋਂ ਨਾਂਹ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਸਾਫ਼ ਕਰ ਦਿੱਤਾ ਕਿ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ 1984 ਦੇ ਸਿੱਖ ਵਿਰੋਧੀ ਦੰਗਿਆਂ ਨਾਲ ਜੁੜੇ ਕਤਲ ਕੇਸ ਵਿਚ ਟਰਾਇਲ ਕੋਰਟ ਵਿਚ ਮੁਕੱਦਮੇ ਦੀ ਕਾਰਵਾਈ ਜਾਰੀ ਰਹੇਗੀ। ਜਸਟਿਸ ਮਨੋਜ ਕੁਮਾਰ ਓਹਰੀ ਟਾਈਟਲਰ ਵੱਲੋਂ ਦਿੱਲੀ ਕੋਰਟ ਵਿਚ ਚੱਲ ਰਹੇ ਮੁਕੱਦਮੇ ਉੱਤੇ ਰੋਕ ਲਾਉਣ ਦੀ ਮੰਗ ਕਰਦੀ ਪਟੀਸ਼ਨ ਉੱਤੇ ਸੁਣਵਾਈ ਕਰ ਰਹੇ ਸਨ। ਕੋਰਟ ਵੱਲੋਂ ਇਸ ਮਾਮਲੇ 'ਤੇ 29 ਨਵੰਬਰ ਨੂੰ ਸੁਣਵਾਈ ਕੀਤੀ ਜਾਵੇਗੀ।

ਜੱਜ ਨੇ ਹੁਕਮਾਂ ਵਿਚ ਕਿਹਾ, "ਇਹ ਸਾਫ਼ ਕੀਤਾ ਜਾਂਦਾ ਹੈ ਕਿ ਮੁਕੱਦਮੇ ਦੀ ਕਾਰਵਾਈ ਜਾਰੀ ਰਹੇਗੀ। ਉਂਜ ਇਹ ਮੌਜੂਦਾ ਕਾਰਵਾਈ ਦੇ ਨਤੀਜੇ ਉੱਤੇ ਨਿਰਭਰ ਹੋਵੇਗਾ।" ਟਾਈਟਲਰ ਦੇ ਵਕੀਲ ਨੇ ਦਾਅਵਾ ਕੀਤਾ ਸੀ ਕਿ ਟਰਾਇਲ ਕੋਰਟ ਵਿਚ ਪ੍ਰੌਸੀਕਿਊਸ਼ਨ ਦੇ ਗਵਾਹ ਦੇ ਬਿਆਨ ਦਰਜ ਕਰਨ ਲਈ ਕੇਸ 12 ਨਵੰਬਰ ਲਈ ਸੂਚੀਬੱਧ ਹੈ ਤੇ ਟਰਾਇਲ ਕੋਰਟ ਨੂੰ ਕਿਹਾ ਜਾਵੇ ਕਿ ਜਦੋਂ ਤੱਕ ਹਾਈ ਕੋਰਟ ਇਸ ਪਟੀਸ਼ਨ 'ਤੇ ਕੋਈ ਫੈਸਲਾ ਨਹੀਂ ਲੈਂਦੀ ਦੋਸ਼ ਆਇਦ ਕਰਨ ਦੇ ਅਮਲ ਉੱਤੇ ਉਦੋਂ ਤੱਕ ਰੋਕ ਲਾਈ ਜਾਵੇ। ਆਪਣੇ ਖ਼ਿਲਾਫ਼ ਕਤਲ ਤੇ ਹੋਰ ਦੋਸ਼ ਆਇਦ ਕਰਨ ਦੇ ਅਮਲ ਨੂੰ ਚੁਣੌਤੀ ਦਿੰਦੀ ਟਾਈਟਲਰ ਦੀ ਪਟੀਸ਼ਨ 29 ਨਵੰਬਰ ਲਈ ਸੂਚੀਬੰਦ ਹੈ, ਪਰ ਕਾਂਗਰਸੀ ਆਗੂ ਮੁਕੱਦਮੇ ਦੀ ਕਾਰਵਾਈ ਉੱਤੇ ਰੋਕ ਦੀ ਅਪੀਲ ਲੈ ਕੇ ਕੋਰਟ ਪਹੁੰਚ ਗਿਆ। ਉਧਰ, ਪੀੜਤਾਂ ਵੱਲੋਂ ਪੇਸ਼ ਸੀਨੀਅਰ ਵਕੀਲ ਐਚ.ਐਸ.ਫੂਲਕਾ ਨੇ ਟਾਈਟਲਰ ਦੀ ਪਟੀਸ਼ਨ ਦਾ ਇਹ ਕਹਿੰਦਿਆਂ ਵਿਰੋਧ ਕੀਤਾ ਕਿ ਗਵਾਹ ਉਮਰ ਦਰਾਜ਼ ਹੈ ਤੇ ਵੱਖ-ਵੱਖ ਸਿਹਤ ਵਿਗਾੜਾਂ ਤੋਂ ਪੀੜਤ ਹੈ। ਉਹ ਇਸ ਉਮਰ ਵਿਚ ਵੀ ਚੌਥੀ ਵਾਰ ਕੋਰਟ ਵਿਚ ਪੇਸ਼ ਹੋਵੇਗੀ। ਟਾਈਟਲਰ ਦਾ ਦਾਅਵਾ ਹੈ ਕਿ ਉਸ ਨੂੰ ਉਹਦੇ ਵਿਰੋਧੀਆਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਾਂਗਰਸ ਆਗੂ ਨੇ ਕਿਹਾ ਕਿ ਟਰਾਇਲ ਕੋਰਟ ਵੱਲੋਂ ਉਸ ਖ਼ਿਲਾਫ਼ ਦੋਸ਼ ਆਇਦ ਕਰਨ ਦੇ ਦਿੱਤੇ ਹੁਕਮ 'ਗੈਰਕਾਨੂੰਨੀ' ਹਨ। ਟਾਈਟਲਰ ਨੇ ਪਟੀਸ਼ਨ ਵਿਚ ਕਿਹਾ, "ਟਰਾਇਲ ਕੋਰਟ ਨੇ ਕਾਨੂੰਨ ਦੇ ਸਥਾਪਿਤ ਸਿਧਾਂਤਾਂ ਨੂੰ ਨਜ਼ਰਅੰਦਾਜ਼ ਕਰਕੇ ਉਸ ਖ਼ਿਲਾਫ਼ ਦੋਸ਼ ਗ਼ਲਤ ਦੋਸ਼ ਆਇਦ ਕੀਤੇ ਹਨ।"

## ਟਰੰਪ ਦੀ ਜਿੱਤ ਨਾਲ ਪਰਵਾਸੀਆਂ ਅੰਦਰ ਵੱਡੀ ਹਲਚਲ

*(ਪਹਿਲੇ ਸਫੇ ਦੀ ਬਾਕੀ)*

ਤੁਰਤ ਲਾਗੂ ਹੋ ਗਿਆ ਹੈ ਤੇ ਗੈਰਕਾਨੂੰਨੀ ਢੰਗ ਨਾਲ ਟਿਕੇ ਹੋਏ ਲੋਕਾਂ ਦੀਆਂ ਸੂਚੀਆਂ ਬਣਨ ਲੱਗੀਆਂ ਹਨ। ਵਿਭਾਗ ਦੇ ਸੂਤਰ ਅਨੁਸਾਰ ਲਾਗੂ ਕੀਤੇ ਇਸ ਫੈਸਲੇ ਮਗਰੋਂ ਪਹਿਲਾਂ ਤੋਂ ਆਏ ਅਤੇ 6 ਮਹੀਨੇ ਦੀ ਮਿਆਦ ਤੋਂ ਬਾਅਦ ਵੀ ਕੈਨੇਡਾ 'ਚ ਟਿਕੇ ਹੋਏ ਸਾਰੇ ਲੋਕਾਂ 'ਚੋਂ ਜਿਹੜੇ ਖੁਦ ਆਪਣੇ ਦੇਸ਼ ਵਾਪਸ ਨਹੀਂ ਜਾਣਗੇ।

ਇਸ ਤੋਂ ਪਹਿਲਾਂ ਕੈਨੇਡਾ ਨੇ ਆਪਣੀ ਇਮੀਗ੍ਰੇਸ਼ਨ ਨੀਤੀ ਵਿਚ ਹੋਰ ਵੱਡਾ ਬਦਲਾਓ ਕਰਦਿਆਂ ਫਾਸਟ ਟਰੈਕ ਸਟੂਡੈਂਟ ਵੀਜ਼ਾ ਜਿਸ ਨੂੰ ਸਟੂਡੈਂਟ ਡਾਇਰੈਕਟ ਸਟ੍ਰੀਮ (ਐਸ.ਡੀ.ਐਸ) ਪ੍ਰੋਗਰਾਮ ਵੀ ਕਿਹਾ ਜਾਂਦਾ ਹੈ, ਨੂੰ ਤੁਰੰਤ ਬੰਦ ਕਰ ਦਿੱਤਾ। ਕੈਨੇਡਾ ਦੇ ਇਸ ਫੈਸਲੇ ਨਾਲ ਹਜ਼ਾਰਾਂ ਕੌਮਾਂਤਰੀ ਵਿਦਿਆਰਥੀਆਂ, ਖਾਸ ਕਰਕੇ ਕੈਨੇਡਾ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ 'ਤੇ ਸਿੱਧਾ ਅਸਰ ਪਏਗਾ। ਐਸ.ਡੀ.ਐਸ. ਪ੍ਰੋਗਰਾਮ 2018 ਵਿਚ ਸ਼ੁਰੂ ਕੀਤਾ ਗਿਆ ਸੀ ਤੇ ਇਸ ਦਾ ਮੁੱਖ ਮੰਤਵ ਭਾਰਤ, ਚੀਨ, ਪਾਕਿਸਤਾਨ ਤੇ ਫਿਲਪੀਨਜ਼ ਸਣੇ 14 ਮੁਲਕਾਂ ਦੇ ਉਮੀਦਵਾਰਾਂ, ਜੋ ਨਿਰਧਾਰਿਤ ਮਾਪਦੰਡਾਂ ਨੂੰ ਪੂਰਾ ਕਰਦੇ ਹਨ, ਲਈ ਸਟੱਡੀ ਪਰਮਿਟ ਦੇ ਅਮਲ ਨੂੰ ਸੁਚਾਰੂ ਬਣਾਉਣਾ ਤੇ ਸਟ੍ਰੀਮਲਾਈਨ ਕਰਨਾ ਸੀ। ਐਸ.ਡੀ.ਐਸ. ਪ੍ਰੋਗਰਾਮ ਵਿਸ਼ੇਸ਼ ਕਰਕੇ ਕੌਮਾਂਤਰੀ ਵਿਦਿਆਰਥੀਆਂ ਵਿਚ ਬਹੁਤ ਮਕਬੂਲ ਸੀ ਕਿਉਂਕਿ ਸਟੈਂਡਰਡ ਅਮਲ ਦੇ ਮੁਕਾਬਲੇ ਇਸ ਵਿਚ ਪਰਮਿਟ ਦੀ ਪ੍ਰਵਾਨਗੀ ਬਹੁਤ ਤੇਜ਼ (ਕਈ ਵਾਰ ਤਾਂ ਤਿੰਨ ਹਫ਼ਤਿਆਂ ਵਿਚ ਮਿਲ ਜਾਂਦੀ) ਸੀ ਪਰ ਹੁਣ ਇਹ ਸਹੂਲਤ ਸਰਕਾਰ ਨੇ ਖੋਹ ਲਈ ਹੈ।

## ਕਤਲੇਆਮ 84 ਦੀ ਬਰਸੀ 'ਤੇ ਆਸਟਰੇਲੀਆ ਦੇ ਸੰਸਦੀ ਹਾਲ 'ਚ ਸਮਾਗਮ

**ਮੈਲਬਰਨ:** ਆਸਟਰੇਲੀਆ ਦੀ ਰਾਜਧਾਨੀ ਕੈਨਬਰਾ ਸਥਿਤ ਪਾਰਲੀਮੈਂਟ ਦੇ ਗ੍ਰੇਟ ਸੰਸਦੀ ਹਾਲ 'ਚ 1984 ਦੀ ਸਿੱਖ ਨਸਲਕੁਸ਼ੀ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ। ਆਸਟਰੇਲੀਅਨ ਸਿੱਖ ਐਸੋਸੀਏਸ਼ਨ ਵੱਲੋਂ ਉਲੀਕੇ ਸਮਾਗਮ 'ਚ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਫੈਡਰਲ ਸੰਸਦ ਦੇ ਮੈਂਬਰਾਂ, ਰਾਜਸੀ ਪਾਰਟੀਆਂ ਦੇ ਮੁਖੀਆਂ ਤੇ ਹੋਰ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ। ਬੁਲਾਰਿਆਂ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਸਿੱਖ ਮਨਾਂ 'ਤੇ ਉੱਕਰੀ ਸਦੀਵੀ ਯਾਦ ਦਾ ਜ਼ਿਕਰ ਕਰਦਿਆਂ ਕਿਹਾ ਕਿ ਚਾਲੀ ਸਾਲ ਬੀਤ ਜਾਣ ਦੇ ਬਾਵਜੂਦ ਪੀੜਤ ਧਿਰ ਨੂੰ ਹਾਲੇ ਤੱਕ ਕੋਈ ਇਨਸਾਫ ਨਹੀਂ ਮਿਲਿਆ। ਯੂਐਨ ਗਲੋਬਲ ਸਟੀਅਰਿੰਗ ਕਮੇਟੀ ਤੋਂ ਮੈਂਬਰ ਇਕਤਦਾਰ ਚੀਮਾ ਨੇ ਦੁਨੀਆਂ ਭਰ 'ਚ ਹੋਏ ਵੱਖ-ਵੱਖ ਨਸਲਘਾਤਾਂ ਦੇ ਸਿੱਖ ਵਿਰੋਧੀ ਦੰਗਿਆਂ ਨਾਲ ਮੇਲ ਖਾਂਦੇ ਵਰਤਾਰਿਆਂ 'ਤੇ ਆਪਣੇ ਵਿਚਾਰ ਰੱਖੇ।

## ਲਹਿੰਦੇ ਪੰਜਾਬ 'ਚ ਸ਼ਹੀਦ ਭਗਤ ਸਿੰਘ ਨੂੰ ਅਪਰਾਧੀ ਕਹਿਣ 'ਤੇ ਰੋਸ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਬੁਲਾਰੇ ਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਪਾਕਿਸਤਾਨ ਦੀ ਪੰਜਾਬ ਸਰਕਾਰ ਵੱਲੋਂ ਭਗਤ ਸਿੰਘ ਨੂੰ ਅਪਰਾਧੀ ਤੇ ਅਤਿਵਾਦੀ ਕਹਿਣ ਦੀ ਨਿਖੇਧੀ ਕੀਤੀ ਹੈ। ਇਸ ਮਾਮਲੇ 'ਤੇ ਸ੍ਰੀ ਕੰਗ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਕਰੋੜਾਂ ਲੋਕਾਂ ਦੇ ਰੋਲ ਮਾਡਲ ਹਨ। ਭਾਰਤ ਤੇ ਪਾਕਿਸਤਾਨ ਵਿਚ ਕਰੋੜਾਂ ਲੋਕ ਭਗਤ ਸਿੰਘ ਦੇ ਦਿਖਾਏ ਰਾਹ 'ਤੇ ਚੱਲਦੇ ਹਨ, ਇਸ ਦੇ ਬਾਵਜੂਦ ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ ਹਾਈ ਕੋਰਟ ਵਿਚ ਸ਼ਹੀਦ ਭਗਤ ਸਿੰਘ ਨੂੰ ਅਪਰਾਧੀ ਕਹਿਣਾ ਗਲਤ ਹੈ ਅਤੇ ਚੜ੍ਹਦੇ ਪੰਜਾਬ ਦੇ ਲੋਕ ਭਗਤ ਸਿੰਘ ਦਾ ਅਪਮਾਨ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਨੇ ਇਸ ਮਾਮਲੇ 'ਤੇ ਭਾਰਤ ਸਰਕਾਰ ਨੂੰ ਤੁਰਤ ਦਖਲ ਦੇਣ ਦੀ ਮੰਗ ਕੀਤੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਟਰੰਪ ਨੇ ਹੈਰਿਸ ਨੂੰ ਸੱਤੇ ਅਹਿਮ ਸੂਬਿਆਂ ਵਿਚ ਹਰਾਇਆ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਰੀਜ਼ੋਨਾ ਦੀ ਚੋਣ ਜਿੱਤ ਲਈ ਹੈ। ਇਸ ਜਿੱਤ ਨਾਲ ਟਰੰਪ ਨੇ ਆਪਣੀ ਵਿਰੋਧੀ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੂੰ ਸਾਰੇ ਸੱਤ ਅਹਿਮ ਰਾਜਾਂ ਜਿਨ੍ਹਾਂ ਨੂੰ ਸਵਿੰਗ ਸਟੇਟਸ ਮੰਨਿਆ ਜਾਂਦਾ ਹੈ, ਵਿਚ ਸ਼ਿਕਸਤ ਦਿੱਤੀ ਹੈ। ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਦੀ ਜਿੱਤ ਹਾਰ ਵਿਚ ਇਨ੍ਹਾਂ ਸਵਿੰਗ ਸਟੇਟਸ ਦੀ ਹਮੇਸ਼ਾ ਫੈਸਲਾਕੁਨ ਭੂਮਿਕਾ ਰਹੀ ਹੈ।

ਇਹ ਸੱਤ ਰਾਜ ਐਰੀਜ਼ੋਨਾ, ਵਿਸਕੌਨਸਿਨ, ਮਿਸ਼ੀਗਨ, ਪੈਨਸਿਲਵੇਨੀਆ, ਨੌਰਥ ਕੈਰੋਲੀਨਾ ਤੇ ਜੌਰਜੀਆ ਹਨ। ਐਰੀਜ਼ੋਨਾ ਵਿਚ ਜਿੱਤ ਨਾਲ ਟਰੰਪ ਦੀਆਂ ਇਲੈਕਟੋਰਲ ਕਾਲਜ ਵੋਟਾਂ ਦੀ ਗਿਣਤੀ 312 ਨੂੰ ਪਹੁੰਚ ਗਈ ਹੈ ਜਦੋਂਕਿ ਉਪ ਰਾਸ਼ਟਰਪਤੀ ਹੈਰਿਸ ਨੂੰ 226 ਇਲੈਕਟੋਰਲ ਵੋਟ ਮਿਲੇ ਹਨ। ਐਰੀਜ਼ੋਨਾ ਦੇ ਕੁੱਲ 11 ਇਲੈਕਟੋਰਲ ਵੋਟ ਹਨ।



ਰਾਸ਼ਟਰਪਤੀ ਚੋਣਾਂ ਵਿਚ ਮਿਲੀ ਜਿੱਤ ਨਾਲ ਰਿਪਬਲਿਕਨ ਪਾਰਟੀ ਨੇ ਚਾਰ ਸਾਲਾਂ ਦੇ ਵਕਫ਼ੇ ਮਗਰੋਂ ਮੁੜ ਸੈਨੇਟ ਦਾ ਕੰਟਰੋਲ ਹਾਸਲ ਕਰ ਲਿਆ ਹੈ ਤੇ ਪ੍ਰਤੀਨਿਧ ਸਦਨ ਵਿਚ ਬਹੁਮਤ ਹਾਸਲ ਕਰਨ ਦੀ ਤਿਆਰੀ ਖਿੱਚ ਲਈ ਹੈ। ਮੌਜੂਦਾ ਸਮੇਂ ਪਾਰਟੀ ਕੋਲ ਸੈਨੇਟ ਵਿਚ 52 ਸੀਟਾਂ ਹਨ ਜਦੋਂਕਿ ਡੈਮੋਕਰੈਟਸ ਕੋਲ 47 ਸੀਟਾਂ ਹਨ। ਸਦਨ ਵਿਚ ਰਿਪਬਲਿਕਨਾਂ ਨੇ ਡੈਮੋਕਰੈਟਸ ਦੀਆਂ 209 ਸੀਟਾਂ ਦੇ ਮੁਕਾਬਲੇ ਹੁਣ ਤੱਕ 216 ਸੀਟਾਂ ਜਿੱਤ ਲਈਆਂ ਹਨ। ਬਹੁਮਤ ਦਾ ਜਾਦੂਈ ਅੰਕੜਾ 218 ਹੈ। ਰਿਪਬਲਿਕਨਾਂ ਨੂੰ ਪੂਰਾ ਭਰੋਸਾ ਹੈ ਕਿ ਉਹ ਬਹੁਮਤ ਹਾਸਲ ਕਰ ਲੈਣਗੇ। ਰਾਸ਼ਟਰਪਤੀ ਜੋਅ ਬਾਇਡਨ 2020 ਵਿਚ ਪਹਿਲੇ ਡੈਮੋਕਰੈਟ ਸਨ, ਜਿਨ੍ਹਾਂ ਐਰੀਜ਼ੋਨਾ ਜਿੱਤਿਆ ਸੀ। ਇਸ ਤੋਂ ਪਹਿਲਾਂ 1996 ਵਿਚ ਬਿਲ ਕਲਿੰਟਨ ਨੇ ਅਜਿਹਾ ਕੀਤਾ ਸੀ। ਟਰੰਪ ਨੇ ਹੁਣ ਐਰੀਜ਼ੋਨਾ ਮੁੜ ਹਾਸਲ ਕਰ ਲਿਆ ਹੈ। ਟਰੰਪ ਨੇ ਚੋਣ ਪ੍ਰਚਾਰ ਦੌਰਾਨ ਸੀਮਾ ਸੁਰੱਖਿਆ, ਇੰਮੀਗ੍ਰੇਸ਼ਨ ਅਤੇ ਗ਼ੈਰਕਾਨੂੰਨੀ ਸ਼ਰਨਾਰਥੀਆਂ ਵੱਲੋਂ ਕੀਤੇ ਗਏ ਅਪਰਾਧਾਂ ਦੇ ਮੁੱਦੇ ਉਭਾਰੇ ਸਨ। ਉਨ੍ਹਾਂ ਨੇ ਗ਼ੈਰਕਾਨੂੰਨੀ ਸਰਨਾਰਥੀਆਂ ਨੂੰ ਵਾਪਸ ਉਨ੍ਹਾਂ ਦੇ ਦੇਸ਼ ਭੇਜਣ ਤੇ ਮਿਲਟਰੀ ਬਜਟ ਦਾ ਕੁਝ ਹਿੱਸਾ ਬਾਰਡਰ ਫੰਡਿੰਗ ਲਈ ਵਰਤਣ ਦਾ ਅਹਿਦ ਕੀਤਾ ਸੀ। ਇਸੇ ਦੌਰਾਨ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਉਪ ਰਾਸ਼ਟਰਪਤੀ ਕਮਲਾ ਹੈਰਿਸ 'ਲੜਾਈ ਜਾਰੀ' ਰੱਖੇਗੀ। ਬਾਇਡਨ ਨੇ ਕਿਹਾ ਕਿ ਹੈਰਿਸ ਭਾਵੇਂ ਚੋਣ ਹਾਰ ਗਈ, ਪਰ ਉਹ 'ਪੀੜ੍ਹੀਆਂ ਦੀ ਆਗੂ' ਰਹੇਗੀ। ਅਮਰੀਕੀ ਸਦਰ ਨੇ ਇਕ ਬਿਆਨ ਵਿਚ ਕਿਹਾ, ''ਉਹ ਇਰਾਦੇ, ਪੂਰੀ ਦ੍ਰਿੜ੍ਹਤਾ ਤੇ ਪ੍ਰਸੰਨਤਾ ਨਾਲ ਲੜਾਈ ਨੂੰ ਜਾਰੀ ਰੱਖੇਗੀ। ਉਹ ਸਾਰੇ ਅਮਰੀਕੀਆਂ ਲਈ ਪਹਿਲਾਂ ਵਾਂਗ ਚੈਂਪੀਅਨ ਰਹੇਗੀ।'' ਬਾਇਡਨ ਨੇ ਅਸਧਾਰਨ ਹਾਲਾਤ ਵਿਚ ਇਤਿਹਾਸਕ ਚੋਣ ਮੁਹਿੰਮ ਦੀ ਅਗਵਾਈ ਕਰਨ ਲਈ ਹੈਰਿਸ ਦੀ ਸ਼ਲਾਘਾ ਕੀਤੀ।

## ਚੋਣ ਨਤੀਜੇ ਸਵੀਕਾਰ ਪਰ ਲੜਾਈ ਜਾਰੀ ਰਹੇਗੀ: ਹੈਰਿਸ



**ਵਾਸ਼ਿੰਗਟਨ:** ਰਾਸ਼ਟਰਪਤੀ ਚੋਣਾਂ ਵਿਚ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਹੱਥੋਂ ਮਿਲੀ ਹਾਰ ਮਗਰੋਂ ਉਪ ਰਾਸ਼ਟਰਪਤੀ ਕਮਲਾ ਹੈਰਿਸ (60) ਨੇ ਆਪਣੇ ਸਮਰਥਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਚੋਣ ਨਤੀਜਿਆਂ ਨੂੰ ਸਵੀਕਾਰ ਕਰਨ ਅਤੇ ਰਿਪਬਲਿਕਨ ਆਗੂ (ਟਰੰਪ) ਨੂੰ ਸੱਤਾ ਤਬਦੀਲੀ ਦਾ ਅਮਲ ਸ਼ਾਂਤੀਪੂਰਨ ਢੰਗ ਨਾਲ ਸਿਰੇ ਚਾੜ੍ਹਨਾ ਯਕੀਨੀ ਬਣਾਉਣ। ਹਾਵਰਡ ਯੂਨੀਵਰਸਿਟੀ ਦੀ ਵਿਦਿਆਰਥੀ ਰਹੀ ਹੈਰਿਸ ਨੇ 'ਵਰਸਿਟੀ ਵਿਚ ਬੇਹੱਦ ਭਾਵੁਕ ਤਕਰੀਰ ਦੌਰਾਨ ਕਿਹਾ ਕਿ 'ਅਮਰੀਕਾ ਦੇ ਵਾਅਦੇ ਦੀ ਲੋਅ ਹਮੇਸ਼ਾ ਜਗਦੀ ਰਹੇਗੀ। ਹੈਰਿਸ ਨੇ ਕਿਹਾ ਕਿ ਅਹਿਦ ਲਿਆ ਕਿ ਉਨ੍ਹਾਂ ਦੀ ਚੋਣ ਮੁਹਿੰਮ ਦਾ ਆਧਾਰ ਰਹੀ ਲੜਾਈ ਜਾਰੀ ਰਹੇਗੀ।

## ਲਹਿੰਦੇ ਪੰਜਾਬ 'ਚ ਧੁਆਂਖੀ ਧੁੰਦ ਕਾਰਨ ਤਾਲਾਬੰਦੀ ਦੀ ਨੌਬਤ

**ਲਾਹੌਰ:** ਪਾਕਿਸਤਾਨੀ ਪੰਜਾਬ ਦੇ ਕਈ ਸ਼ਹਿਰਾਂ 'ਚ ਹਵਾ ਜ਼ਹਿਰੀਲੇ ਪੱਧਰ ਤੱਕ ਪਹੁੰਚਣ ਕਾਰਨ ਉੱਥੇ ਤਾਲਾਬੰਦੀ ਦੀ ਨੌਬਤ ਆ ਗਈ ਹੈ। 'ਐਕਸਪ੍ਰੈੱਸ ਟ੍ਰਿਬਿਊਨ' ਦੀ ਖ਼ਬਰ ਮੁਤਾਬਕ ਲਾਹੌਰ ਹਾਲੇ ਵੀ ਦੁਨੀਆ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਸ਼ਹਿਰ ਬਣਿਆ ਹੋਇਆ ਹੈ ਅਤੇ ਸੰਘਣੀ ਧੁੰਦ ਤੋਂ ਰਾਹਤ ਦਾ ਫਿਲਹਾਲ ਕੋਈ ਸੰਕੇਤ ਨਹੀਂ ਹੈ। ਵਿਜ਼ੀਬਿਲਟੀ ਘੱਟ ਹੋਣ ਕਾਰਨ ਇਹਤਿਆਤ ਵਜੋਂ ਅਧਿਕਾਰੀਆਂ ਨੂੰ ਰੇਲਗੱਡੀਆਂ ਰੋਕਣ ਤੋਂ ਆਰਜ਼ੀ ਤੌਰ 'ਤੇ ਸੜਕੀ ਮਾਰਗ ਬੰਦ ਕਰਨ ਤੋਂ ਇਲਾਵਾ ਤਾਲਾਬੰਦੀ ਵਰਗੇ ਕਦਮ ਚੁੱਕਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

# ਹਸੀਨਾ ਦੀ ਵਾਪਸੀ ਲਈ ਬੰਗਲਾਦੇਸ਼ ਲਵੇਗਾ ਇੰਟਰਪੋਲ ਦੀ ਮਦਦ

**ਢਾਕਾ:** ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਨੇ ਕਿਹਾ ਕਿ ਉਹ ਗੱਦੀਓਂ ਲਾਂਭੇ ਕੀਤੀ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਹੋਰ ਭਗੌੜਿਆਂ ਨੂੰ ਭਾਰਤ ਤੋਂ ਵਾਪਸ ਲਿਆਉਣ ਲਈ ਇੰਟਰਪੋਲ ਤੋਂ ਮਦਦ ਮੰਗੇਗੀ, ਤਾਂ ਕਿ ਉਨ੍ਹਾਂ ਸਾਰਿਆਂ 'ਤੇ ਮਨੁੱਖਤਾ ਖ਼ਿਲਾਫ਼ ਅਪਰਾਧਾਂ ਲਈ ਮੁਕੱਦਮਾ ਚਲਾਇਆ ਜਾ ਸਕੇ।

ਹਸੀਨਾ ਤੇ ਉਨ੍ਹਾਂ ਦੀ ਪਾਰਟੀ ਦੇ ਆਗੂਆਂ 'ਤੇ ਸਰਕਾਰ ਵਿਰੋਧੀ ਵਿਦਿਆਰਥੀ ਅੰਦੋਲਨ ਨੂੰ ਜ਼ਾਲਮਾਨਾ ਤਰੀਕੇ ਨਾਲ ਦਬਾਉਣ ਲਈ ਹੁਕਮ ਦੇਣ ਦਾ ਦੋਸ਼ ਹੈ। ਜੁਲਾਈ ਤੇ ਅਗਸਤ ਮਹੀਨੇ ਹੋਏ ਵਿਰੋਧ ਪ੍ਰਦਰਸ਼ਨਾਂ ਦੌਰਾਨ ਕਈ ਲੋਕਾਂ ਦੀ ਮੌਤ ਹੋਈ ਸੀ।

ਇਸ ਤੋਂ ਬਾਅਦ 'ਚ ਵੱਡੇ ਪੱਧਰ 'ਤੇ ਰੋਸ ਮੁਜ਼ਾਹਰੇ ਹੋਣ ਮਗਰੋਂ ਸ਼ੇਖ ਹਸੀਨਾ ਨੂੰ 5 ਅਗਸਤ ਨੂੰ ਗੁਪਤ ਤੌਰ 'ਤੇ ਭਾਰਤ ਜਾਣਾ ਪਿਆ ਸੀ। ਉਹ ਅੱਜ ਵੀ ਭਾਰਤ ਵਿਚ ਹੀ ਹਨ। ਮੁੱਖ ਸਲਾਹਕਾਰ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਮੁਤਾਬਕ ਪ੍ਰਦਰਸ਼ਨਾਂ ਦੌਰਾਨ ਘੱਟੋ-ਘੱਟ 753 ਵਿਅਕਤੀ ਮਾਰੇ ਗਏ ਤੇ ਹਜ਼ਾਰਾਂ ਹੋਰ ਜ਼ਖਮੀ ਹੋਏ ਸਨ ਜਿਸ ਨੂੰ ਉਸ ਨੇ ਮਨੁੱਖਤਾ ਖ਼ਿਲਾਫ਼ ਅਪਰਾਧ ਅਤੇ ਨਸਲਕੁਸ਼ੀ ਕਰਾਰ ਦਿੱਤਾ ਹੈ।

ਅਕਤੂਬਰ ਦੇ ਮੱਧ ਤੱਕ ਸ਼ੇਖ ਹਸੀਨਾ ਤੇ



ਉਸ ਦੀ ਪਾਰਟੀ ਦੇ ਆਗੂਆਂ ਵਿਰੁੱਧ ਆਈ.ਸੀ.ਟੀ. ਕੋਲ ਮਨੁੱਖਤਾ ਖ਼ਿਲਾਫ਼ ਅਪਰਾਧ ਤੇ ਨਸਲਕੁਸ਼ੀ ਦੀਆਂ 60 ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ।

ਕਾਨੂੰਨੀ ਮਾਮਲਿਆਂ ਦੇ ਸਲਾਹਕਾਰ ਆਸਿਫ ਨਜ਼ਰੁਲ ਨੇ ਇੱਥੇ ਕੌਮਾਂਤਰੀ ਅਪਰਾਧ ਟ੍ਰਿਬਿਊਨਲ (ਆਈ.ਸੀ.ਟੀ.) ਦਫ਼ਤਰ ਦੇ ਨਵੀਨੀਕਰਨ ਦਾ ਨਿਰੀਖਣ ਕਰਨ ਮਗਰੋਂ ਪੱਤਰਕਾਰਾਂ ਨੂੰ ਕਿਹਾ, ''ਇੰਟਰਪੋਲ ਰਾਹੀਂ ਬਹੁਤ ਜਲਦੀ ਹੀ ਰੈੱਡ ਨੋਟਿਸ ਜਾਰੀ ਕੀਤਾ ਜਾਵੇਗਾ। ਭਗੌੜੇ ਫਾਸ਼ੀਵਾਦੀ ਭਾਵੇਂ ਦੁਨੀਆ 'ਚ ਕਿਤੇ ਵੀ ਲੁਕੇ ਹੋਣ, ਉਨ੍ਹਾਂ ਨੂੰ ਵਾਪਸ ਲਿਆਂਦਾ ਜਾਵੇਗਾ ਅਤੇ ਅਦਾਲਤ 'ਚ ਜਵਾਬਦੇਹ ਠਹਿਰਾਇਆ ਜਾਵੇਗਾ।''

# ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਲੱਗੇਗੀ ਪਾਬੰਦੀ

**ਮੈਲਬਰਨ:** ਆਸਟਰੇਲੀਆ ਨੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵ ਤੋਂ ਬਚਾਉਣ ਲਈ ਸਖ਼ਤ ਕਾਨੂੰਨ ਲਿਆਉਣ ਦੀ ਤਿਆਰੀ ਖਿੱਚ ਲਈ ਹੈ। ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਕਿਹਾ ਕਿ ਇਸ ਸਬੰਧੀ ਬਿੱਲ ਤਿਆਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੇ ਮਾਪਿਆਂ ਦੀਆਂ ਡਿਜੀਟਲ ਯੁੱਗ 'ਚ ਵੱਧ ਰਹੀਆਂ ਚਿੰਤਾਵਾਂ ਜਾਇਜ਼ ਹਨ ਅਤੇ ਸਰਕਾਰ ਬੱਚਿਆਂ ਨੂੰ ਇਨ੍ਹਾਂ ਆਨਲਾਈਨ ਖ਼ਤਰਿਆਂ ਤੋਂ ਬਚਾਉਣ ਲਈ ਵਚਨਬੱਧ ਹੈ।



ਇਸ ਬਿੱਲ ਬਾਰੇ ਵਿਸਥਾਰ 'ਚ ਰਿਪੋਰਟ ਹਾਲੇ ਆਉਣੀ ਬਾਕੀ ਹੈ, ਪਰ ਆਸਟਰੇਲੀਆ ਦੁਨੀਆਂ 'ਚ ਅਜਿਹਾ ਪਹਿਲਾ ਮੁਲਕ ਹੋਵੇਗਾ ਜਿੱਥੇ ਬੱਚਿਆਂ ਦੇ ਸੋਸ਼ਲ ਮੀਡੀਆ ਚਲਾਉਣ 'ਤੇ ਪਾਬੰਦੀ ਹੋਵੇਗੀ ਅਤੇ ਮਾਪਿਆਂ ਦੀ ਇਜਾਜ਼ਤ ਮਗਰੋਂ ਹੀ 16 ਸਾਲ ਤੋਂ ਘੱਟ ਉਮਰ ਦੇ ਬੱਚੇ ਸੋਸ਼ਲ ਮੀਡੀਆ ਉਤੇ ਆ ਸਕਣਗੇ। ਕਾਨੂੰਨ ਬਣਨ ਦੇ ਸਾਲ ਬਾਅਦ ਇਸ ਨੂੰ ਪੂਰਨ ਤੌਰ ਉਤੇ ਲਾਗੂ ਕਰ ਦਿੱਤਾ ਜਾਵੇਗਾ। ਮੁਲਕ ਦੇ ਮੰਨੇ-ਪ੍ਰਮੰਨੇ ਮਾਹਿਰਾਂ ਨੇ ਸਰਕਾਰ ਨੂੰ ਇਹ ਅਪੀਲ ਕੀਤੀ ਸੀ ਕਿ ਬੱਚਿਆਂ ਦਾ ਆਨਲਾਈਨ ਖ਼ਤਰਿਆਂ ਤੋਂ ਬਚਾਅ ਕਰਨਾ ਲਾਜ਼ਮੀ ਹੈ ਕਿਉਂਕਿ ਸੋਸ਼ਲ ਮੀਡੀਆ ਤੇ ਵੀਡੀਓ ਪਲੈਟਫਾਰਮ ਬੱਚਿਆਂ ਦੀ ਮਾਨਸਿਕ ਸਿਹਤ ਬੁਰੀ ਤਰ੍ਹਾਂ ਵਿਗਾੜ ਰਹੇ ਹਨ। ਵੱਖ-ਵੱਖ ਸਮਾਜਸੇਵੀ ਸੰਸਥਾਵਾਂ ਵੱਲੋਂ ਸਵਾ ਲੱਖ ਦਸਤਖ਼ਤਾਂ ਵਾਲੀ ਪਟੀਸ਼ਨ ਰਾਹੀਂ ਸਰਕਾਰ ਨੂੰ ਅਕਤੂਬਰ 'ਚ ਇਸ ਸਬੰਧੀ ਅਪੀਲ ਕੀਤੀ ਸੀ। ਕੁਝ ਸਮਾਂ ਪਹਿਲਾਂ ਸਰਕਾਰ ਨੇ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ ਬੱਚਿਆਂ ਲਈ ਖ਼ਤਰਾ ਬਣਦੇ ਮਾਹੌਲ ਨੂੰ ਠੱਲ੍ਹ ਪਾਉਣ ਬਾਰੇ ਸਖ਼ਤ ਕਦਮ ਚੁੱਕਣ ਵਾਸਤੇ ਕਿਹਾ ਸੀ ਪਰ ਮੁਨਾਫੇ ਨੂੰ ਮੁੱਖ ਰੱਖਦਿਆਂ ਉਨ੍ਹਾਂ ਇਸ ਅਪੀਲ ਨੂੰ ਸੰਜੀਦਗੀ ਨਾਲ ਨਹੀਂ ਲਿਆ ਸੀ।

## ਟਰੰਪ ਨੇ ਪੂਤਿਨ ਨੂੰ ਫੋਨ ਕਰਨ ਅਤੇ ਯੂਕਰੇਨ ਜੰਗ ਬਾਰੇ ਚਰਚਾ ਦੀ ਰਿਪੋਰਟ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਲਡ ਟਰੰਪ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਫੋਨ ਉਤੇ ਗੱਲਬਾਤ ਕੀਤੀ ਅਤੇ ਯੂਕਰੇਨ ਜੰਗ ਖ਼ਤਮ ਕਰਨ 'ਤੇ ਚਰਚਾ ਕੀਤੀ। ਚੋਣਾਂ ਜਿੱਤਣ ਤੋਂ ਬਾਅਦ ਟਰੰਪ ਨੇ ਦੁਨੀਆ ਦੇ 70 ਤੋਂ ਵੱਧ ਨੇਤਾਵਾਂ ਨਾਲ ਗੱਲਬਾਤ ਕੀਤੀ, ਇਨ੍ਹਾਂ ਵਿਚ ਨਰਿੰਦਰ ਮੋਦੀ ਅਤੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਸ਼ਾਮਲ ਹਨ। ਅਖ਼ਬਾਰ 'ਵਾਸ਼ਿੰਗਟਨ ਪੋਸਟ' ਨੇ ਇਕ ਵਿਸ਼ੇਸ਼ ਰਿਪੋਰਟ ਵਿਚ ਕਿਹਾ ਕਿ ਦੋਵਾਂ ਆਗੂਆਂ ਨੇ ਯੂਰਪੀ ਮਹਾਂਦੀਪ ਵਿਚ ਸ਼ਾਂਤੀ ਕਾਇਮ ਕਰਨ ਦੇ ਟੀਚੇ ਉਤੇ ਚਰਚਾ ਕੀਤੀ ਅਤੇ ਟਰੰਪ ਨੇ 'ਯੂਕਰੇਨ ਜੰਗ ਦੇ ਜਲਦ ਖ਼ਾਤਮੇ' ਉਤੇ ਜ਼ੋਰ ਦਿੱਤਾ ਅਤੇ ਨਾਲ ਹੀ ਇਸ ਗੱਲ ਵਿਚ ਵੀ ਦਿਲਚਸਪੀ ਦਿਖਾਈ ਕਿ ਦੋਵੇਂ ਆਗੂ ਇਨ੍ਹਾਂ ਮੁੱਦਿਆਂ ਉਤੇ ਅਗਾਂਹ ਵੀ ਗੱਲਬਾਤ ਕਰਦੇ ਰਹਿਣਗੇ।

## ਬਾਰ 'ਚ ਗੋਲੀਬਾਰੀ; 10 ਹਲਾਕ

**ਮੈਕਸਿਕੋ:** ਮੈਕਸਿਕੋ ਦੇ ਕੁਏਰੇਟਾਰੋ ਸੂਬੇ ਵਿਚ ਬੰਦੂਕਧਾਰੀਆਂ ਵੱਲੋਂ ਬਾਰ ਵਿਚ ਕੀਤੀ ਗੋਲੀਬਾਰੀ 'ਚ 10 ਮੌਤਾਂ ਹੋ ਗਈਆਂ ਅਤੇ 7 ਜ਼ਖ਼ਮੀ ਹੋ ਗਏ। ਹਮਲਾਵਰ ਬਾਰ ਵਿਚ ਦਾਖ਼ਲ ਹੋਏ ਅਤੇ ਉਥੇ ਬੈਠੇ ਲੋਕਾਂ ਤੇ ਸਟਾਫ ਨੂੰ ਨਿਸ਼ਾਨਾ ਬਣਾਇਆ। ਸੂਬੇ ਦੇ ਅਟਾਰਨੀ ਜਨਰਲ ਤੇ ਕੁਏਰੇਟਾਰੋ ਸ਼ਹਿਰ ਦੇ ਮੁੱਖ ਸੁਰੱਖਿਆ ਅਧਿਕਾਰੀ ਨੇ ਕਿਹਾ ਕਿ ਇਹ ਘਟਨਾ ਸੂਬੇ ਦੀ ਰਾਜਧਾਨੀ (ਕੁਏਰੇਟਾਰੋ) ਦੇ ਨੇੜਲੇ ਖੇਤਰ ਵਿਚ ਵਾਪਰੀ। ਚਾਰ ਹਮਲਾਵਰ ਬਾਰ ਵਿਚ ਦਾਖ਼ਲ ਹੋਏ ਅਤੇ 3 ਔਰਤਾਂ ਸਮੇਤ 10 ਜਣਿਆਂ 'ਤੇ ਗੋਲੀਬਾਰੀ ਕਰ ਦਿੱਤੀ। ਕੁਏਰੇਟਾਰੋ ਨੂੰ ਮੈਕਸਿਕੋ ਦੇ ਹੋਰ ਖੇਤਰਾਂ ਨਾਲੋਂ ਵੱਧ ਸੁਰੱਖਿਅਤ ਮੰਨਿਆ ਜਾਂਦਾ ਹੈ। ਕੁਏਰੇਟਾਰੋ ਦੇ ਗਵਰਨਰ ਮੌਰੀਸ਼ੀਓ ਕੁਰੀ ਨੇ ਕਿਹਾ, ''ਮੈਂ ਕੁਏਰੇਟਾਰੋ ਵਾਸੀਆਂ ਨੂੰ ਯਕੀਨੀ ਦਿਵਾਉਂਦਾ ਹਾਂ ਕਿ ਇਸ ਹਰਕਤ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਮਿਲੇਗੀ, ਅਸੀਂ ਆਪਣੀਆਂ ਸਰਹੱਦਾਂ ਨੂੰ ਸੀਲ ਕਰਨਾ ਜਾਰੀ ਰੱਖਾਂਗੇ।''

## ਰੰਧਾਵਾ ਨੇ ਕੇਜਰੀਵਾਲ ਨੂੰ ਕਾਨੂੰਨੀ ਨੋਟਿਸ ਭੇਜਿਆ

**ਡੇਰਾ ਬਾਬਾ ਨਾਨਕ:** ਸਾਬਕਾ ਉਪ ਮੁੱਖ ਮੰਤਰੀ ਅਤੇ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਹਲਕਾ ਡੇਰਾ ਬਾਬਾ ਨਾਨਕ ਵਿਚ ਜਨਤਕ ਰੈਲੀ ਦੌਰਾਨ ਲਗਾਏ ਦੋਸ਼ਾਂ ਵਿਰੁੱਧ ਖ਼ਿਲਾਫ਼ ਉਨ੍ਹਾਂ ਨੂੰ ਲੀਗਲ ਨੋਟਿਸ ਭੇਜਿਆ ਹੈ। ਉਨ੍ਹਾਂ ਆਖਿਆ ਕਿ 'ਆਪ' ਸੁਪਰੀਮੋ ਨੇ ਜੇ ਮੁਆਫ਼ੀ ਨਾ ਮੰਗੀ ਤਾਂ ਉਹ ਕਾਨੂੰਨੀ ਕਾਰਵਾਈ ਵੀ ਕਰਨਗੇ। ਸ੍ਰੀ ਰੰਧਾਵਾ ਦੇ ਕਰੀਬੀ ਕਿਸ਼ਨ ਚੰਦਰ ਮਹਾਜਨ ਨੇ ਦੱਸਿਆ ਕਿ ਉਨ੍ਹਾਂ ਇਸ ਸਬੰਧੀ ਲੋਕ ਸਭਾ ਦੇ ਸਪੀਕਰ ਨੂੰ ਵੀ ਚਿੱਠੀ ਲਿਖੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਹਲਕੇ 'ਚ ਹਾਰ ਤੋਂ ਬੁਖਲਾ ਕੇ ਦੋਸ਼ ਲਗਾ ਰਹੀ ਹੈ। ਸ੍ਰੀ ਰੰਧਾਵਾ ਨੇ ਕਿਹਾ ਕਿ ਜੇ ਕੇਜਰੀਵਾਲ ਨੇ ਉਨ੍ਹਾਂ 'ਤੇ ਲਗਾਏ ਝੂਠੇ ਦੋਸ਼ਾਂ ਦੀ ਮੁਆਫ਼ੀ ਨਾ ਮੰਗੀ ਤਾਂ ਉਹ ਕੇਸ ਕਰਨ ਲਈ ਮਜਬੂਰ ਹੋਣਗੇ।

# ਟਰੂਡੋ ਨੇ ਖਾਲਿਸਤਾਨੀ ਹਮਾਇਤੀਆਂ ਦੀ ਮੌਜੂਦਗੀ ਦੀ ਗੱਲ ਕਬੂਲੀ

**ਓਟਵਾ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡਾ ਵਿਚ ਖਾਲਿਸਤਾਨੀ ਹਮਾਇਤੀਆਂ ਦੀ ਮੌਜੂਦਗੀ ਦੀ ਗੱਲ ਕਬੂਲੀ ਹੈ, ਪਰ ਉਨ੍ਹਾਂ ਨਾਲ ਹੀ ਸਾਫ਼ ਕਰ ਦਿੱਤਾ ਕਿ ਖਾਲਿਸਤਾਨੀ ਸਮਰਥਕ ਸਾਰੇ ਸਿੱਖਾਂ ਦੀ ਨੁਮਾਇੰਦਗੀ ਨਹੀਂ ਕਰਦੇ ਹਨ। ਟਰੂਡੋ ਨੇ ਓਟਵਾ ਦੀ ਪਾਰਲੀਮੈਂਟ ਹਿੱਲ ਵਿਚ ਦੀਵਾਲੀ ਦੇ ਜਸ਼ਨਾਂ ਲਈ ਰੱਖੇ ਸਮਾਗਮ ਦੌਰਾਨ ਇਹ ਟਿੱਪਣੀ ਅਜਿਹੇ ਮੌਕੇ ਕੀਤੀ ਹੈ, ਜਦੋਂ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਕਾਰਨ ਕੈਨੇਡਾ ਤੇ ਭਾਰਤ ਦਰਮਿਆਨ ਕੂਟਨੀਤਕ ਵਿਵਾਦ ਸਿਖਰ 'ਤੇ ਹੈ। ਟਰੂਡੋ ਨੇ ਕਿਹਾ, ''ਕੈਨੇਡਾ ਵਿਚ ਖ਼ਾਲਿਸਤਾਨ ਦੇ ਬਹੁਤ ਸਾਰੇ ਸਮਰਥਕ ਹਨ ਪਰ ਉਹ ਸਾਰੇ ਸਿੱਖਾਂ ਦੀ ਤਰਜਮਾਨੀ ਨਹੀਂ ਕਰਦੇ ਹਨ। ਠੀਕ ਉਸੇ ਤਰ੍ਹਾਂ ਕੈਨੇਡਾ ਵਿਚ ਪ੍ਰਧਾਨ ਮੰਤਰੀ (ਨਰਿੰਦਰ) ਮੋਦੀ ਸਰਕਾਰ ਦੇ ਸਮਰਥਕ ਹਨ ਪਰ ਉਹ ਸਾਰੇ



ਹਿੰਦੂ ਕੈਨੇਡੀਅਨਾਂ ਦੀ ਨੁਮਾਇੰਦਗੀ ਨਹੀਂ ਕਰਦੇ।'' ਪਿਛਲੇ ਸਾਲ ਸਤੰਬਰ ਵਿਚ ਟਰੂਡੋ ਵੱਲੋਂ ਨਿੱਝਰ ਦੀ ਹੱਤਿਆ ਵਿਚ ਕਥਿਤ ਭਾਰਤ ਸਰਕਾਰ ਦੇ ਏਜੰਟਾਂ ਦੀ 'ਸੰਭਾਵੀ' ਸ਼ਮੂਲੀਅਤ ਦੇ ਲਾਏ ਦੋਸ਼ਾਂ ਮਗਰੋਂ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿਚ ਤਲਖ਼ੀ ਵਧ ਗਈ ਸੀ।

ਨਵੀਂ ਦਿੱਲੀ ਨੇ ਹਾਲਾਂਕਿ ਟਰੂਡੋ ਦੇ ਦੋਸ਼ਾਂ ਨੂੰ 'ਹਾਸੋਹੀਣੇ' ਤੇ ਬੇਬੁਨਿਆਦ ਦੱਸ ਕੇ ਖਾਰਜ ਕਰ ਦਿੱਤਾ ਸੀ। ਭਾਰਤ ਨੇ ਓਟਵਾ ਦੇ ਦੋਸ਼ਾਂ ਨੂੰ ਜ਼ੋਰਦਾਰ ਢੰਗ ਨਾਲ ਰੱਦ ਕਰਦਿਆਂ ਨਵੀਂ ਦਿੱਲੀ ਵਿਚਲੇ ਛੇ ਕੈਨੇਡੀਅਨ ਕੂਟਨੀਤਕਾਂ ਨੂੰ ਮੁਅੱਤਲ ਅਤੇ ਕੈਨੇਡਾ ਵਿਚ ਆਪਣੇ ਹਾਈ ਕਮਿਸ਼ਨਰ ਸੰਜੈ ਵਰਮਾ ਤੇ 'ਨਿਸ਼ਾਨਾ' ਬਣਾਏ ਜਾ ਰਹੇ ਹੋਰਨਾਂ ਅਧਿਕਾਰੀਆਂ ਨੂੰ ਵਾਪਸ ਸੱਦ ਲਿਆ ਸੀ। ਭਾਰਤ ਵਾਰ ਵਾਰ ਦੁਹਰਾਉਂਦਾ ਰਿਹਾ ਹੈ ਕਿ ਦੋਵਾਂ ਮੁਲਕਾਂ ਦਰਮਿਆਨ ਮੁੱਖ ਮੁੱਦਾ ਕੈਨੇਡਾ ਵੱਲੋਂ ਆਪਣੀ ਧਰਤੀ 'ਤੇ ਖ਼ਾਲਿਸਤਾਨੀ ਹਮਾਇਤੀਆਂ ਨੂੰ ਸ਼ਹਿ ਦੇਣਾ ਹੈ।

# ਅਕਾਲ ਤਖਤ ਵੱਲੋਂ ਸੁਖਬੀਰ ਬਾਰੇ ਛੇਤੀ ਫੈਸਲਾ ਲੈਣ ਦੇ ਆਸਾਰ

**ਅੰਮ੍ਰਿਤਸਰ:** ਅਕਾਲ ਤਖ਼ਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦਿੱਤੇ ਜਾਣ ਮਗਰੋਂ ਉਸ ਖ਼ਿਲਾਫ਼ ਅਗਲੀ ਕਾਰਵਾਈ ਬਾਰੇ ਚਰਚਾ ਲਈ ਸੱਦੀ ਗਈ ਵਿਦਵਾਨਾਂ ਦੀ ਇਕੱਤਰਤਾ ਵਿਚ ਵੱਖ-ਵੱਖ ਸਿੱਖ ਵਿਦਵਾਨਾਂ ਅਤੇ ਬੁੱਧੀਜੀਵੀਆਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ।

ਇਨ੍ਹਾਂ ਨੂੰ ਵਿਚਾਰਨ ਉਪਰੰਤ ਪੰਜ ਸਿੰਘ ਸਾਹਿਬਾਨ ਸੁਖਬੀਰ ਬਾਦਲ ਖ਼ਿਲਾਫ਼ ਕੋਈ ਫ਼ੈਸਲਾ ਲੈਣਗੇ। ਇਸ ਮੌਕੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਸਿੱਖ ਵਿਦਵਾਨਾਂ ਦੇ ਵਿਚਾਰ ਸੁਣੇ। ਕੁਝ ਵਿਦਵਾਨਾਂ ਨੇ ਲਿਖਤੀ ਵਿਚਾਰ ਵੀ ਭੇਜੇ ਸਨ, ਜਿਨ੍ਹਾਂ ਨੂੰ ਮੀਟਿੰਗ ਦੌਰਾਨ ਵਿਚਾਰ-ਚਰਚਾ ਵਿਚ ਸ਼ਾਮਲ ਕੀਤਾ ਗਿਆ। ਸਾਰੇ ਵਿਦਵਾਨਾਂ ਦੇ ਵਿਚਾਰ ਸੁਣਨ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਸਮੇਂ-ਸਮੇਂ 'ਤੇ ਪੰਥ ਵਿਚ ਕੌਮੀ ਮੁੱਦਿਆਂ ਬਾਰੇ ਪੰਥਕ ਵਿਦਵਾਨਾਂ ਅਤੇ ਬੁੱਧੀਜੀਵੀਆਂ ਨਾਲ ਵਿਚਾਰ-ਵਟਾਂਦਰੇ ਦੀ ਰਵਾਇਤ ਰਹੀ ਹੈ ਅਤੇ ਇਸ ਨੂੰ ਅੱਗੇ ਵੀ ਕਾਇਮ ਰੱਖਿਆ ਜਾਵੇਗਾ। ਆਉਣ ਵਾਲੇ ਸਮੇਂ ਵਿਚ ਸਿੱਖ ਸੰਪਰਦਾਵਾਂ, ਜਥੇਬੰਦੀਆਂ, ਸਿੰਘ ਸਭਾਵਾਂ ਤੇ ਗੁਰਦੁਆਰਾ ਕਮੇਟੀਆਂ ਨਾਲ ਵੀ ਪੰਥਕ ਮਸਲਿਆਂ ਬਾਰੇ ਵਿਚਾਰ-ਚਰਚਾ ਲਈ



ਇਕੱਤਰਤਾ ਕੀਤੀ ਜਾਵੇਗੀ ਤਾਂ ਜੋ ਪੰਥ ਨੂੰ ਨਵੇਂ ਅਤੇ ਉੱਜਲ ਦਿਸਹੱਦਿਆਂ ਵੱਲ ਲਿਜਾਇਆ ਜਾ ਸਕੇ।

ਮੀਟਿੰਗ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ, ਸਿੱਖ ਵਿਦਵਾਨ ਹਰਸਿਮਰਨ ਸਿੰਘ, ਡਾ. ਜਸਬੀਰ ਕੌਰ ਪਟਿਆਲਾ, ਇੰਜੀਨੀਅਰ ਸਰਬਜੀਤ ਸਿੰਘ ਸੋਹਲ, ਡਾ. ਚਮਕੌਰ ਸਿੰਘ ਪਟਿਆਲਾ, ਡਾ. ਅਮਰਜੀਤ ਸਿੰਘ ਅਤੇ ਹੋਰ ਹਾਜ਼ਰ ਸਨ। ਸਿੱਖ ਵਿਦਵਾਨਾਂ ਕੋਲੋਂ ਇਸ ਸਬੰਧੀ ਰਾਏ ਲੈਣ ਤੋਂ ਬਾਅਦ ਹੁਣ ਸਿੱਖ ਜਥੇਬੰਦੀਆਂ ਦੀ ਵੀ ਮੀਟਿੰਗ ਸੱਦੇ ਜਾਣ ਦੀ ਸੰਭਾਵਨਾ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਪਾਰਟੀ ਦੇ ਨਾਰਾਜ਼ ਧੜੇ ਵੱਲੋਂ ਅਕਾਲ ਤਖ਼ਤ ਉਤੇ ਸ਼ਿਕਾਇਤ ਕੀਤੀ ਗਈ ਸੀ ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ 2007 ਤੋਂ ਲੈ ਕੇ 2017 ਤੱਕ ਅਕਾਲੀ ਸਰਕਾਰ ਵੇਲੇ ਵੱਡੀਆਂ ਭੁੱਲਾਂ ਅਤੇ ਗਲਤੀਆਂ ਹੋਈਆਂ ਹਨ ਜਿਸ ਨਾਲ ਪੰਥ ਨੂੰ ਵੱਡਾ ਨੁਕਸਾਨ ਹੋਇਆ। ਇਨ੍ਹਾਂ ਭੁੱਲਾਂ ਅਤੇ ਗਲਤੀਆਂ ਵਿਚ ਡੇਰਾ ਸਿਰਸਾ ਮੁਖੀ ਖ਼ਿਲਾਫ਼ ਚੱਲ ਰਹੇ ਕੇਸ ਨੂੰ ਵਾਪਸ ਲੈਣਾ ਅਤੇ ਉਸ ਨੂੰ ਅਕਾਲ ਤਖ਼ਤ ਤੋਂ ਮੁਆਫ਼ੀ ਦਿਵਾਉਣਾ, 2015 ਵਿੱਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਕੋਈ ਠੋਸ ਕਾਰਵਾਈ ਨਾ ਕਰਨਾ ਆਦਿ ਸ਼ਾਮਲ ਹਨ। ਸੁਖਬੀਰ ਸਿੰਘ ਬਾਦਲ ਇਸ ਮਾਮਲੇ ਵਿਚ ਅਪਣਾ ਖਿਮਾ ਯਾਚਨਾ ਪੱਤਰ ਅਕਾਲ ਤਖ਼ਤ ਵਿਖੇ ਸੌਂਪ ਚੁੱਕੇ ਹਨ। ਮੀਟਿੰਗ ਮਗਰੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਜੇ ਲੋੜ ਪਈ ਤਾਂ ਸਿੱਖ ਜਥੇਬੰਦੀਆਂ ਦੀ ਮੀਟਿੰਗ ਸੱਦ ਕੇ ਵੀ ਇਸ ਮਾਮਲੇ ਨੂੰ ਵਿਚਾਰਿਆ ਜਾਵੇਗਾ।

## ਸੁਧਾਰ ਲਹਿਰ ਦੇ ਆਗੂਆਂ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ

**ਤਲਵੰਡੀ ਸਾਬੋ:** ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸੀਨੀਅਰ ਆਗੂਆਂ ਦਾ ਇਕ ਵਫ਼ਦ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਉਨ੍ਹਾਂ ਦੀ ਸਥਾਨਕ ਰਿਹਾਇਸ਼ 'ਤੇ ਮਿਲਿਆ ਤੇ ਉਨ੍ਹਾਂ ਨਾਲ ਬੰਦ-ਕਮਰਾ ਮੀਟਿੰਗ ਕੀਤੀ। ਉਨ੍ਹਾਂ ਸਿੰਘ ਸਾਹਿਬ ਨਾਲ ਸਵਾ ਘੰਟੇ ਦੇ ਕਰੀਬ ਬੰਦ-ਕਮਰਾ ਮੀਟਿੰਗ ਕੀਤੀ, ਪਰ ਇਹ ਪਤਾ ਨਹੀਂ ਲੱਗ ਸਕਿਆ ਕਿ ਵਿਚਾਰ ਚਰਚਾ ਕਿਸ ਵਿਸ਼ੇ ਉਤੇ ਹੋਈ।

## ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਧਾਮੀ ਨੂੰ ਲਾਂਭੇ ਕਰਨ ਦੀ ਮੰਗ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਭਾਈ ਮਨਜੀਤ ਸਿੰਘ, ਬੀਬੀ ਪਰਮਜੀਤ ਕੌਰ ਲਾਂਡਰਾਂ, ਮਹਿੰਦਰ ਸਿੰਘ ਹੁਸੈਨਪੁਰ, ਮਾਸਟਰ ਮਿੱਠੂ ਸਿੰਘ ਕਾਹਨੇਕੇ ਅਤੇ ਮਲਕੀਤ ਸਿੰਘ ਚੰਗਾਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਤੁਰਤ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਕੀਤੀ ਹੈ। ਇਨ੍ਹਾਂ ਮੈਂਬਰਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਸਿੰਘ ਸਾਹਿਬਾਨ ਗਿਆਨੀ ਹਰਪ੍ਰੀਤ ਸਿੰਘ ਨਾਲ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਚ ਮੁਲਾਕਾਤ ਹੋਈ। ਇਹ ਮੁਲਾਕਾਤ ਕਰਵਾਉਣ ਲਈ ਧਾਮੀ ਨੇ ਵਿਚੋਲਗੀ ਕੀਤੀ। ਇਸ ਦੌਰਾਨ ਜਥੇਦਾਰ ਨੂੰ ਪਟਿਆਲਾ ਤੋਂ ਫਤਹਿਗੜ੍ਹ ਸਾਹਿਬ ਲਿਆਂਦਾ ਗਿਆ ਸੀ।

# ਸ਼ਾਦਮਾਨ ਚੌਕ ਦਾ ਨਾਂ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੀ ਯੋਜਨਾ ਰੱਦ

**ਲਾਹੌਰ:** ਪਾਕਿਸਤਾਨ ਦੇ ਸੂਬੇ ਪੰਜਾਬ ਦੀ ਰਾਜਧਾਨੀ ਲਾਹੌਰ ਦੇ ਪ੍ਰਸ਼ਾਸਨ ਨੇ ਹਾਈ ਕੋਰਟ ਨੂੰ ਦੱਸਿਆ ਕਿ ਲਾਹੌਰ ਸ਼ਹਿਰ ਦੇ ਸ਼ਾਦਮਾਨ ਚੌਕ ਦਾ ਨਾਮ ਬਦਲ ਕੇ ਭਗਤ ਸਿੰਘ ਦੇ ਨਾਮ 'ਤੇ ਰੱਖਣ ਅਤੇ ਉਥੇ ਉਨ੍ਹਾਂ ਦਾ ਬੁੱਤ ਸਥਾਪਤ ਕਰਨ ਦੀ ਯੋਜਨਾ ਇਕ ਸੇਵਾਮੁਕਤ ਫੌਜੀ ਅਧਿਕਾਰੀ ਦੀ ਰਾਏ ਦੇ ਮੱਦੇਨਜ਼ਰ ਰੱਦ ਕਰ ਦਿੱਤੀ ਗਈ ਹੈ। ਸਹਾਇਕ ਐਡਵੋਕੇਟ ਜਨਰਲ ਅਸਗਰ ਲੇਘਾਰੀ ਵੱਲੋਂ ਲਾਹੌਰ ਹਾਈ ਕੋਰਟ ਵਿਚ ਦਿੱਤੇ ਗਏ ਲਿਖਤੀ ਜਵਾਬ 'ਚ ਆਜ਼ਾਦੀ ਘੁਲਾਟੀਏ 'ਤੇ ਗੰਭੀਰ ਦੋਸ਼ ਲਾਏ ਗਏ ਹਨ।

ਲਾਹੌਰ ਮੈਟਰੋਪੌਲੀਟਨ ਕਾਰਪੋਰੇਸ਼ਨ ਨੇ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਵੱਲੋਂ ਲਾਹੌਰ ਹਾਈ ਕੋਰਟ 'ਚ ਦਾਇਰ ਮਾਣਹਾਨੀ ਪਟੀਸ਼ਨ ਦੇ ਜਵਾਬ ਵਿਚ ਕਿਹਾ, 'ਸ਼ਾਦਮਾਨ ਚੌਕ ਦਾ ਨਾਮ ਬਦਲ ਕੇ ਭਗਤ ਸਿੰਘ ਦੇ ਨਾਮ 'ਤੇ ਰੱਖਣ ਅਤੇ ਉਥੇ ਉਨ੍ਹਾਂ ਦਾ ਬੁੱਤ ਲਾਉਣ ਦੀ ਪ੍ਰਸਤਾਵਿਤ ਯੋਜਨਾ ਨੂੰ (ਸੇਵਾਮੁਕਤ) ਫ਼ੌਜੀ ਅਧਿਕਾਰੀ ਤਾਰਿਕ ਮਜੀਦ ਵੱਲੋਂ ਦਿੱਤੀ ਗਈ ਰਾਏ ਦੇ ਮੱਦੇਨਜ਼ਰ ਰੱਦ ਕਰ ਦਿੱਤਾ ਗਿਆ ਹੈ।'

ਇਸ ਵਿਚ ਕਿਹਾ ਗਿਆ ਹੈ ਕਿ ਸ਼ਾਦਮਾਨ ਚੌਕ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ ਲਈ ਬਣਾਈ ਗਈ ਕਮੇਟੀ ਵਿਚ ਸ਼ਾਮਲ ਕੀਤੇ ਗਏ ਸੇਵਾਮੁਕਤ ਅਧਿਕਾਰੀ ਮਜੀਦ ਨੇ ਦਾਅਵਾ ਕੀਤਾ, 'ਭਗਤ ਸਿੰਘ ਕ੍ਰਾਂਤੀਕਾਰੀ ਨਹੀਂ ਬਲਕਿ ਅਪਰਾਧੀ ਸੀ। ਉਸ ਨੇ ਬਰਤਾਨਵੀ ਅਧਿਕਾਰੀ ਦੀ ਹੱਤਿਆ ਕੀਤੀ ਸੀ ਅਤੇ ਇਸ ਅਪਰਾਧ



ਲਈ ਉਸ ਨੂੰ ਦੋ ਸਾਥੀਆਂ ਸਮੇਤ ਫਾਂਸੀ ਦਿੱਤੀ ਗਈ ਸੀ।' ਮਜੀਦ ਅਨੁਸਾਰ, 'ਭਗਤ ਸਿੰਘ ਮੁਸਲਮਾਨਾਂ ਦੇ ਦੁਸ਼ਮਣ ਧਾਰਮਿਕ ਆਗੂਆਂ ਤੋਂ ਪ੍ਰਭਾਵਿਤ ਸੀ ਅਤੇ ਗੈਰ-ਸਰਕਾਰੀ ਸੰਗਠਨ 'ਭਗਤ ਸਿੰਘ ਫਾਊਂਡੇਸ਼ਨ', ਜੋ ਇਸਲਾਮਿਕ ਵਿਚਾਰਧਾਰਾ ਅਤੇ ਪਾਕਿਸਤਾਨੀ ਸੱਭਿਆਚਾਰ ਦੇ ਖ਼ਿਲਾਫ਼ ਕੰਮ ਕਰ ਰਿਹਾ ਹੈ, ਉਤੇ ਪਾਬੰਦੀ ਲਾਈ ਜਾਣੀ ਚਾਹੀਦੀ ਹੈ।' ਉਨ੍ਹਾਂ ਕਿਹਾ, 'ਇਸ ਸੰਗਠਨ ਦੇ ਅਧਿਕਾਰੀ, ਜੋ ਖ਼ੁਦ ਨੂੰ ਮੁਸਲਮਾਨ ਆਖਦੇ ਹਨ, ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪਾਕਿਸਤਾਨ ਵਿਚ ਇਕ ਨਾਸਤਕ ਦੇ ਨਾਮ ਉਤੇ ਕਿਸੇ ਥਾਂ ਦਾ ਨਾਮ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਇਸਲਾਮ ਵਿਚ ਬੁੱਤ ਲਾਉਣ ਦੀ ਮਨਾਹੀ ਹੈ।'

ਉਨ੍ਹਾਂ ਕਿਹਾ ਕਿ ਉਹ ਇਸ ਵੱਡੇ ਕਾਰਜ ਲਈ ਆਪਣੀ ਲੜਾਈ ਪਹਿਲਾਂ ਵਾਂਗ ਜਾਰੀ ਰੱਖੇਗਾ ਅਤੇ ਕਾਮਯਾਬੀ ਹਾਸਿਲ ਕਰੇਗਾ।

## ਭਗਤ ਸਿੰਘ 'ਤੇ ਦੋਸ਼ ਲਾਉਣ ਖ਼ਿਲਾਫ਼ ਭੇਜਿਆ ਜਾਵੇਗਾ ਕਾਨੂੰਨੀ ਨੋਟਿਸ

**ਲਾਹੌਰ:** ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੇ ਚੇਅਰਮੈਨ ਇਮਤਿਆਜ਼ ਰਸ਼ੀਦ ਕੁਰੈਸ਼ੀ ਨੇ ਕਿਹਾ ਕਿ ਭਗਤ ਸਿੰਘ ਨੂੰ ਮਹਾਨ ਕ੍ਰਾਂਤੀਕਾਰੀ, ਆਜ਼ਾਦੀ ਘੁਲਾਟੀਆ ਅਤੇ ਸ਼ਹੀਦ ਐਲਾਨਿਆ ਗਿਆ ਸੀ। ਉਨ੍ਹਾਂ ਕਿਹਾ, 'ਮੈਂ ਭਗਤ ਸਿੰਘ ਫਾਊਂਡੇਸ਼ਨ ਉਤੇ ਗੰਭੀਰ ਦੋਸ਼ ਲਾਉਣ ਅਤੇ ਭਗਤ ਸਿੰਘ ਬਾਰੇ ਉਸ ਦੇ ਨਜ਼ਰੀਏ ਖ਼ਿਲਾਫ਼ ਮਜੀਦ ਨੂੰ ਕਾਨੂੰਨੀ ਨੋਟਿਸ ਭੇਜਾਂਗਾ।'

# ਪੰਜਾਬ ਨੇ ਕੇਂਦਰ ਤੋਂ ਹੱਕ ਮੰਗੇ

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਤਿੰਨ ਵਜ਼ੀਰਾਂ ਨੇ ਬਿਜਲੀ ਤੇ ਸ਼ਹਿਰੀ ਖੇਤਰ ਨਾਲ ਸਬੰਧਤ ਮੁੱਦਿਆਂ ਬਾਰੇ ਇੱਥੇ ਪੰਜਾਬ ਭਵਨ ਵਿਚ ਬਿਜਲੀ, ਘਰੇਲੂ ਤੇ ਸ਼ਹਿਰੀ ਮਾਮਲਿਆਂ ਬਾਰੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਹਰਭਜਨ ਸਿੰਘ ਈਟੀਓ ਅਤੇ ਡਾ. ਰਵਜੋਤ ਸਿੰਘ ਨੇ ਕੇਂਦਰੀ ਮੰਤਰੀ ਤੋਂ ਭਾਖੜਾ ਬਿਆਸ ਪ੍ਰਬੰਧਕ ਬੋਰਡ (ਬੀ.ਬੀ.ਐਮ.ਬੀ) ਵਿਚ ਪੰਜਾਬ ਤੋਂ ਬਿਜਲੀ ਮੈਂਬਰ ਲਾਉਣ ਦੀ ਰਵਾਇਤ ਨੂੰ ਕਾਇਮ ਰੱਖਦਿਆਂ ਸਾਲ 2022 'ਚ ਸੋਧ ਕੀਤੇ ਨਿਯਮਾਂ ਨੂੰ ਬਦਲਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਪੰਜਾਬ ਦੇ ਤਿੰਨਾਂ ਵਜ਼ੀਰਾਂ ਨੇ ਹਿਮਾਚਲ ਪ੍ਰਦੇਸ਼ ਸਥਿਤ ਸ਼ਾਨਨ ਪ੍ਰੋਜੈਕਟ 'ਤੇ ਪੰਜਾਬ ਦਾ ਹੱਕ ਜਤਾਉਂਦਿਆਂ ਕਿਹਾ ਕਿ ਪੰਜਾਬ ਪੁਨਰਗਠਨ ਕਾਨੂੰਨ ਤਹਿਤ ਇਸ 'ਤੇ ਪੰਜਾਬ ਦਾ ਹੀ ਹੱਕ ਬਣਦਾ ਹੈ।

ਕੈਬਨਿਟ ਮੰਤਰੀ ਨੇ ਸੌਰ ਊਰਜਾ ਨੂੰ ਉਤਸ਼ਾਹਿਤ ਕਰਨ ਲਈ ਖੇਤੀਬਾੜੀ ਲਈ ਸਬਸਿਡੀ ਵਾਲੇ ਸੋਲਰ ਪੰਪਾਂ ਦੀ ਸਮਰੱਥਾ ਵਧਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਨੂੰ ਘੱਟੋ-ਘੱਟ 15 ਹਾਰਸ ਪਾਵਰ ਕੀਤਾ ਜਾਵੇ। ਪੰਜਾਬ ਦੇ ਮੰਤਰੀਆਂ ਨੇ ਕੇਂਦਰੀ ਮੰਤਰੀ ਤੋਂ ਸੁਲਤਾਨਪੁਰ ਲੋਧੀ ਸਮਾਰਟ ਸਿਟੀ ਪ੍ਰੋਜੈਕਟ ਦਾ ਸਮਾਂ ਸੀਮਾ ਵਧਾਉਣ ਦੀ ਮੰਗ ਕੀਤੀ। ਇਸੇ ਤਰ੍ਹਾਂ ਚੰਡੀਗੜ੍ਹ ਨਾਲ ਲੱਗਦੇ ਮੁਹਾਲੀ-ਜ਼ੀਰਕਪੁਰ ਨੂੰ ਵੀ ਈ-ਬੱਸ ਸੇਵਾ ਪ੍ਰੋਜੈਕਟ ਵਿਚ ਸ਼ਾਮਲ ਕਰਨ ਦੀ ਅਪੀਲ ਕੀਤੀ। ਪੰਜਾਬ ਦੇ ਵਜ਼ੀਰਾਂ ਨੇ ਝੋਨੇ ਦੀ ਪਰਾਲੀ ਤੋਂ ਬਿਜਲੀ ਪੈਦਾ ਕਰਨ ਲਈ ਲੱਗਣ ਵਾਲੇ ਪਲਾਂਟਾਂ ਬਾਰੇ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਪਲਾਂਟਾਂ ਲਈ ਬਾਇਓਗੈਸ ਪਲਾਂਟਾਂ ਦੀ ਤਰਜ਼ 'ਤੇ ਸਬਸਿਡੀ ਦਿੱਤੀ ਜਾਵੇ। ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਨੇ ਪੰਜਾਬ ਦੀਆਂ ਮੰਗਾਂ 'ਤੇ ਸਹਿਮਤੀ ਦਿੰਦਿਆਂ ਇਨ੍ਹਾਂ 'ਤੇ ਸਕਾਰਾਤਮਕ ਰਵੱਈਏ ਨਾਲ ਪਹੁੰਚ ਅਪਣਾਉਣ ਦਾ ਭਰੋਸਾ ਦਿੱਤਾ।

# ਬਰੈਂਪਟਨ ਘਟਨਾ ਸਿੱਖਾਂ ਖਿਲਾਫ ਸਾਜ਼ਿਸ਼ ਕਰਾਰ

**ਅੰਮ੍ਰਿਤਸਰ:** ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਕੈਨੇਡਾ ਦੇ ਬਰੈਂਪਟਨ ਦੀ ਘਟਨਾ ਨੂੰ ਗ਼ਲਤ ਤੇ ਗੁਮਰਾਹਕੁੰਨ ਢੰਗ ਨਾਲ ਪ੍ਰਚਾਰ ਕੇ ਸਿੱਖ ਕੌਮ ਖ਼ਿਲਾਫ਼ ਬਿਰਤਾਂਤ ਸਿਰਜਣ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਮੰਦਰ ਦੇ ਬਾਹਰ ਝੜਪ ਹੋਈ ਹੈ ਜੋ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਆਖ ਚੁੱਕੇ ਹਨ ਕਿ ਸਿੱਖਾਂ ਖ਼ਿਲਾਫ਼ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਹੁਣ ਵੀ ਕੈਨੇਡਾ ਵਿਚ ਮੰਦਰ 'ਤੇ ਸਿੱਖਾਂ ਵੱਲੋਂ ਹਮਲਾ ਦੱਸ ਕੇ ਸਿੱਖ ਕੌਮ ਨੂੰ ਬਦਨਾਮ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਮੰਦਰ 'ਤੇ ਹਮਲਾ ਨਹੀਂ ਹੋਇਆ ਸਗੋਂ ਇਸ ਦੇ ਬਾਹਰ ਦੋ ਫਿਰਕਿਆਂ ਦਰਮਿਆਨ ਝੜਪ ਹੋਈ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਕਦੇ ਕਿਸੇ ਧਰਮ ਅਸਥਾਨ 'ਤੇ ਹਮਲਾ ਨਹੀਂ ਕਰਦੇ। ਪੰਜਾਬ ਵਿਚ ਅਤਿਵਾਦ ਦੌਰਾਨ ਕਈ ਗੁਰਦੁਆਰਿਆਂ 'ਤੇ



ਹਮਲੇ ਹੋਣ ਦੇ ਬਾਵਜੂਦ ਸਿੱਖਾਂ ਨੇ ਕਦੇ ਕਿਸੇ ਧਰਮ ਅਸਥਾਨ 'ਤੇ ਹਮਲਾ ਨਹੀਂ ਕੀਤਾ। ਉਨ੍ਹਾਂ ਇਕ ਗੁਰਦੁਆਰੇ ਦੇ ਬਾਹਰ ਵਾਹਨਾਂ ਦੀ ਹੋਈ ਭੰਨ-ਤੋੜ ਨੂੰ ਮੰਦਭਾਗਾ ਕਰਾਰ ਦਿੱਤਾ।

## ਸਿੱਖ ਕੌਮ ਕਦੇ ਕਿਸੇ ਧਰਮ ਅਸਥਾਨ 'ਤੇ ਹਮਲਾ ਨਹੀਂ ਕਰਦੀ: ਜਥੇਦਾਰ

**ਅੰਮ੍ਰਿਤਸਰ:** ਕੈਨੇਡਾ ਵਿਚ ਇਕ ਮੰਦਰ 'ਤੇ ਹੋਏ ਹਮਲੇ ਸਬੰਧੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਮੰਦਰ 'ਤੇ ਹਮਲਾ ਨਹੀਂ ਹੋਇਆ ਸਗੋਂ ਮੰਦਰ ਦੇ ਬਾਹਰ ਝੜਪ ਹੋਈ ਹੈ ਜੋ ਮੰਦਭਾਗੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਕਦੇ ਵੀ ਕਿਸੇ ਧਰਮ ਅਸਥਾਨ 'ਤੇ ਹਮਲਾ ਨਹੀਂ ਕਰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜਦੋਂ ਅਤਿਵਾਦ ਦੇ ਦਿਨ ਸਨ ਤਾਂ ਉਸ ਵੇਲੇ ਵੀ ਕਿਸੇ ਧਰਮ ਅਸਥਾਨ 'ਤੇ ਹਮਲਾ ਨਹੀਂ ਹੋਇਆ ਸੀ।

# ਅੰਮ੍ਰਿਤਸਰ ਤੋਂ ਨਾਂਦੇੜ ਸਾਹਿਬ ਲਈ ਹਵਾਈ ਉਡਾਣ ਸ਼ੁਰੂ ਹੋਵੇ: ਔਜਲਾ

**ਅੰਮ੍ਰਿਤਸਰ:** ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਕਿ ਅੰਮ੍ਰਿਤਸਰ ਤੋਂ ਸ੍ਰੀ ਨਾਂਦੇੜ ਸਾਹਿਬ ਲਈ ਹਵਾਈ ਉਡਾਣ ਸ਼ੁਰੂ ਕੀਤੀ ਜਾਵੇ ਅਤੇ ਕਿਰਾਇਆ ਸਸਤਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਉਹ ਇਸ ਲਈ ਲੰਬੇ ਸਮੇਂ ਤੋਂ ਕੋਸ਼ਿਸ਼ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਖੁਸ਼ੀ ਹੈ ਕਿ ਲੋਕਾਂ ਲਈ ਜੋ ਮੁਸ਼ਕਲ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਹਿਸੂਸ ਕੀਤੀ ਹੈ, ਉਸ ਨੂੰ ਉਹ ਕਈ ਸਾਲਾਂ ਤੋਂ ਮਹਿਸੂਸ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਉਹ ਜੁਲਾਈ ਵਿਚ ਹਵਾਬਾਜ਼ੀ ਮੰਤਰੀ ਨੂੰ ਮਿਲੇ ਸਨ ਅਤੇ ਉਨ੍ਹਾਂ ਨੂੰ ਉਡਾਣ ਸ਼ੁਰੂ ਕਰਨ ਦੀ ਅਪੀਲ ਕੀਤੀ ਸੀ। ਉਸ ਤੋਂ ਬਾਅਦ ਲੋਕ ਸਭਾ ਵਿਚ ਵੀ ਇਸ ਮਾਮਲੇ ਨੂੰ ਲੈ ਕੇ ਆਵਾਜ਼ ਉਠਾਈ ਗਈ ਸੀ। ਉਨ੍ਹਾਂ ਕਿਹਾ ਕਿ ਅੰਮ੍ਰਿਤਸਰ ਤੋਂ ਸ੍ਰੀ ਨਾਂਦੇੜ ਸਾਹਿਬ ਜਾਣ ਵਾਲੀ ਉਡਾਣ ਬਹੁਤ ਮਸ਼ਹੂਰ ਹੈ ਅਤੇ ਜਦੋਂ ਇਹ ਪਹਿਲਾਂ ਚੱਲਦੀ ਸੀ ਤਾਂ ਹਮੇਸ਼ਾ ਭਰੀ ਰਹਿੰਦੀ ਸੀ। ਮਗਰੋਂ ਇਸ ਨੂੰ ਬੰਦ ਕਰ ਦਿੱਤਾ ਗਿਆ। ਉਨ੍ਹਾਂ ਕਈ ਵਾਰ ਇਸ ਸਬੰਧੀ ਹਵਾਬਾਜ਼ੀ



ਮੰਤਰਾਲੇ ਨੂੰ ਪੱਤਰ ਵੀ ਲਿਖੇ। ਇਹ ਉਡਾਣ ਤਿੰਨ ਮਹੀਨਿਆਂ ਲਈ ਦੁਬਾਰਾ ਚਲਾਈ ਗਈ ਸੀ ਪਰ 2022 ਵਿਚ ਫਿਰ ਬੰਦ ਕਰ ਦਿੱਤੀ ਗਈ। ਇਸ ਤੋਂ ਬਾਅਦ ਲਗਾਤਾਰ ਇਸ ਨੂੰ ਚਲਾਉਣ ਦੀ ਮੰਗ ਉੱਠ ਰਹੀ ਹੈ।

ਉਨ੍ਹਾਂ ਮੰਗ ਕੀਤੀ ਹੈ ਕਿ ਇਸ ਉਡਾਣ ਦਾ ਕਿਰਾਇਆ ਘੱਟ ਰੱਖਿਆ ਜਾਵੇ ਤਾਂ ਜੋ ਸਮੂਹ ਸੰਗਤ ਇਸ ਦਾ ਲਾਭ ਲੈ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਉਡਾਣ ਸ਼ੁਰੂ ਹੁੰਦੀ ਹੈ ਤਾਂ ਇਸ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ ਤਾਂ ਜੋ ਕੰਪਨੀ ਇਸ ਨੂੰ ਚਾਲੂ ਰੱਖਣ ਲਈ ਮਜਬੂਰ ਰਹੇ।

# ਕੈਨੇਡਾ: ਹੁਣ 10 ਸਾਲ ਲਈ ਨਹੀਂ ਮਿਲੇਗਾ ਵਿਜ਼ਿਟਰ ਵੀਜ਼ਾ

**ਵਿਨੀਪੈਗ:** ਕੈਨੇਡਾ ਸਰਕਾਰ ਨੇ ਵਿਜ਼ਿਟਰ ਵੀਜ਼ਾ ਉਤੇ ਆਉਣ ਵਾਲਿਆਂ ਨੂੰ ਵੱਡਾ ਝਟਕਾ ਦਿੰਦਿਆਂ ਵੀਜ਼ਾ ਨਿਯਮਾਂ 'ਚ ਸਖ਼ਤ ਤਬਦੀਲੀ ਕੀਤੀ ਹੈ। ਕੈਨੇਡਾ ਸਰਕਾਰ ਦੇ ਨਵੇਂ ਫ਼ੈਸਲੇ ਮੁਤਾਬਕ ਹੁਣ 10 ਸਾਲ ਦਾ ਵਿਜ਼ਿਟਰ ਵੀਜ਼ਾ ਨਹੀਂ ਮਿਲੇਗਾ। ਨਵੇਂ ਨਿਯਮਾਂ ਮੁਤਾਬਕ ਲਾਜ਼ਮੀ ਨਹੀਂ ਹੈ ਕਿ ਹਰ ਬਿਨੈਕਾਰ ਨੂੰ ਪਾਸਪੋਰਟ ਦੀ ਮਿਆਦ ਤੱਕ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਮਿਲੇ। ਕੈਨੇਡਾ ਸਰਕਾਰ ਨੇ ਮਲਟੀਪਲ ਐਂਟਰੀ ਦੀ ਥਾਂ ਸਿੰਗਲ ਐਂਟਰੀ ਵਾਲੇ ਵੀਜ਼ੇ ਦੇਣ ਦਾ ਐਲਾਨ ਕੀਤਾ ਹੈ।

ਇਮੀਗ੍ਰੇਸ਼ਨ ਵਿਭਾਗ ਵੱਲੋਂ ਜਾਰੀ ਜਾਣਕਾਰੀ ਮੁਤਾਬਕ ਹੁਣ 10 ਸਾਲ ਦੀ ਮਿਆਦ ਵਾਲੇ ਮਲਟੀਪਲ ਐਂਟਰੀ ਵੀਜ਼ੇ ਚੋਣਵੇਂ ਲੋਕਾਂ ਨੂੰ ਹੀ ਮਿਲਣਗੇ ਅਤੇ ਇਹ ਫ਼ੈਸਲਾ ਕਰਨ ਦਾ ਹੱਕ ਮੌਕੇ 'ਤੇ ਮੌਜੂਦ ਇਮੀਗ੍ਰੇਸ਼ਨ ਅਫ਼ਸਰਾਂ ਨੂੰ ਹੋਵੇਗਾ। ਇਮੀਗ੍ਰੇਸ਼ਨ ਅਤੇ ਸਿਟੀਜ਼ਨਸ਼ਿਪ ਵਿਭਾਗ ਵੱਲੋਂ ਵਿਜ਼ਿਟਰ ਵੀਜ਼ਾ ਦੀ ਮਿਆਦ ਉਤੇ ਖ਼ਾਸ ਜ਼ੋਰ ਦਿੱਤਾ ਗਿਆ ਹੈ।

ਜ਼ਿਆਦਾਤਰ ਵੀਜ਼ੇ ਸਿੰਗਲ ਐਂਟਰੀ ਵਾਲੇ ਹੋਣ ਦੇ ਮੱਦੇਨਜ਼ਰ ਇਨ੍ਹਾਂ ਦੀ ਮਿਆਦ 6 ਮਹੀਨੇ ਤੋਂ ਇਕ ਸਾਲ ਤੱਕ ਹੀ ਹੋਵੇਗੀ। ਸਭ ਤੋਂ ਪਹਿਲਾਂ ਸਬੰਧਤ ਬਿਨੈਕਾਰ ਦਾ ਕੈਨੇਡਾ ਆਉਣ ਦਾ ਮਕਸਦ ਦੇਖਿਆ ਜਾਵੇਗਾ ਅਤੇ ਜੇ ਇਹ ਮਕਸਦ ਕਿਸੇ ਵਿਆਹ ਸਮਾਗਮ, ਕਾਨਫਰੰਸ ਜਾਂ ਟ੍ਰੇਨਿੰਗ ਸੈਸ਼ਨ ਨਾਲ ਸਬੰਧਤ ਹੋਵੇ ਤਾਂ ਸਿੰਗਲ ਐਂਟਰੀ ਵਾਲਾ ਵੀਜ਼ਾ ਹੀ ਮਿਲ ਸਕੇਗਾ। ਕੈਨੇਡਾ ਸਰਕਾਰ ਵੱਲੋਂ ਵਿਜ਼ਿਟਰ ਵੀਜ਼ਾ ਦੇ ਨਵੇਂ ਨਿਯਮ ਭਾਵੇਂ ਹਰ ਮੁਲਕ ਵਾਸਤੇ ਜਾਰੀ ਕੀਤੇ ਗਏ ਹਨ ਪਰ ਇਨ੍ਹਾਂ ਨੂੰ ਸਿੱਧੇ ਤੌਰ 'ਤੇ ਭਾਰਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਹ ਤਬਦੀਲੀ ਉਨ੍ਹਾਂ ਭਾਰਤੀਆਂ ਲਈ ਖ਼ਾਸ ਤੌਰ 'ਤੇ ਮੁਸ਼ਕਲ ਸਾਬਤ ਹੋ ਸਕਦੀ ਹੈ ਜੋ ਪਰਿਵਾਰ ਅਤੇ ਦੋਸਤਾਂ ਨੂੰ ਮਿਲਣ ਜਾਂ ਹੋਰ ਕੰਮ ਲਈ ਲੰਬੇ ਸਮੇਂ ਲਈ ਕੈਨੇਡਾ ਵਿਚ ਰਹਿਣਾ ਚਾਹੁੰਦੇ ਸਨ। ਕੈਨੇਡਾ ਸਰਕਾਰ ਦਾ ਇਹ ਫ਼ੈਸਲਾ ਫੈਡਰਲ ਇਮੀਗ੍ਰੇਸ਼ਨ ਮਨਿਸਟਰ ਮਾਰਕ ਮਿੱਲਰ ਵੱਲੋਂ ਵਿਜ਼ਿਟਰ ਵੀਜ਼ਿਆਂ ਦੀ ਦੁਰਵਰਤੋਂ ਰੋਕਣ ਦੇ ਐਲਾਨ ਤੋਂ ਬਾਅਦ ਆਇਆ ਹੈ।



ਮਾਰਕ ਮਿੱਲਰ ਨੇ ਸਤੰਬਰ ਮਹੀਨੇ ਕਿਹਾ ਸੀ ਕਿ ਕੈਨੇਡਾ ਆਉਣ ਵਾਲੇ ਲੋਕਾਂ ਵੱਲੋਂ ਵਿਜ਼ਿਟਰ ਵੀਜ਼ਿਆਂ ਦੀ ਦੁਰਵਰਤੋਂ ਨੂੰ ਰੋਕਣ ਲਈ ਫੈਡਰਲ ਸਰਕਾਰ ਨੂੰ ਹੋਰ ਕੰਮ ਕਰਨ ਦੀ ਲੋੜ ਹੈ। ਮਿੱਲਰ ਨੇ ਦੱਸਿਆ ਕਿ ਵਿਜ਼ਿਟਰ ਵੀਜ਼ੇ 'ਤੇ ਆਏ ਸੈਲਾਨੀਆਂ ਵੱਲੋਂ ਇਥੇ ਆਰਜ਼ੀ ਨਿਵਾਸ ਕਰਨ ਦੀ ਵਧਦੀ ਗਿਣਤੀ ਦੇ ਰੁਝਾਨ ਨੂੰ ਨੱਥ ਪਾਉਣ ਲਈ ਇਹ ਸਖ਼ਤ ਫੈਸਲਾ ਲੈਣ ਲਈ ਮਜਬੂਰ ਹੋਣਾ ਪਿਆ ਹੈ। ਕੈਨੇਡੀਅਨ ਸਰਕਾਰ ਨੇ ਅਗਸਤ 2024 ਦੌਰਾਨ 4 ਸਾਲ ਪਹਿਲਾਂ ਲਿਆਂਦੀ ਉਹ ਨੀਤੀ ਖ਼ਤਮ ਕਰ ਦਿੱਤੀ ਸੀ।

### ਸਾਢੇ 10 ਲੱਖ ਤੋਂ ਵੱਧ ਲੋਕਾਂ 'ਤੇ ਵਾਪਸੀ ਦੀ ਤਲਵਾਰ

**ਵੈਨਕੂਵਰ:** ਕੈਨੇਡਾ ਦੇ ਆਵਾਸ ਵਿਭਾਗ ਅਨੁਸਾਰ ਵਿਜ਼ਿਟਰ ਵੀਜ਼ਾ ਉਤੇ ਆਏ ਲੋਕਾਂ ਦੀ ਗਿਣਤੀ ਸਾਢੇ 10 ਲੱਖ ਤੋਂ ਵੀ ਵੱਧ ਹੈ ਅਤੇ ਇਨ੍ਹਾਂ 'ਚੋਂ ਜਿਹੜੇ ਹੁਣ ਆਪਣੇ ਆਪ ਵਾਪਸ ਨਾ ਗਏ, ਉਨ੍ਹਾਂ ਨੂੰ ਵਾਪਸੀ ਲਈ ਸਖਤ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਰਕਾਰ ਦਾ ਇਹ ਫ਼ੈਸਲਾ ਤੁਰਤ ਲਾਗੂ ਹੋ ਗਿਆ ਹੈ ਤੇ ਗੈਰਕਾਨੂੰਨੀ ਢੰਗ ਨਾਲ ਟਿਕੇ ਹੋਏ ਲੋਕਾਂ ਦੀਆਂ ਸੂਚੀਆਂ ਬਣਨ ਲੱਗੀਆਂ ਹਨ। ਵਿਭਾਗ ਦੇ ਸੂਤਰ ਅਨੁਸਾਰ ਲਾਗੂ ਕੀਤੇ ਇਸ ਫੈਸਲੇ ਮਗਰੋਂ ਪਹਿਲਾਂ ਤੋਂ ਆਏ ਅਤੇ 6 ਮਹੀਨੇ ਦੀ ਮਿਆਦ ਤੋਂ ਬਾਅਦ ਵੀ ਕੈਨੇਡਾ 'ਚ ਟਿਕੇ ਹੋਏ ਸਾਰੇ ਲੋਕਾਂ 'ਚੋਂ ਜਿਹੜੇ ਖੁਦ ਆਪਣੇ ਦੇਸ਼ ਵਾਪਸ ਨਹੀਂ ਜਾਣਗੇ।

# ਪੰਜਾਬ ਸਣੇ ਉੱਤਰੀ ਖਿੱਤੇ ਦੀ ਹਵਾ ਹੋਰ ਹੋਈ ਪਲੀਤ



**ਚੰਡੀਗੜ੍ਹ:** ਪੰਜਾਬ, ਹਰਿਆਣਾ ਅਤੇ ਦਿੱਲੀ ਸਣੇ ਉੱਤਰੀ ਖਿੱਤੇ ਦੇ ਜ਼ਿਆਦਾਤਰ ਹਿੱਸਿਆਂ 'ਚ ਲਗਾਤਾਰ ਧੁਆਂਖੀ ਧੁੰਦ ਛਾਈ ਹੋਈ ਹੈ ਤੇ ਹਵਾ ਪ੍ਰਦੂਸ਼ਣ ਕਾਰਨ ਲੋਕਾਂ ਨੂੰ ਸਾਹ ਲੈਣਾ ਮੁਸ਼ਕਲ ਹੋ ਗਿਆ ਹੈ। ਦੋਵਾਂ ਸੂਬਿਆਂ ਦੀ ਰਾਜਧਾਨੀ ਚੰਡੀਗੜ੍ਹ ਵਿਚ ਹਵਾ ਗੁਣਵੱਤਾ ਇੰਡੈਕਸ (ਏ.ਕਿਊ.ਆਈ) ਦਾ ਪੱਧਰ ਪੰਜਾਬ ਤੇ ਹਰਿਆਣਾ ਤੋਂ ਵੱਧ ਦਰਜ ਕੀਤਾ ਗਿਆ ਹੈ। ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਏ.ਕਿਊ.ਆਈ. 347 'ਤੇ ਪਹੁੰਚ ਗਿਆ ਹੈ।

ਮੰਡੀ ਗੋਬਿੰਦਗੜ੍ਹ 'ਚ ਏਕਿਊਆਈ 285 ਦਰਜ ਕੀਤਾ ਗਿਆ ਜਦਕਿ ਹਰਿਆਣਾ ਦਾ ਸੋਨੀਪਤ ਵੀ 301 ਦੇ ਅੰਕੜੇ ਨਾਲ ਸਭ ਤੋਂ ਵੱਧ ਪ੍ਰਦੂਸ਼ਿਤ ਰਿਹਾ। ਇਸੇ ਦੌਰਾਨ ਦੀਵਾਲੀ ਤੋਂ ਦਸ ਦਿਨ ਬਾਅਦ ਵੀ ਕੌਮੀ ਰਾਜਧਾਨੀ ਦਿੱਲੀ ਹਵਾ ਪ੍ਰਦੂਸ਼ਣ ਨੂੰ ਲੈ ਕੇ ਕੋਈ ਰਾਹਤ ਨਹੀਂ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਦੇ ਡੇਟਾ ਮੁਤਾਬਕ ਸਵੇਰੇ 8 ਵਜੇ ਦਿੱਲੀ ਵਿਚ ਹਵਾ ਗੁਣਵੱਤਾ ਇੰਡੈਕਸ (ਏ.ਕਿਊ.ਆਈ) 334 ਦਰਜ ਕੀਤਾ ਗਿਆ, ਜੋ 'ਬਹੁਤ ਮਾੜੀ' ਸ਼੍ਰੇਣੀ ਵਿਚ ਆਉਂਦਾ ਹੈ।

ਇਸ ਦੇ ਨਾਲ ਹੀ ਹਵਾ ਪ੍ਰਦੂਸ਼ਣ ਕਰਕੇ ਹਸਪਤਾਲਾਂ 'ਚ ਦਮੇ ਦੇ ਮਰੀਜ਼ਾਂ ਦੀ ਗਿਣਤੀ ਵੱਧ ਗਈ ਹੈ। ਡਾਕਟਰਾਂ ਵੱਲੋਂ ਵੀ ਬਜ਼ੁਰਗਾਂ ਤੇ ਬੀਮਾਰੀਆਂ ਵਿਚ ਘਿਰੇ ਵਿਅਕਤੀਆਂ ਨੂੰ ਮਾਸਕ ਪਾ ਕੇ ਘਰੋਂ ਬਾਹਰ ਨਿਕਲਣ ਦੀ ਅਪੀਲ ਕੀਤੀ ਜਾ ਰਹੀ ਹੈ। ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਦੇ ਅੰਮ੍ਰਿਤਸਰ ਵਿਚ ਏ.ਕਿਊ.ਆਈ. 233, ਜਲੰਧਰ ਵਿਚ 203, ਲੁਧਿਆਣਾ 219, ਪਟਿਆਲਾ 206, ਰੂਪਨਗਰ 190 ਅਤੇ ਬਠਿੰਡਾ ਵਿਚ 182 ਦਰਜ ਕੀਤਾ ਗਿਆ।

# ਕੈਨੇਡਾ ਵੱਲੋਂ ਫਾਸਟ ਟਰੈਕ ਸਟੂਡੈਂਟ ਵੀਜ਼ਾ ਬੰਦ

**ਅੰਮ੍ਰਿਤਸਰ:** ਕੈਨੇਡਾ ਨੇ ਆਪਣੀ ਇਮੀਗ੍ਰੇਸ਼ਨ ਨੀਤੀ ਵਿਚ ਹੋਰ ਵੱਡਾ ਬਦਲਾਅ ਕਰਦਿਆਂ ਫਾਸਟ ਟਰੈਕ ਸਟੂਡੈਂਟ ਵੀਜ਼ਾ, ਜਿਸ ਨੂੰ ਸਟੂਡੈਂਟ ਡਾਇਰੈਕਟ ਸਟ੍ਰੀਮ (ਐਸ.ਡੀ.ਐਸ) ਪ੍ਰੋਗਰਾਮ ਵੀ ਕਿਹਾ ਜਾਂਦਾ ਹੈ, ਨੂੰ ਤੁਰਤ ਬੰਦ ਕਰ ਦਿੱਤਾ ਹੈ। ਕੈਨੇਡਾ ਦੇ ਇਸ ਫੈਸਲੇ ਨਾਲ ਹਜ਼ਾਰਾਂ ਕੌਮਾਂਤਰੀ ਵਿਦਿਆਰਥੀਆਂ, ਖਾਸ ਕਰਕੇ ਕੈਨੇਡਾ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ 'ਤੇ ਸਿੱਧਾ ਅਸਰ ਪਏਗਾ।



ਐਸ.ਡੀ.ਐਸ. ਪ੍ਰੋਗਰਾਮ 2018 ਵਿਚ ਸ਼ੁਰੂ ਕੀਤਾ ਗਿਆ ਸੀ ਤੇ ਇਸ ਦਾ ਮੁੱਖ ਮੰਤਵ ਭਾਰਤ, ਚੀਨ, ਪਾਕਿਸਤਾਨ ਤੇ ਫਿਲਪੀਨਜ਼ ਸਣੇ 14 ਮੁਲਕਾਂ ਦੇ ਉਮੀਦਵਾਰਾਂ, ਜੋ ਨਿਰਧਾਰਿਤ ਮਾਪਦੰਡਾਂ ਨੂੰ ਪੂਰਾ ਕਰਦੇ ਹਨ, ਲਈ ਸਟੱਡੀ ਪਰਮਿਟ ਦੇ ਅਮਲ ਨੂੰ ਸਟ੍ਰੀਮਲਾਈਨ ਕਰਨਾ ਸੀ।

ਐਸ.ਡੀ.ਐਸ. ਪ੍ਰੋਗਰਾਮ ਵਿਸ਼ੇਸ਼ ਕਰਕੇ ਕੌਮਾਂਤਰੀ ਵਿਦਿਆਰਥੀਆਂ ਵਿਚ ਬਹੁਤ ਮਕਬੂਲ ਸੀ, ਕਿਉਂਕਿ ਸਟੈਂਡਰਡ ਅਮਲ ਦੇ ਮੁਕਾਬਲੇ ਇਸ ਵਿਚ ਪਰਮਿਟ ਦੀ ਪ੍ਰਵਾਨਗੀ ਬਹੁਤ ਤੇਜ਼ (ਕਈ ਵਾਰ ਤਾਂ ਤਿੰਨ ਹਫ਼ਤਿਆਂ ਵਿਚ ਮਿਲ ਜਾਂਦੀ) ਸੀ। ਐਸ.ਡੀ.ਐਸ. ਵੀਜ਼ਾ ਅਰਜ਼ੀ ਦੇ ਅਮਲ ਨੂੰ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦੀ ਸੂਰਤ ਵਿਚ ਆਮ ਕਰਕੇ ਤਿੰਨ ਤੋਂ ਚਾਰ ਹਫ਼ਤੇ ਲੱਗਦੇ ਹਨ, ਜਦੋਂਕਿ ਸਧਾਰਨ ਅਮਲ ਵਿਚ ਅੱਠ ਤੋਂ 12 ਹਫ਼ਤੇ ਅਤੇ ਕਈ ਵਾਰ ਇਸ ਤੋਂ ਵੀ ਵੱਧ ਸਮਾਂ ਲੱਗਦਾ ਹੈ। ਅੰਕੜਿਆਂ ਮੁਤਾਬਕ 2023 ਵਿਚ ਐਸ.ਡੀ.ਐਸ. ਬਿਨੈਕਾਰਾਂ ਲਈ ਵੀਜ਼ੇ ਦੀ ਪ੍ਰਵਾਨਗੀ ਦਰ 73 ਫੀਸਦ ਸੀ, ਜਦੋਂਕਿ ਨਾਨ-ਐਸ.ਡੀ.ਐਸ. ਬਿਨੈਕਾਰਾਂ ਲਈ ਇਹ ਦਰ 10 ਫੀਸਦ ਸੀ।

ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਨੇ ਨਾਇਜੀਰੀਆ ਸਟੂਡੈਂਟ ਐਕਸਪ੍ਰੈੱਸ (ਐਨ.ਐਸ.ਈ.) ਪ੍ਰੋਗਰਾਮ ਵੀ ਬੰਦ ਕਰ ਦਿੱਤਾ ਹੈ। ਨਾਇਜੀਰੀਅਨ ਉਮੀਦਵਾਰਾਂ ਨੂੰ ਹੁਣ ਸਟੈਂਡਰਡ ਸਟੱਡੀ ਪਰਮਿਟ ਐਪਲੀਕੇਸ਼ਨ ਰੂਟ ਅਪਣਾਉਣਾ ਹੋਵੇਗਾ। ਕੈਨੇਡੀਅਨ ਸਰਕਾਰ ਨੇ ਸਾਲ 2025 ਵਿਚ 4.37 ਲੱਖ ਨਵੇਂ ਸਟੱਡੀ ਪਰਮਿਟ, ਜਿਸ ਵਿਚ ਪੋਸਟ-ਗਰੈਜੂਏਟ ਪ੍ਰੋਗਰਾਮਾਂ ਸਣੇ ਸਿੱਖਿਆ ਦੇ ਸਾਰੇ ਪੱਧਰ ਕਵਰ ਹੋਣਗੇ, ਦੇਣ ਦਾ ਹੀ ਫੈਸਲਾ ਕੀਤਾ ਹੈ। ਟਰੂਡੋ ਸਰਕਾਰ ਦੀ ਇਹ ਪੇਸ਼ਕਦਮੀ ਉੱਚ ਸਿੱਖਿਆ ਲਈ ਕੈਨੇਡਾ ਜਾਣ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਲਈ ਇਕ ਹੋਰ ਝਟਕਾ ਹੈ। ਇਸ ਤੋਂ ਪਹਿਲਾਂ ਇਸ ਸਾਲ ਦੀ ਸ਼ੁਰੂਆਤ ਵਿਚ ਕੈਨੇਡਾ ਨੇ 2024 ਵਿਚ ਕੌਮਾਂਤਰੀ ਵਿਦਿਆਰਥੀਆਂ ਲਈ ਨਵੇਂ ਨੇਮ ਲਾਗੂ ਕੀਤੇ ਸਨ। ਇਸ ਵਿਚ ਸਟੱਡੀ ਪਰਮਿਟਾਂ ਦੀ ਗਿਣਤੀ ਦੋ ਸਾਲਾਂ ਵਿਚ 35 ਫੀਸਦ ਘਟਾਉਣਾ ਵੀ ਸ਼ਾਮਲ ਸੀ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਜ਼ਿਮਨੀ ਚੋਣ ਵਾਲੇ ਹਲਕਿਆ 'ਚ ਖੋਲ੍ਹੀ ਸਰਕਾਰ ਦੀ ਪੋਲ

**ਬਰਨਾਲਾ:** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਅਗਵਾਈ ਹੇਠ ਸੂਬੇ ਭਰ ਤੋਂ ਆਏ ਹਜ਼ਾਰਾਂ ਮੁਲਾਜ਼ਮਾਂ ਨੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਦੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਵੱਲੋਂ ਧਾਰੀ ਚੁੱਪ ਖ਼ਿਲਾਫ਼ ਜ਼ਿਮਨੀ ਚੋਣ ਵਾਲੇ ਬਰਨਾਲਾ ਵਿਧਾਨ ਸਭਾ ਹਲਕੇ 'ਚ ਝੰਡਾ ਮਾਰਚ ਕੀਤਾ। ਇਸ ਦੌਰਾਨ ਆਗੂਆਂ ਨੇ ਪੰਜਾਬ ਸਰਕਾਰ ਦੇ ਵਾਅਦਿਆਂ ਦੀ ਪੋਲ ਖੋਲ੍ਹੀ।

ਪ੍ਰਾਪਤ ਜਾਣਕਾਰੀ ਅਨੁਸਾਰ ਝੰਡਾ ਮਾਰਚ ਦੀਪਕ ਢਾਬਾ ਧਨੌਲਾ ਤੋਂ ਸ਼ੁਰੂ ਹੋ ਕੇ ਧਨੌਲਾ ਸ਼ਹਿਰ, ਹੰਡਿਆਇਆ, ਪਿੰਡ ਖੁੱਡੀ ਕਲਾਂ, ਵਾਲਮੀਕਿ ਚੌਕ ਅਤੇ ਨਹਿਰੂ ਚੌਕ ਤੋਂ ਹੁੰਦਾ ਹੋਇਆ ਪੱਕਾ ਕਾਲਜ ਰੋਡ ਰਾਹੀਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੀ ਰਿਹਾਇਸ਼ ਅੱਗੇ ਸਮਾਪਤ ਹੋਇਆ। ਇਸ ਦੌਰਾਨ ਸਾਂਝੇ ਫਰੰਟ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਮਾਣ-ਭੱਤਾ ਵਰਕਰਾਂ 'ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨ, ਬੰਦ ਕੀਤੇ ਗਏ ਪੇਂਡੂ ਤੇ ਬਾਰਡਰ ਏਰੀਆ ਸਮੇਤ ਸਮੁੱਚੇ ਭੱਤਿਆਂ 'ਤੇ ਏ.ਸੀ.ਪੀ. ਬਹਾਲ ਕਰਨ ਅਤੇ ਰੋਕੇ ਗਏ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੇ ਬਕਾਏ ਜਾਰੀ ਕਰਨ 'ਚ ਲਗਾਤਾਰ ਟਾਲ-ਮਟੋਲ ਕਰ ਰਹੀ ਹੈ।



ਆਗੂਆਂ ਨੇ ਆਖਿਆ ਕਿ ਇਹ ਸਾਰੀਆਂ ਉਹ ਮੰਗਾਂ ਹਨ ਜਿਨ੍ਹਾਂ ਨੂੰ ਪੂਰਾ ਕਰਨ ਲਈ 'ਆਪ' ਨੇ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ। ਫਰੰਟ ਦੇ ਆਗੂਆਂ ਨੇ ਆਖਿਆ ਕਿ ਪੰਜਾਬ ਸਰਕਾਰ ਤੋਂ ਮੰਗ ਮੰਨਵਾਉਣ ਲਈ ਲਗਾਤਾਰ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਇਸ ਦੌਰਾਨ ਆਗੂਆਂ ਨੇ ਐਲਾਨ ਕੀਤਾ ਕਿ ਅਗਲਾ ਝੰਡਾ ਮਾਰਚ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ 'ਚ ਕੀਤਾ ਜਾਵੇਗਾ।

### ਅਧਿਆਪਕਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਰੈਲੀ

**ਬਰਨਾਲਾ:** ਡੈਮੋਕਰੈਟਿਕ ਟੀਚਰਜ਼ ਫਰੰਟ ਪੰਜਾਬ ਤੇ ਮੈਰੀਟੋਰੀਅਸ ਸਕੂਲ ਟੀਚਰਜ਼ ਯੂਨੀਅਨ ਵੱਲੋਂ ਪੰਜਾਬ ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਖ਼ਿਲਾਫ਼ ਮੁਜ਼ਾਹਰਾ ਕਰ ਕੇ ਰੈਲੀ ਕੀਤੀ ਗਈ। ਅਧਿਆਪਕ ਆਗੂਆਂ ਨੇ ਦੋਸ਼ ਲਾਇਆ ਕਿ ਸਿੱਖਿਆ ਵਿਭਾਗ ਵੱਲੋਂ ਹਾਲ ਹੀ 'ਚ ਕੀਤੀਆਂ ਲੈਕਚਰਾਰਾਂ ਦੀਆਂ ਤਰੱਕੀਆਂ ਦੌਰਾਨ ਅਧਿਆਪਕਾਂ ਨਾਲ ਬੇਇਨਸਾਫ਼ੀ ਕੀਤੀ ਗਈ। ਇਸ ਤੋਂ ਇਲਾਵਾ ਮੁਲਾਜ਼ਮਾਂ ਦੇ ਕੱਟੇ ਗਏ 36 ਤਰ੍ਹਾਂ ਦੇ ਭੱਤਿਆਂ ਦੀ ਬਹਾਲੀ ਕਰਨ ਤੋਂ ਪਾਸਾ ਵੱਟਿਆ ਜਾ ਰਿਹਾ ਹੈ।

# ਦੁਨੀਆ ਨੂੰ ਤੀਜੀ ਵਿਸ਼ਵ ਜੰਗ ਵੱਲ ਧੱਕਿਆ ਜਾ ਰਿਹੈ: ਅਰੁੰਧਤੀ

**ਜਲੰਧਰ:** ਦੇਸ਼ ਭਗਤ ਯਾਦਗਾਰ ਹਾਲ ਵਿਚ ਗਦਰੀ ਬਾਬਿਆਂ ਦੇ 33ਵੇਂ ਮੇਲੇ ਵਿਚ ਉੱਘੀ ਲੇਖਿਕਾ ਅਰੁੰਧਤੀ ਰਾਏ ਨੇ ਕਿਹਾ ਕਿ ਦੁਨੀਆ ਨੂੰ ਤੀਜੀ ਵਿਸ਼ਵ ਜੰਗ ਵੱਲ ਧੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਅਮਰੀਕਾ ਮੰਦਵਾਲੀ ਦੇ ਦੌਰ ਵਿਚੋਂ ਲੰਘਦਾ ਹੈ ਤਾਂ ਉਹ ਦੁਨੀਆ ਦੇ ਮੁਲਕਾਂ ਨੂੰ ਵਿਸ਼ਵ ਜੰਗ ਵੱਲ ਧੱਕ ਦਿੰਦਾ ਹੈ। ਅਰੁੰਧਤੀ ਰਾਏ ਨੇ ਕਿਹਾ ਕਿ ਜੰਗ ਨਾਲ ਲੋਕਾਂ ਲਈ ਵੱਡੀਆਂ ਸਮੱਸਿਆਵਾਂ ਪੈਦਾ ਹੋ ਜਾਣਗੀਆਂ ਅਤੇ ਬਹੁਤ ਕੁਝ ਬਦਲ ਜਾਵੇਗਾ।

ਹੁਣ ਵੀ ਇਕ ਪਾਸੇ ਇਜ਼ਰਾਈਲ ਤੇ ਫਲਸਤੀਨ ਵਿਚਾਲੇ ਲੜਾਈ ਚੱਲ ਰਹੀ ਹੈ, ਯੂਕਰੇਨ ਤੇ ਰੂਸ ਵਿਚਾਲੇ ਜੰਗ ਚੱਲ ਰਹੀ ਹੈ ਅਤੇ ਇਰਾਨ 'ਤੇ ਹਮਲੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਕਿਸੇ ਵੇਲੇ ਫਲਸਤੀਨ ਦਾ ਦੋਸਤ ਸੀ, ਜੋ ਕਿ ਹੁਣ ਹਥਿਆਰ ਵੇਚਣ ਦੇ ਰਾਹ ਪੈ ਗਿਆ ਹੈ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਇਕਜੁੱਟ ਹੋਣ ਕਿਉਂਕਿ ਲੋਕ ਜਦੋਂ ਇਕਜੁੱਟ ਹੁੰਦੇ ਹਨ ਤਾਂ ਉਹ ਵੱਡੀ ਤੋਂ ਵੱਡੀ ਲੜਾਈ ਜਿੱਤ ਲੈਂਦੇ ਹਨ। ਕਿਸਾਨ ਅੰਦੋਲਨ ਨੇ ਇਹ ਸਾਰਾ ਕੁਝ ਕਰ ਕੇ ਦਿਖਾਇਆ ਹੈ ਜਿਸ ਨੂੰ ਦੁਨੀਆ ਭਰ ਦੇ ਮੁਲਕਾਂ ਨੇ ਰੀਝ ਨਾਲ ਦੇਖਿਆ ਹੈ।



ਮੇਲੇ ਦੇ ਦੂਸਰੇ ਮੁੱਖ ਬੁਲਾਰੇ ਡਾ. ਪ੍ਰਬੀਰ ਨੇ ਕਿਹਾ ਕਿ ਮੀਡੀਆ ਨਿਊਜ਼ ਕਲਿੱਕ ਦੀ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਇਸ ਕਰ ਕੇ ਕੀਤੀ ਗਈ ਕਿਉਂਕਿ ਉਹ ਲੋਕਾਂ ਦੀ ਆਵਾਜ਼ ਬਣਨ ਲਈ ਹਮੇਸ਼ਾ ਸੁਹਿਰਦ ਰਿਹਾ ਹੈ। ਹੁਕਮਰਾਨਾਂ ਨੂੰ ਅਕਸਰ ਇਹ ਭੁਲੇਖਾ ਹੁੰਦਾ ਹੈ ਕਿ ਮੀਡੀਆ ਉਹੀ ਕਹੇ ਜੋ ਉਨ੍ਹਾਂ ਨੂੰ ਪ੍ਰਵਾਨ ਹੁੰਦਾ ਹੈ। ਪਹਿਲਾਂ ਐਮਰਜੈਂਸੀ ਦੇ ਦੌਰ ਵਿਚ ਵੀ ਲੋਕ ਹਕੂਮਤੀ ਹੱਲੇ ਦਾ ਸ਼ਿਕਾਰ ਹੋਏ ਅਤੇ ਹੁਣ ਵਾਲੀ ਹਕੂਮਤ ਨੇ ਵੀ ਉਨ੍ਹਾਂ ਦੀ ਕਲਮ ਨੂੰ ਨਿਸ਼ਾਨਾ ਬਣਾਇਆ ਹੈ। ਇਹ ਵਰਤਾਰਾ ਦਰਸਾਉਂਦਾ ਹੈ ਕਿ ਮੋਦੀ ਹਕੂਮਤ ਦਾ ਬਦਲ ਕੋਈ ਵੀ ਹਾਕਮ ਜਮਾਤੀ ਗੱਠਜੋੜ ਨਹੀਂ ਸਿਰਫ਼ ਲੋਕ ਹੀ ਇਸ ਦਾ ਬਦਲ ਹੋ ਸਕਦੇ ਹਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 16 ਨਵੰਬਰ, 2024

## ਟਰੰਪ ਦੀ ਵਾਰੀ

ਉਘਾ ਧਨਾਢ ਡੋਨਲਡ ਟਰੰਪ ਇਕ ਵਾਰ ਫਿਰ ਵ੍ਹਾਈਟ ਹਾਊਸ ਪੁੱਜਣ ਵਿਚ ਕਾਮਯਾਬ ਹੋ ਗਿਆ ਹੈ। ਉਸ ਨੇ ਆਪਣੀ ਜੇਤੂ ਤਕਰੀਰ ਵਿਚ ਬਹੁਤ ਸਾਰੀਆਂ ਗੱਲਾਂ ਸਪਸ਼ਟ ਕਰ ਦਿੱਤੀਆਂ ਹਨ ਜਿਨ੍ਹਾਂ ਵਿਚੋਂ ਇਕ ਰੂਸ-ਯੂਕਰੇਨ ਜੰਗ ਬੰਦ ਕਰਵਾਉਣਾ ਵੀ ਹੈ। ਆਪਣੀ ਪ੍ਰਚਾਰ ਮੁਹਿੰਮ ਦੌਰਾਨ ਵੀ ਉਹ ਵਾਰ-ਵਾਰ ਐਲਾਨ ਕਰਦਾ ਰਿਹਾ ਹੈ ਕਿ ਉਹ ਜੰਗਾਂ ਦੇ ਹੱਕ ਵਿਚ ਨਹੀਂ ਸਗੋਂ ਅਮਨ-ਅਮਾਨ ਚਾਹੁੰਦਾ ਹੈ। ਰੂਸ-ਯੂਕਰੇਨ ਜੰਗ ਦਾ ਮੁੱਖ ਕਾਰਨ 'ਨਾਟੋ' ਹੈ ਅਤੇ ਨਾਟੋ ਬਾਰੇ ਟਰੰਪ ਨੇ ਆਪਣੀ ਰਾਏ ਪਹਿਲਾਂ ਹੀ ਖੁੱਲ੍ਹ ਕੇ ਦੱਸੀ ਹੋਈ ਹੈ। ਉਸ ਦਾ ਕਹਿਣਾ ਹੈ ਕਿ ਅਮਰੀਕਾ ਹੋਰ ਮੁਲਕਾਂ ਵਿਚ ਆਪਣੀਆਂ ਫੌਜਾਂ ਭੇਜ ਕੇ ਆਪਣੇ ਵਸੀਲਿਆਂ ਦਾ ਘਾਣ ਕਿਉਂ ਕਰਵਾਏ? ਹੁਣ ਖਬਰਾਂ ਆਈਆਂ ਹਨ ਕਿ ਉਸ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਫੋਨ 'ਤੇ ਗੱਲਬਾਤ ਕੀਤੀ ਹੈ। ਰਾਸ਼ਟਰਪਤੀ ਦੀ ਚੋਣ ਜਿੱਤਣ ਤੋਂ ਬਾਅਦ ਉਸ ਨੇ ਤਕਰੀਬਨ 70 ਮੁਲਕਾਂ ਦੇ ਮੁਖੀਆਂ ਨਾਲ ਫੋਨ 'ਤੇ ਗੱਲਬਾਤ ਕੀਤੀ। ਵਲਾਦੀਮੀਰ ਪੂਤਿਨ ਨਾਲ ਹੋਈ ਗੱਲਬਾਤ ਦੀ ਅਜੇ ਭਾਵੇਂ ਪੁਸ਼ਟੀ ਨਹੀਂ ਹੋਈ ਹੈ ਸਗੋਂ ਰੂਸ ਨੇ ਇਸ ਗੱਲਬਾਤ ਤੋਂ ਸਾਫ ਇਨਕਾਰ ਕੀਤਾ ਹੈ ਪਰ ਇਕ ਗੱਲ ਹੁਣ ਸਪਸ਼ਟ ਹੈ ਕਿ ਰੂਸ-ਯੂਕਰੇਨ ਜੰਗ ਅਮਰੀਕਾ ਦੇ ਏਜੰਡੇ 'ਤੇ ਹੋਵੇਗੀ। ਇਹੀ ਕਾਰਨ ਹੈ ਕਿ ਯੂਕਰੇਨ ਦੇ ਰਾਸ਼ਪਰਪਤੀ ਨੂੰ ਫਿਕਰ ਪੈ ਗਿਆ ਹੈ। ਇਸ ਜੰਗ ਦਾ ਅਸਰ ਸੰਸਾਰ ਪੱਧਰ 'ਤੇ ਪੈ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਜੰਗ ਕਰ ਕੇ ਸੰਸਾਰ ਭਰ ਵਿਚ ਮਹਿੰਗਾਈ ਵਧੀ ਹੈ। ਉਂਝ ਵੀ ਡੋਨਲਡ ਟਰੰਪ ਅਤੇ ਵਲਾਦੀਮੀਰ ਪੂਤਿਨ ਵਿਚਕਾਰ ਪੁਰਾਣਾ ਰਾਬਤਾ ਕਿਸੇ ਤੋਂ ਲੁਕਿਆ ਨਹੀਂ। ਇਸ ਲਈ ਸਭ ਦੀ ਸਾਂਝੀ ਰਾਏ ਹੈ ਕਿ ਜੇ ਰੂਸ-ਯੂਕਰੇਨ ਜੰਗ ਰੁਕਦੀ ਹੈ ਤਾਂ ਇਸ ਨਾਲ ਕਈ ਪੱਖਾਂ ਤੋਂ ਸੰਸਾਰ ਦਾ ਭਲਾ ਹੀ ਹੋਵੇਗਾ। ਇਜ਼ਰਾਈਲ ਵੱਲੋਂ ਫਲਸਤੀਨੀਆਂ ਦੇ ਕੀਤੇ ਜਾ ਰਹੇ ਘਾਣ ਬਾਰੇ ਟਰੰਪ ਦਾ ਕੀ ਰਵੱਈਆ ਹੋਵੇਗਾ, ਇਸ ਬਾਰੇ ਪੱਕ ਨਾਲ ਨਹੀਂ ਕਿਹਾ ਜਾ ਸਕਦਾ। ਇਸ ਖਿੱਤੇ ਨੂੰ ਅਮਰੀਕਾ ਰਣਨੀਤਕ ਤੌਰ 'ਤੇ ਬਹੁਤ ਅਹਿਮ ਮੰਨਦਾ ਹੈ। ਇਸ ਖਿੱਤੇ ਵਿਚ ਅਮਰੀਕਾ ਦਾ ਇਰਾਨ ਨਾਲ ਸਿੱਧਾ ਪੇਚਾ ਪੈਂਦਾ ਰਿਹਾ ਹੈ।

ਦੂਜਾ ਅਹਿਮ ਮਸਲਾ ਵਾਤਾਵਰਨ ਨਾਲ ਜੁੜਿਆ ਹੋਇਆ ਹੈ ਜਿਸ ਬਾਰੇ ਮਾਹਿਰਾਂ ਦੇ ਫਿਕਰ ਸਾਹਮਣੇ ਆਏ ਹਨ। ਆਪਣੇ ਪਿਛਲੇ ਕਾਰਜਕਾਲ ਦੌਰਾਨ ਟਰੰਪ ਨੇ ਵਾਤਾਵਰਨ ਬਾਰੇ ਪੈਰਿਸ ਸੰਧੀ ਦਾ ਜੋ ਹਾਲ ਕੀਤਾ ਸੀ, ਉਸ ਤੋਂ ਸਾਰਾ ਸੰਸਾਰ ਭਲੀਭਾਂਤ ਵਾਕਿਫ ਹੈ। ਟਰੰਪ ਨੇ ਇਸ ਸੰਧੀ ਨੂੰ ਮੰਨਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ ਅਤੇ ਟਰੰਪ ਦਾ ਪ੍ਰਛਾਵਾਂ ਇਸ ਸੰਧੀ ਉਤੇ ਪੈਣਾ ਹੀ ਪੈਣਾ ਹੈ। ਉਂਝ, ਇਸ ਵਕਤ ਵਾਤਾਵਰਨ ਦਾ ਜੋ ਹਾਲ ਹੈ, ਉਹ ਬਹੁਤਾ ਸੁਖਾਵਾਂ ਨਹੀਂ। ਕਿਹਾ ਜਾ ਰਿਹਾ ਹੈ ਕਿ ਜੇ ਵਾਤਾਵਰਨ ਵਿਚ ਪੈ ਰਹੇ ਵਿਗਾੜ ਤੁਰੰਤ ਰੋਕੇ ਨਾ ਗਏ ਤਾਂ ਆਉਣ ਵਾਲੇ ਸਮੇਂ ਵਿਚ ਸਮੁੱਚੇ ਸੰਸਾਰ ਨੂੰ ਬਹੁਤ ਵੱਡਾ ਨੁਕਸਾਨ ਸਹਿਣਾ ਪੈ ਸਕਦਾ ਹੈ।

ਭਾਰਤ ਦੇ ਮਾਮਲੇ ਵਿਚ ਚੰਗੀਆਂ ਖਬਰਾਂ ਇਹ ਆਈਆਂ ਹਨ ਕਿ ਟਰੰਪ ਸਿਖਰਲੇ ਅਹੁਦਿਆਂ ਲਈ ਜਿਹੜੇ ਦੋ ਨਾਵਾਂ 'ਤੇ ਵਿਚਾਰ ਕਰ ਰਿਹਾ ਹੈ, ਉਨ੍ਹਾਂ ਵਿਚ ਫਲੋਰਿਡਾ ਦੇ ਸੈਨੇਟਰ ਮਾਰਕੋ ਰੂਬੀਓ ਅਤੇ ਨੁਮਾਇੰਦਾ ਸਦਨ ਦੇ ਮਿਸ਼ੇਲ ਵਾਲਟਜ਼ ਸ਼ਾਮਿਲ ਹਨ। ਇਨ੍ਹਾਂ ਦੋਹਾਂ ਆਗੂਆਂ ਬਾਰੇ ਮੰਨਿਆ ਜਾਂਦਾ ਹੈ ਕਿ ਇਹ ਬਹੁਤ ਸਾਰੇ ਮਾਮਲਿਆਂ ਵਿਚ ਭਾਰਤ ਪੱਖੀ ਅਤੇ ਚੀਨ ਵਿਰੋਧੀ ਹਨ। ਚਰਚਾ ਇਹ ਵੀ ਹੈ ਕਿ ਟਰੰਪ ਮਾਰਕੋ ਰੂਬੀਓ ਨੂੰ ਆਪਣਾ ਵਿਦੇਸ਼ ਮੰਤਰੀ ਨਾਮਜ਼ਦ ਕਰ ਸਕਦਾ ਹੈ। ਅਸਲ ਵਿਚ ਟਰੰਪ ਨੇ ਕੀ ਫੈਸਲਾ ਕਰਨਾ ਹੈ ਅਤੇ ਕਿਸ ਰੁਖ ਜਾਣਾ ਹੈ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਆਪਣੀ ਪ੍ਰਚਾਰ ਮੁਹਿੰਮ ਦੌਰਾਨ ਉਹ ਭਾਰਤ ਬਾਰੇ ਅਕਸਰ ਗੱਲਾਂ ਕਰਦਾ ਰਿਹਾ ਹੈ। ਉਸ ਨੇ ਭਾਰਤ ਦੀ ਇਸ ਗੱਲੋਂ ਤਿੱਖੀ ਨੁਕਤਾਚੀਨੀ ਕੀਤੀ ਸੀ ਕਿ ਭਾਰਤ ਅਮਰੀਕੀ ਵਸਤਾਂ ਉਤੇ ਵੱਧ ਟੈਕਸ ਵਸੂਲ ਕਰ ਰਿਹਾ ਹੈ। ਇਸ ਪੱਖ ਤੋਂ ਉਸ ਨੇ ਭਾਰਤ ਨੂੰ ਸਭ ਤੋਂ ਵੱਡਾ ਸ਼ੋਸ਼ਣਕਾਰੀ ਦੇਸ਼ ਤੱਕ ਆਖ ਦਿੱਤਾ ਸੀ ਅਤੇ ਸੰਕੇਤ ਦਿੱਤੇ ਸਨ ਕਿ ਭਾਰਤੀ ਵਸਤਾਂ ਉਤੇ ਵੀ ਟੈਕਸ ਵਧਾਏ ਜਾ ਸਕਦੇ ਹਨ। ਅਮਰੀਕਾ ਅੰਦਰ ਭਾਰਤ ਤੋਂ 75 ਅਰਬ ਡਾਲਰ ਤੋਂ ਵੱਧ ਦੀਆਂ ਵਸਤਾਂ ਆਉਂਦੀਆਂ ਹਨ। ਇਸੇ ਕਰ ਕੇ ਭਾਰਤੀ ਵਪਾਰੀਆਂ ਨੂੰ ਖਦਸ਼ਾ ਹੈ ਕਿ ਇਨ੍ਹਾਂ ਵਸਤਾਂ ਉਤੇ ਅਮਰੀਕਾ ਟੈਕਸ ਵਧਾ ਸਕਦਾ ਹੈ। ਇਹੀ ਨਹੀਂ, ਆਪਣੇ ਪਿਛਲੇ ਕਾਰਜਕਾਲ ਦੌਰਾਨ ਟਰੰਪ ਨੇ ਐੱਚ-1ਬੀ ਵੀਜ਼ਿਆਂ ਦੀ ਗਿਣਤੀ ਘਟਾ ਦਿੱਤੀ ਸੀ ਜਿਸ ਦਾ ਅਸਰ ਹੋਰ ਮੁਲਕਾਂ ਦੇ ਨਾਲ-ਨਾਲ ਭਾਰਤ ਉਤੇ ਵੀ ਪਿਆ ਸੀ। ਉਸ ਨੇ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਇਹ ਐਲਾਨ ਵੀ ਕੀਤਾ ਸੀ ਕਿ ਮੁਲਕ ਵਿਚੋਂ ਹੁਣ ਤੱਕ ਦੀ ਸਭ ਤੋਂ ਵੱਡੀ ਡੀਪੋਰਟੇਸ਼ਨ ਕੀਤੀ ਜਾਵੇਗੀ। ਇਸ ਦਾ ਸਿੱਧਾ ਜਿਹਾ ਭਾਵ ਇਹ ਹੈ ਕਿ ਕੱਚੇ ਪਰਵਾਸੀਆਂ ਨੂੰ ਮੁਲਕ ਵਿਚੋਂ ਕੱਢ ਦਿੱਤਾ ਜਾਵੇਗਾ। ਇਸੇ ਕਰ ਕੇ ਪਰਵਾਸੀ ਅੰਦਰ ਬਹੁਤ ਹਲਚਲ ਮੱਚੀ ਹੋਈ ਹੈ। ਖਬਰਾਂ ਦੱਸਦੀਆਂ ਹਨ ਕਿ ਅਜਿਹੇ ਲੋਕ ਕੈਨੇਡਾ ਜਾਣ ਬਾਰੇ ਸੋਚਣ ਲੱਗ ਪਏ ਹਨ ਜਿੱਥੇ ਰੁਜ਼ਗਾਰ ਦਾ ਪਹਿਲਾਂ ਹੀ ਮਾੜਾ ਹਾਲ ਹੈ। ਉਥੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਖੁੱਲ੍ਹੀਆਂ ਪਰਵਾਸ ਨੀਤੀਆਂ ਕਾਰਨ ਪਿਛਲੇ ਪੰਜ-ਸੱਤ ਸਾਲਾਂ ਵਿਚ ਲੱਖਾਂ ਦੀ ਗਿਣਤੀ ਵਿਚ ਲੋਕ ਕੈਨੇਡਾ ਪੁੱਜੇ ਹਨ ਅਤੇ ਹੁਣ ਉਥੇ ਰਿਹਾਇਸ਼ ਦੇ ਪ੍ਰਬੰਧ ਕਰਨੇ ਮੁਸ਼ਕਿਲ ਹੋ ਰਹੇ ਹਨ।

ਪਿਛਲੇ ਕੁਝ ਸਮੇਂ ਦੌਰਾਨ ਅਮਰੀਕਾ ਨੇ ਭਾਰਤ ਉਤੇ ਸ਼ਿਕੰਜਾ ਉਂਝ ਹੀ ਕੱਸਿਆ ਹੋਇਆ ਹੈ। ਅਮਰੀਕਾ ਵਿਚ ਰਹਿੰਦੇ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪਨੂੰ ਦੇ ਕੇਸ ਕਾਰਨ ਦੋਵੇਂ ਦੇਸ਼ਾਂ ਦੇ ਸਬੰਧਾਂ 'ਚ ਤਰੇੜ ਪੈ ਚੁੱਕੀ ਹੈ। ਮਾਹਿਰਾਂ ਦੀ ਰਾਏ ਹੈ ਕਿ ਅਮਰੀਕਾ ਇਸ ਕੇਸ ਰਾਹੀਂ ਭਾਰਤ ਦੀ ਬਾਂਹ ਮਰੋੜ ਕੇ ਇਸ ਨੂੰ ਚੀਨ ਖਿਲਾਫ ਵਰਤਣਾ ਚਾਹ ਰਿਹਾ ਹੈ। ਇਸ ਵਕਤ ਚੀਨ ਬਹੁਤ ਸਾਰੇ ਖੇਤਰਾਂ ਵਿਚ ਅਮਰੀਕਾ ਦਾ ਸ਼ਰੀਕ ਬਣਿਆ ਹੋਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕੌਣ ਬਣੇ ਗਾ ਸ਼ੇਰ?

ਟਿਕਟਾਂ ਲਈ ਟਪੂਸੀਆਂ ਮਾਰ ਲਈਆਂ ਦਲ ਬਦਲਣ ਨੂੰ ਲਾਈ ਨਾ ਦੇਰ ਮੀਆਂ।
ਮਾਲਕ ਰਿਹਾ ਪੰਜਾਬ ਦਾ 'ਦਲ' ਜਿਹੜਾ ਚੌਂਹ ਹੀ ਸੀਟਾਂ ਤੋਂ ਮੂੰਹ ਗਿਆ ਫੇਰ ਮੀਆਂ।
'ਚੱਟੇ-ਵੱਟੇ ਇਕ ਥੈਲੀ ਦੇ' ਕਹਿਣ ਲੋਕੀਂ ਐਵੇਂ ਰਹੇ 'ਇਕ-ਦੂਜੇ' ਨੂੰ 'ਘੇਰ' ਮੀਆਂ।
ਖਰੇ ਲੋਕਾਂ ਦੀ ਪਰਖ ਵਿਚ ਉਤਰਦੇ ਨਹੀਂ ਕੁਰਸੀ ਲਈ ਜਤਾਉਂਦੇ ਨੇ 'ਮੇਰ' ਮੀਆਂ।
ਚਾਰੇ ਸੀਟਾਂ 'ਤੇ 'ਚੋਣ-ਬੁਖਾਰ' ਚੜ੍ਹਿਆ ਕਹਿੰਦੇ 'ਇਕ' ਨੂੰ ਟੀਸੀ ਦਾ ਬੇਰ ਮੀਆਂ।
'ਪੰਜੇ ਕਮਲ ਤੇ ਝਾੜੂ' ਨੇ ਟਿੱਲ ਲਾਇਆ ਗਿੱਦੜਬਾਹੇ ਤੋਂ ਬਣਨ ਲਈ 'ਸ਼ੇਰ' ਮੀਆਂ!

# ਪਰਾਲੀ ਦਾ ਧੂੰਆਂ ਅਤੇ ਸਰਕਾਰਾਂ ਦੀ ਜ਼ਿੰਮੇਵਾਰੀ

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com



ਪ੍ਰਦੂਸ਼ਣ ਦਾ ਮਾਮਲਾ ਦੁਨੀਆ ਭਰ ਵਿਚ ਚਰਚਾ ਦਾ ਵਿਸ਼ਾ ਹੈ ਪਰ ਪੰਜਾਬ ਵਿਚ ਹਰ ਵਰ੍ਹੇ ਅਕਤੂਬਰ ਨਵੰਬਰ ਮਹੀਨੇ ਪਰਾਲੀ ਦੇ ਧੂੰਏ ਨਾਲ ਜੋੜ ਕੇ ਪ੍ਰਦੂਸ਼ਣ ਦਾ ਮਾਮਲਾ ਚਰਚਾ ਦਾ ਵਿਸ਼ਾ ਬਣਦਾ ਹੈ। ਇਸ ਵਰ੍ਹੇ ਵੀ ਸਥਿਤੀ ਇਹ ਹੈ ਕਿ ਧੂੰਆਂ ਨੁਮਾ ਬੱਦਲਾਂ (ਸਮੌਗ) ਦੇ ਇਸ ਪ੍ਰਦੂਸ਼ਣ ਮਾਮਲੇ ਦੀ ਗੂੰਜ ਸਾਡੇ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ ਲਹਿੰਦੇ ਪੰਜਾਬ ਦੀ ਰਾਜਧਾਨੀ ਲਾਹੌਰ ਤੱਕ ਸੁਣਾਈ ਦੇ ਰਹੀ ਹੈ। ਧੂੰਏ ਦੇ ਸੰਘਣੇ ਬੱਦਲ ਛਾਏ ਹੋਣ ਕਾਰਨ ਦਿੱਲੀ ਸਮੇਤ ਉੱਤਰੀ ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿਚ ਹਵਾ ਦੀ ਗੁਣਵੱਤਾ (ਏ.ਕਿਊ.ਆਈ.) 'ਗੰਭੀਰ' ਸ਼੍ਰੇਣੀ ਵਿਚ ਹੈ ਜੋ ਮਨੁੱਖ ਸਮੇਤ ਹਰ ਤਰ੍ਹਾਂ ਦੇ ਜੀਵ ਲਈ ਬਹੁਤ ਘਾਤਕ ਹੈ ਪਰ ਹੈਰਾਨੀਜਨਕ ਇਹ ਹੈ ਕਿ ਪ੍ਰਦੂਸ਼ਣ ਦੇ ਇਸ ਗੰਭੀਰ ਮਾਮਲੇ ਨੂੰ ਸੰਜੀਦਗੀ ਨਾਲ ਨਿਜੱਠਣ ਅਤੇ ਇਸ ਦੇ ਢੁਕਵੇਂ ਹੱਲ ਲੱਭਣ ਦੀ ਬਜਾਇ ਸਾਰਾ ਇਲਜ਼ਾਮ ਪੰਜਾਬ ਦੇ ਕਿਸਾਨਾਂ ਸਿਰ ਮੜ੍ਹਿਆ ਜਾ ਰਿਹਾ ਹੈ। ਇਸ ਤਰ੍ਹਾਂ ਦਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਜਿਵੇਂ ਪ੍ਰਦੂਸ਼ਣ ਲਈ ਸਿਰਫ ਕਿਸਾਨ ਹੀ ਜ਼ਿੰਮੇਵਾਰ ਹੋਵੇ ਲੇਕਿਨ ਜਦ ਹੁਣ ਪ੍ਰਦੂਸ਼ਣ ਦੀ ਚਰਚਾ ਛਿੜ ਹੀ ਪਈ ਹੈ ਤਾਂ ਇਸ ਦੇ ਤਮਾਮ ਕਾਰਨਾਂ ਦੀ ਚਰਚਾ ਕਰਨਾ ਬਹੁਤ ਜ਼ਰੂਰੀ ਹੈ।

ਸਾਡੇ ਸਮਾਜ ਵਿਚ ਕਿਸਾਨ ਦੀ ਪਛਾਣ ਪੈਦਾਵਾਰ ਕਰਨ ਵਾਲੇ ਵਜੋਂ ਹੈ ਨਾ ਕਿ ਪਲੀਤ ਕਰਨ ਵਾਲੇ ਵਜੋਂ ਹੈ। ਇਸ ਲਈ ਜਿੱਥੋਂ ਤੱਕ ਸੰਭਵ ਹੋਵੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਪਰ ਪਰਾਲੀ ਦੇ ਮਸਲੇ ਦਾ ਕੋਈ ਢੁਕਵਾਂ ਹੱਲ ਕਰੇ ਬਗੈਰ ਪਰਾਲੀ ਫੂਕਣ ਵਾਲੇ ਕਿਸਾਨਾਂ ਖਿਲਾਫ ਅਪਰਾਧਿਕ ਕੇਸ ਦਰਜ ਕਰਨੇ, ਭਾਰੀ ਜੁਰਮਾਨੇ ਕਰਨੇ, ਜ਼ਮੀਨੀ ਰਿਕਾਰਡ (ਫਰਦਾਂ) ਵਿਚ ਰੈੱਡ ਐਂਟਰੀਆਂ ਕਰਨੀਆਂ, ਸਥਾਨਕ ਅਧਿਕਾਰੀਆਂ ਖਿਲਾਫ ਕਾਰਵਾਈਆਂ ਇਸ ਮਸਲੇ ਦਾ ਢੁਕਵਾਂ ਹੱਲ ਨਹੀਂ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਪ੍ਰਦੂਸ਼ਣ ਦੇ ਮਾਮਲੇ ਦੇ ਹੱਲ ਵੱਲ ਵਧਣ ਦੀ ਬਜਾਇ ਅਧਿਕਾਰੀਆਂ ਖਿਲਾਫ ਅਪਰਾਧਿਕ ਕਾਰਵਾਈ ਆਰੰਭਣ ਅਤੇ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਐੱਫ.ਆਈ.ਆਰ. ਕਰਨ ਦੇ ਰਾਹ ਤੁਰੀਆਂ ਹੋਈਆਂ ਹਨ, ਇਹ ਰਾਹ ਮਸਲੇ ਦਾ ਹੱਲ ਕਰਨ ਦੀ ਬਜਾਇ ਮਸਲੇ ਨੂੰ ਹੋਰ ਵੱਧ ਪੇਚੀਦਾ ਬਣਾਉਣ ਵਾਲਾ ਹੈ।

ਪੰਜਾਬ ਵਿਚ ਕਰੀਬ 32 ਲੱਖ ਹੈਕਟੇਅਰ ਰਕਬੇ ਵਿਚ ਝੋਨੇ ਦੀ ਬਿਜਾਈ ਹੁੰਦੀ ਹੈ। ਝੋਨੇ ਦੀਆਂ ਪੂਸਾ-44 ਵਰਗੀਆਂ ਰਵਾਇਤੀ ਕਿਸਮਾਂ ਦੀ ਪਰਾਲੀ ਜਿਆਦਾ ਹੁੰਦੀ ਹੈ; ਪੀ.ਆਰ.-126 ਜਾਂ ਬਾਸਮਤੀ ਕਿਸਮਾਂ ਦੀ ਪਰਾਲੀ ਘੱਟ ਹੁੰਦੀ ਹੈ। ਛੇ ਮਹੀਨੇ ਪਹਿਲਾਂ ਸੂਬਾ ਸਰਕਾਰ ਨੇ ਪੀ.ਆਰ.-126 ਕਿਸਮ ਦੀ ਬਿਜਾਈ ਨੂੰ ਉਤਸ਼ਾਹਿਤ ਕੀਤਾ ਸੀ ਪਰ ਹੁਣ ਸ਼ੈਲਰ ਮਾਲਕਾਂ ਵੱਲੋਂ ਇਸ ਨੂੰ ਤਰਜੀਹ ਨਾ ਦੇਣ ਕਾਰਨ ਕਿਸਾਨ ਅਗਲੇ ਵਰ੍ਹੇ ਤੋਂ ਮੁੜ ਪੂਸਾ-44 ਵਰਗੀਆਂ ਜ਼ਿਆਦਾ ਪਰਾਲੀ ਪੈਦਾ ਕਰਨ ਵਾਲੀਆਂ ਕਿਸਮਾਂ ਵੱਲ ਮੁੜਨਗੇ। ਸਰਕਾਰ ਚਾਹੁੰਦੀ ਤਾਂ ਸ਼ੈਲਰ ਮਾਲਕਾਂ ਨਾਲ ਮਾਮਲਾ ਹੱਲ ਕਰ ਕੇ ਘੱਟ ਪਰਾਲੀ ਪੈਦਾ ਕਰਨ ਵਾਲੀਆਂ ਕਿਸਮਾਂ ਕਿਸਾਨ ਜਥੇਬੰਦੀਆਂ ਵੱਲੋਂ ਸੂਬਾ ਸਰਕਾਰ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਦੌਰਾਨ ਇਹ ਦਲੀਲ ਰੱਖੀ ਜਾਂਦੀ ਰਹੀ ਹੈ ਕਿ ਪਰਾਲੀ ਫੂਕਣਾ ਕਿਸਾਨਾਂ ਦੀ ਮਜਬੂਰੀ ਹੈ ਅਤੇ ਜੇ ਸਰਕਾਰ ਕਿਸਾਨਾਂ ਨੂੰ ਯੋਗ ਮੁਆਵਜ਼ਾ ਮੁਹੱਈਆ ਕਰੇ ਜਾਂ ਕੋਈ ਠੋਸ ਬਦਲ ਮੁਹੱਈਆ ਕਰੇ ਤਾਂ ਕਿਸਾਨ ਪਰਾਲੀ ਫੂਕਣ ਦੇ ਰਾਹ ਨਹੀਂ ਤੁਰਨਗੇ। ਪਿਛਲੇ ਸਾਲ ਕਿਸਾਨ ਜਥੇਬੰਦੀਆਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਪੰਜਾਬ ਸਰਕਾਰ ਨੇ ਖੁਦ ਝੋਨੇ ਦੀ ਪਰਾਲੀ ਦੀ ਸੰਭਾਲ ਲਈ ਕੇਂਦਰ ਸਰਕਾਰ ਤੋਂ 1200 ਕਰੋੜ ਰੁਪਏ ਮੰਗੇ ਸਨ। ਪੰਜਾਬ ਸਰਕਾਰ ਨੇ ਇਕ ਤਜਵੀਜ਼ ਕੇਂਦਰ ਸਰਕਾਰ ਨੂੰ ਭੇਜੀ ਸੀ ਕਿ ਪਰਾਲੀ ਦੀ ਸੰਭਾਲ ਲਈ ਕਿਸਾਨ ਨੂੰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ ਜਿਸ ਦਾ ਇਕ ਹਿੱਸਾ ਕੇਂਦਰ ਸਰਕਾਰ ਦੇਵੇ ਅਤੇ ਇਕ ਹਿੱਸਾ ਸੂਬਾ ਸਰਕਾਰ ਦੇਵੇਗੀ। ਕੇਂਦਰ ਸਰਕਾਰ ਨੇ ਸੂਬਾ ਸਰਕਾਰ ਨੂੰ ਕੋਰਾ ਜੁਆਬ ਦੇ ਦਿੱਤਾ ਤਾਂ ਸੂਬਾ ਸਰਕਾਰ ਵੀ ਆਪਣੇ ਹਿੱਸੇ ਦਾ ਮੁਆਵਜ਼ਾ ਦੇਣ ਤੋਂ ਟਾਲਾ ਵੱਟ ਗਈ। ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਸਰਕਾਰ ਕਿਸਾਨ ਭਾਈਚਾਰੇ ਦੀਆਂ ਵਿੱਤੀ ਸੀਮਾਵਾਂ ਨੂੰ ਨਜ਼ਰਅੰਦਾਜ਼ ਕਰ ਕੇ 'ਦਬਕੇ' ਨਾਲ ਮਸਲਾ ਹੱਲ ਕਰਨ ਦੇ ਰਾਹ ਤੁਰੀ ਹੋਈ ਹੈ।

ਇਹ ਤੱਥ ਤਾਂ ਦਰੁਸਤ ਹੈ ਕਿ ਪਰਾਲੀ ਨੂੰ ਖੇਤ ਵਿਚ ਮਿਲਾਉਣ ਨਾਲ ਖੇਤ ਦੀ ਉਪਜਾਊ



ਸ਼ਕਤੀ ਵਧਦੀ ਹੈ ਪਰ ਇਸ ਪ੍ਰਕਿਰਿਆ ਲਈ ਸੁਪਰ ਸੀਡਰ, ਹੈਪੀ ਸੀਡਰ ਵਰਗੇ ਮਹਿੰਗੇ ਸੰਦ ਚਾਹੀਦੇ ਹਨ ਜੋ ਸਿਰਫ ਵੱਡੇ ਟਰੈਕਟਰ ਹੀ ਖਿੱਚ ਸਕਦੇ ਹਨ, ਇਸ ਹਿਸਾਬ ਨਾਲ ਇਹ ਮਹਿੰਗਾ 'ਬਦਲ' ਸੂਬੇ ਦੇ ਜ਼ਿਆਦਾਤਰ ਛੋਟੇ ਕਿਸਾਨਾਂ ਦੇ ਵਸ ਦੀ ਗੱਲ ਨਹੀਂ ਹੈ। ਸਰਕਾਰ ਨੂੰ ਚਾਹੀਦਾ ਸੀ ਕਿ ਸਹਿਕਾਰੀ ਸਭਾਵਾਂ ਰਾਹੀਂ ਪਿੰਡ ਪੱਧਰ ਉੱਪਰ ਟਰੈਕਟਰ ਅਤੇ ਸੁਪਰ ਸੀਡਰ ਵਰਗੇ ਸੰਦ ਮੁਹੱਈਆ ਕੀਤੇ ਜਾਂਦੇ।

ਉਂਝ, ਇਹ ਸਾਫ ਹੋਣਾ ਚਾਹੀਦਾ ਹੈ ਕਿ ਪ੍ਰਦੂਸ਼ਣ ਸਿਰਫ ਪਰਾਲੀ ਦੇ ਧੂੰਏ ਨਾਲ ਹੀ ਪੈਦਾ ਨਹੀਂ ਹੁੰਦਾ ਬਲਕਿ ਸਨਅਤਾਂ, ਫੈਕਟਰੀਆਂ, ਵਹੀਕਲਾਂ ਦੇ ਪੂਰੇ ਸਾਲ ਦੇ ਧੂੰਏ ਮੁਕਾਬਲੇ ਪਰਾਲੀ ਦਾ ਧੂੰਏ ਤਾਂ ਕੁੱਲ ਪ੍ਰਦੂਸ਼ਣ ਵਿਚ 'ਆਟੇ ਵਿਚ ਲੂਣ' ਬਰਾਬਰ ਹੈ। ਕੁਝ ਖੋਜ ਸੰਸਥਾਵਾਂ ਮੁਤਾਬਕ ਪੰਜਾਬ ਸਮੇਤ ਗੁਆਂਢੀ ਸੂਬਿਆਂ ਵਿਚ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਦਾ ਦਿੱਲੀ ਦੇ ਪ੍ਰਦੂਸ਼ਣ ਵਿਚ ਇਸ ਸਾਲ ਸਿਰਫ਼ 4.44 ਫੀਸਦ ਦੇ ਲੱਗਭੱਗ ਹੀ ਯੋਗਦਾਨ ਰਿਹਾ ਹੈ। ਅਸਲ ਵਿਚ ਸਾਡੇ ਦੇਸ਼ ਅੰਦਰ ਪ੍ਰਦੂਸ਼ਣ ਦੀ ਸਥਿਤੀ ਅਜਿਹੀ ਹੈ ਕਿ ਜਿਵੇਂ ਇਕ ਘੜਾ ਪਾਣੀ ਦੀ ਸਿਰਫ ਇਕ ਬੂੰਦ ਊਣਾ ਹੋਵੇ ਤੇ ਅਕਤੂਬਰ ਨਵੰਬਰ ਮਹੀਨੇ ਉਹ ਇਕ ਬੂੰਦ ਪਰਾਲੀ ਦੇ ਧੂੰਏ ਦੇ ਰੂਪ ਵਿਚ ਭਰਨ ਨਾਲ ਘੜਾ ਡੁੱਲ੍ਹਣ ਲੱਗ ਪਵੇ। ਘੜਾ ਗਲ ਤੱਕ ਕਿਵੇਂ ਭਰਿਆ ਇਹ ਜਾਨਣ ਦੀ ਬਜਾਇ ਸਾਰਾ ਮਾਮਲਾ ਆਖਰੀ ਬੂੰਦ ਪਾਉਣ ਵਾਲੇ ਸਿਰ ਮੜ੍ਹਿਆ ਜਾ ਰਿਹਾ ਹੈ।

ਵੈਸੇ ਅਜਿਹਾ ਕੋਈ ਅਧਿਐਨ ਸਾਹਮਣੇ ਨਹੀਂ ਆਇਆ ਹੈ ਜਿਸ ਨਾਲ ਇਹ ਸਾਬਤ ਹੋ ਸਕੇ ਕਿ ਪੰਜਾਬ ਵਿਚ ਫੂਕੀ ਪਰਾਲੀ ਦਾ ਧੂੰਆਂ ਦਿੱਲੀ ਦੀ ਹਵਾ ਪ੍ਰਦੂਸ਼ਿਤ ਹੋਣ ਲਈ ਜ਼ਿੰਮੇਵਾਰ ਹੈ। ਕਈ ਅਜਿਹੇ ਅਧਿਐਨ ਮੌਜੂਦ ਹਨ ਜੋ ਇਹ ਸਿੱਧ ਕਰਦੇ ਹਨ ਕਿ ਪੰਜਾਬ ਵਿਚ ਪਰਾਲੀ ਫੂਕਣ ਕਰ ਕੇ ਪੈਦਾ ਹੋਣ ਵਾਲੇ ਪ੍ਰਦੂਸ਼ਿਤ ਕਣ ਤਦ ਤੱਕ ਪੰਜਾਬ ਵਿਚ ਰਹਿਣਗੇ ਜਦ ਤੱਕ ਕੋਈ ਹਨੇਰੀ ਜਾਂ ਤੇਜ਼ ਹਵਾਵਾਂ ਨਾ ਵਗਦੀਆਂ ਹੋਣ ਕਿਉਂਕਿ ਮਾਹਿਰਾਂ ਅਨੁਸਾਰ ਪ੍ਰਦੂਸ਼ਤ ਕਣਾਂ ਅਤੇ ਧੂੰਏ ਦੇ ਇੱਕ ਥਾਂ ਤੋਂ ਦੂਜੇ ਥਾਂ ਉੱਤੇ ਜਾਣ ਵਾਸਤੇ ਹਵਾ ਦੀ ਘੱਟੋ-ਘੱਟ ਰਫ਼ਤਾਰ 6 ਕਿਲੋਮੀਟਰ ਤੋਂ ਜ਼ਿਆਦਾ ਹੋਣੀ ਚਾਹੀਦੀ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਅਨੁਸਾਰ ਪੰਜਾਬ ਵਿਚ ਝੋਨੇ ਦੀ ਪਰਾਲੀ ਸਾੜਨ ਉਪਰੰਤ ਪੈਦਾ ਹੋਈਆਂ ਗੈਸਾਂ ਨਾਲ ਬਣੇ ਪੀ.ਐਮ. 10 ਅਤੇ ਪੀ.ਐਮ. 2.5 ਕਿਸੇ ਵੀ ਹਾਲਤ ਵਿਚ ਲੰਮੀ ਦੂਰੀ ਨਹੀਂ ਤੈਅ ਕਰ ਸਕਦੇ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਨੁਸਾਰ ਅਜਿਹਾ ਕੋਈ ਵੀ ਅਧਿਐਨ ਨਹੀਂ ਹੈ ਜੋ ਸਾਬਤ ਕਰਦਾ ਹੋਵੇ ਕਿ ਦਿੱਲੀ ਅਤੇ ਲਾਹੌਰ ਦੇ ਪ੍ਰਦੂਸ਼ਣ ਵਿਚ ਪੰਜਾਬ ਦੇ ਪ੍ਰਦੂਸ਼ਣ ਦਾ ਯੋਗਦਾਨ ਹੋਵੇ।

ਸਾਡੇ ਮੁਲਕ ਵਿਚ ਮੱਧ ਵਰਗ ਤੇ ਉੱਚ ਮੱਧ ਵਰਗ ਵੱਲੋਂ ਪਬਲਿਕ ਟਰਾਂਸਪੋਰਟ ਵਰਤਣ ਦੀ ਥਾਂ ਬਗੈਰ ਕਿਸੇ ਕਾਰਨ ਆਪਣੀ ਨਿੱਜੀ ਗੱਡੀ 'ਤੇ ਜਾਣ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ, ਇਹ ਫੋਕੀ ਟੌਹਰ ਕਿੰਨਾ ਪ੍ਰਦੂਸ਼ਣ ਫੈਲਾਉਂਦੀ ਹੈ, ਇਸ ਦੀ ਵੀ ਨਿਸ਼ਾਨਦੇਹੀ ਹੋਣੀ ਚਾਹੀਦੀ ਹੈ। ਇਸ ਤੋਂ ਅੱਗੇ ਸਾਡੇ ਮੁਲਕ ਦੇ ਰਾਜਨੀਤਕ ਆਗੂ ਅਤੇ 'ਸੱਤਾ' ਦੇ ਨੇੜਲੇ ਵਿਅਕਤੀ ਸੁਰੱਖਿਆ ਕਰਮੀਆਂ ਸਮੇਤ 30-30 ਕਾਰਾਂ ਦਾ ਕਾਫਲਾ ਲੈ ਕੇ ਤੁਰਦੇ ਹਨ ਤਾਂ ਉਹ ਕਾਰਾਂ ਦਾ ਧੂੰਆਂ ਕਿੰਨਾ ਪ੍ਰਦੂਸ਼ਣ ਪੈਦਾ ਕਰਦਾ ਹੈ, ਇਸ ਮਾਮਲੇ ਉੱਪਰ ਕਦੇ ਕਿਸੇ ਨੇ ਉਂਗਲ ਨਹੀਂ ਉਠਾਈ ਹੈ। ਇਸ ਤੋਂ ਇਲਾਵਾ ਰਿਹਾਇਸ਼ੀ ਖੇਤਰਾਂ ਨੇੜੇ ਫੈਕਟਰੀਆਂ, ਭੱਠੇ, ਬੇਲੋੜੇ ਏਅਰ ਕੰਡੀਸ਼ਨ ਪ੍ਰਦੂਸ਼ਣ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਹਨ। ਖੈਰ, ਇਹ ਸਭ ਜਾਣਦੇ ਹੋਏ ਵੀ ਕਿ ਪਰਾਲੀ ਦਾ ਧੂੰਆਂ ਪ੍ਰਦੂਸ਼ਣ ਦਾ ਮੁੱਖ ਕਾਰਨ ਨਹੀਂ ਹੈ, ਸਾਨੂੰ ਇਸ ਪਾਸੇ ਵਧਣਾ ਚਾਹੀਦਾ ਹੈ ਕਿ ਪਰਾਲੀ ਦਾ ਠੋਸ ਤੇ ਢੁੱਕਵਾਂ ਹੱਲ ਹੋਵੇ ਜਿਸ ਨਾਲ ਇਸ ਨੂੰ ਅੱਗ ਲਾਉਣ ਦੀ ਨੌਬਤ ਹੀ ਨਾ ਆਵੇ। ਕਿਸੇ ਸੱਭਿਅਕ ਸਮਾਜ ਵਿਚ ਪ੍ਰਦੂਸ਼ਣ ਨਹੀਂ ਹੋਣਾ ਚਾਹੀਦਾ ਹੈ।

ਇਕ ਪਾਸੇ ਪ੍ਰਦੂਸ਼ਣ ਲਈ ਪੰਜਾਬੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਦੂਜੇ ਪਾਸੇ ਪ੍ਰਦੂਸ਼ਣ ਖਿਲਾਫ ਸੰਘਰਸ਼ ਕਰ ਰਹੇ ਪੰਜਾਬੀਆਂ ਦੀ ਸਰਕਾਰ ਗੱਲ ਸੁਣਨ ਨੂੰ ਤਿਆਰ ਨਹੀਂ ਹੈ। ਲੁਧਿਆਣਾ ਜ਼ਿਲ੍ਹੇ ਤਿੰਨ ਪਿੰਡਾਂ ਭੂੰਦੜੀ, ਅਖਾੜਾ ਅਤੇ ਮੁਸ਼ਕਾਬਾਦ ਵਿਚ ਬਾਇਓ ਗੈਸ ਫੈਕਟਰੀਆਂ ਉਸਾਰੀ ਅਧੀਨ ਹਨ; ਘੁੰਗਰਾਲੀ ਰਾਜਪੂਤਾਂ ਪਿੰਡ ਵਿਚ ਗੈਸ ਫੈਕਟਰੀ ਚੱਲ ਰਹੀ ਹੈ। ਇਹ ਬਾਇਓ ਗੈਸ ਫੈਕਟਰੀਆਂ ਲੋਕਾਂ ਨੂੰ ਭਿਆਨਕ ਬਿਮਾਰੀਆਂ ਵੱਲ ਧੱਕ ਰਹੀਆਂ ਹਨ ਜਿਸ ਕਾਰਨ ਆਸ-ਪਾਸ ਪਿੰਡਾਂ ਦੇ ਲੋਕ ਵਿਰੋਧ ਕਰ ਰਹੇ ਹਨ। ਜਿਸ ਘੁੰਗਰਾਲੀ ਰਾਜਪੂਤਾਂ ਪਿੰਡ ਵਿਚ ਬਾਇਓ ਗੈਸ ਫੈਕਟਰੀ ਚੱਲ ਰਹੀ ਹੈ, ਉਸ ਫੈਕਟਰੀ ਨੇੜਲੇ ਪਿੰਡਾਂ ਦੇ ਲੋਕ ਸਰਕਾਰ ਅੱਗੇ ਆਪਣੀ ਖਰਾਬ ਹੋ ਰਹੀ ਸਿਹਤ ਦੀ ਗੁਹਾਰ ਲਗਾ ਚੁੱਕੇ ਹਨ ਪਰ ਸਰਕਾਰ ਉਹਨਾਂ ਲੋਕਾਂ ਦੀ ਗੱਲ ਨਹੀਂ ਸੁਣ ਰਹੀ ਹੈ। ਇਸੇ ਤਰ੍ਹਾਂ ਬੁੱਢੇ ਨਾਲੇ ਦੇ ਪ੍ਰਦੂਸ਼ਣ ਦਾ ਮਸਲਾ ਵਾਰ-ਵਾਰ ਉਠਾਉਣ ਦੇ ਬਾਵਜੂਦ ਸਰਕਾਰ ਮਸਲੇ ਦਾ ਹੱਲ ਕਰਨ ਤੋਂ ਟਾਲਾ ਵੱਟ ਚੁੱਕੀ ਹੈ।

ਅਸਲੀਅਤ ਇਹ ਹੈ ਕਿ ਪ੍ਰਦੂਸ਼ਣ ਦੁਨੀਆ ਭਰ ਦਾ ਮਸਲਾ ਹੈ ਜਿਸ ਨੂੰ ਸੰਜੀਦਗੀ ਨਾਲ ਲਿਆ ਹੀ ਨਹੀਂ ਜਾ ਰਿਹਾ ਹੈ। ਪਹਿਲਾਂ ਅਫਗਾਨਿਸਤਾਨ, ਇਰਾਕ ਵਰਗੇ ਮੁਲਕਾਂ ਵਿਚ ਅਤੇ ਹੁਣ ਇਜ਼ਰਾਈਲ-ਫਲਸਤੀਨ, ਰੂਸ-ਯੂਕਰੇਨ ਵਰਗੀਆਂ ਜੰਗਾਂ ਰਾਹੀਂ ਦੁਨੀਆ ਦੀਆਂ ਵੱਡੀਆਂ ਸਾਮਰਾਜੀ ਤਾਕਤਾਂ ਬਹੁਤ ਵੱਡੀ ਪੱਧਰ 'ਤੇ ਪ੍ਰਦੂਸ਼ਣ ਦਾ ਕਾਰਨ ਬਣ ਰਹੀਆਂ ਹਨ।

ਇਕ ਤਾਜ਼ਾ ਫੈਸਲੇ ਰਾਹੀਂ ਨੈਸ਼ਨਲ ਗਰੀਨ ਟ੍ਰਿਬਿਊਨਲ (ਐੱਨ.ਜੀ.ਟੀ.) ਨੇ ਪਾਣੀਪਤ ਥਰਮਲ ਪਾਵਰ ਸਟੇਸ਼ਨ ਨੂੰ ਹਵਾ ਪ੍ਰਦੂਸ਼ਣ ਤੇ ਮਿੱਟੀ ਖ਼ਰਾਬ ਕਰਨ ਲਈ 6.93 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ ਕਿਉਂਕਿ ਇਸ ਤਾਪ ਬਿਜਲੀ ਘਰ ਤੋਂ ਉੱਡਦੀ ਸੁਆਹ ਨੇੜਲੇ ਪਿੰਡਾਂ ਦੇ ਵਾਸੀਆਂ ਦੀ ਸਿਹਤ ਨਾਲ ਖਿਲਵਾੜ ਕਰ ਰਹੀ ਹੈ। ਇਸ ਤਰ੍ਹਾਂ ਦੇ ਜੁਰਮਾਨੇ ਬਾਕੀ ਸਨਅਤੀ ਇਕਾਈਆਂ ਨੂੰ ਵੀ ਲੱਗਣੇ ਚਾਹੀਦੇ ਹਨ।

ਪਰਾਲੀ ਦੇ ਧੂੰਏ ਤੋਂ ਰਾਹਤ ਦਾ ਸਭ ਤੋਂ ਮੁੱਢਲਾ ਹੱਲ ਤਾਂ ਇਹੋ ਹੈ ਕਿ ਸਰਕਾਰ ਕਣਕ, ਝੋਨੇ ਤੋਂ ਇਲਾਵਾ ਸਬਜ਼ੀਆਂ ਸਮੇਤ ਹੋਰ ਫਸਲਾਂ ਦੀ ਐਮ.ਐਸ.ਪੀ. ਤਹਿਤ ਖਰੀਦ ਦੀ ਗਾਰੰਟੀ ਯਕੀਨੀ ਬਣਾਏ ਤਾਂ ਜੋ ਖੇਤੀ ਵੰਨ-ਸਵੰਨਤਾ ਰਾਹੀਂ ਕਿਸਾਨ ਝੋਨੇ ਦੀ ਬਿਜਾਈ ਘਟਾ ਦੇਣ। ਦੂਜਾ ਹੱਲ ਸਰਕਾਰ ਨੂੰ ਇਹ ਕਰਨਾ ਚਾਹੀਦਾ ਹੈ ਕਿ ਛੋਟੇ ਕਿਸਾਨਾਂ ਨੂੰ ਖੇਤੀ ਸੰਦ ਮੁਹੱਈਆ ਕਰਵਾਏ।

# ਗਿਆਨ ਵਿਰੁੱਧ ਯੁੱਧ ਦਾ ਜਰਨੈਲ ਸੀ 'ਸਿੱਖਿਆ ਸ਼ਾਸਤਰੀ' ਦੀਨਾਨਾਥ ਬਤਰਾ...

***ਆਰ.ਐੱਸ.ਐੱਸ. ਵਿਦਵਾਨ ਦੀਨਾਨਾਥ ਬਤਰਾ ਦੀ ਮੌਤ ਦੀ ਖ਼ਬਰ ਦਿੰਦਿਆਂ ਕੁਝ ਅਖ਼ਬਾਰਾਂ ਨੇ ਲਿਖਿਆ ਕਿ ਉਹ ਮਹੱਤਵਪੂਰਨ ਸਿੱਖਿਆ ਸ਼ਾਸਤਰੀ ਸੀ ਅਤੇ ਉਹ ਕਦਰਾਂ-ਕੀਮਤਾਂ 'ਤੇ ਕੇਂਦਰਤ ਅਤੇ ਭਾਰਤੀਅਤਾ ਨੂੰ ਸਿੱਖਿਆ ਦਾ ਧੁਰਾ ਬਣਾਉਣ ਦਾ ਹਮਾਇਤੀ ਸੀ। ਬਤਰਾ ਵਰਗੇ ਲੋਕਾਂ ਨੂੰ ਸਿੱਖਿਆ ਸ਼ਾਸਤਰੀ ਕਹਿਣਾ ਇਸ ਸ਼ਬਦ ਦਾ ਅਪਮਾਨ ਹੈ। ਸਿੱਖਿਆ ਨੂੰ ਭਾਰਤੀਅਤਾ ਕੇਂਦਰਿਤ ਬਣਾਉਣ ਦਾ ਕੀ ਭਾਵ ਹੈ, ਅਖ਼ਬਾਰਾਂ ਨੇ ਇਹ ਨਹੀਂ ਲਿਖਿਆ। ਦਿੱਲੀ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਪ੍ਰੋਫੈਸਰ ਅਪੂਰਵਾਨੰਦ ਨੇ ਇਸ ਲੇਖ ਵਿਚ ਬਤਰਾ ਦੀ ਹਕੀਕਤ ਬਿਆਨ ਕੀਤੀ ਹੈ। ਪ੍ਰੋ. ਅਪੂਰਵਾਨੰਦ ਸਾਹਿਤਕ ਅਤੇ ਸੱਭਿਆਚਾਰਕ ਆਲੋਚਨਾ ਦੇ ਵਿਦਵਾਨ ਹੋਣ ਦੇ ਨਾਲ-ਨਾਲ ਰਾਜਨੀਤਕ ਤਬਸਰਾਕਾਰ ਵੀ ਹਨ। ਇਸ ਅਹਿਮ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

**ਪ੍ਰੋਫੈਸਰ ਅਪੂਰਵਾਨੰਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

7 ਨਵੰਬਰ ਨੂੰ ਦੀਨਾਨਾਥ ਬਤਰਾ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ। ਇਹ ਭਾਰਤ ਦੇ ਸਿੱਖਿਆ ਜਗਤ ਲਈ ਮਹੱਤਵਪੂਰਨ ਖ਼ਬਰ ਹੋਣੀ ਚਾਹੀਦੀ ਸੀ ਪਰ ਅਜੇ ਤੱਕ ਬਹੁਤਾ ਕੁਝ ਲਿਖਿਆ ਹੋਵੇ, ਇਹ ਦੇਖਣ 'ਚ ਨਹੀਂ ਆਇਆ; ਸ਼ਾਇਦ ਇਕ-ਦੋ ਦਿਨਾਂ ਵਿਚ ਸ਼ਰਧਾਂਜਲੀਆਂ ਦਾ ਹੜ੍ਹ ਆ ਜਾਵੇਗਾ।

ਬਤਰਾ ਦੀ ਮੌਤ ਦੀ ਖ਼ਬਰ ਦਿੰਦਿਆਂ ਕੁਝ ਅਖ਼ਬਾਰਾਂ ਨੇ ਲਿਖਿਆ ਕਿ ਉਹ ਮਹੱਤਵਪੂਰਨ ਸਿੱਖਿਆ ਸ਼ਾਸਤਰੀ ਸੀ ਅਤੇ ਉਹ ਕਦਰਾਂ-ਕੀਮਤਾਂ 'ਤੇ ਕੇਂਦਰਤ ਅਤੇ ਭਾਰਤੀਅਤਾ ਨੂੰ ਸਿੱਖਿਆ ਦਾ ਧੁਰਾ ਬਣਾਉਣ ਦਾ ਹਮਾਇਤੀ ਸੀ। ਬਤਰਾ ਵਰਗੇ ਲੋਕਾਂ ਨੂੰ ਸਿੱਖਿਆ ਸ਼ਾਸਤਰੀ ਕਹਿਣਾ ਇਸ ਸ਼ਬਦ ਦਾ ਅਪਮਾਨ ਹੈ। ਸਿੱਖਿਆ ਨੂੰ ਭਾਰਤੀਅਤਾ ਕੇਂਦਰਿਤ ਬਣਾਉਣ ਦਾ ਕੀ ਭਾਵ ਹੈ, ਅਖ਼ਬਾਰਾਂ ਨੇ ਇਹ ਨਹੀਂ ਲਿਖਿਆ। ਇਹ ਉਦੋਂ ਸਪਸ਼ਟ ਹੋ ਜਾਂਦਾ ਹੈ ਜਦੋਂ ਪਾਠਕਾਂ ਨੂੰ ਪਤਾ ਲੱਗਦਾ ਹੈ ਕਿ ਉਹ ਲੰਮੇ ਸਮੇਂ ਤੋਂ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਨਾਲ ਜੁੜਿਆ ਹੋਇਆ ਸੀ।

ਉਹ 'ਸਿੱਖਿਆ ਬਚਾਓ ਅੰਦੋਲਨ ਸਮਿਤੀ' ਅਤੇ 'ਸਿੱਖਿਆ ਸੰਸਕ੍ਰਿਤੀ ਉੱਥਾਨ ਨਿਆਸ' ਦਾ ਬਾਨੀ ਸੀ ਜਿਸ ਦੇ ਪਿੱਛੇ ਆਰ.ਐੱਸ.ਐੱਸ. ਹੈ। ਉਹ ਆਰ.ਐੱਸ.ਐੱਸ. ਦੇ ਸਿੱਖਿਆ ਵਿੰਗ 'ਵਿਦਿਆ ਭਾਰਤੀ' ਦਾ ਮੁਖੀ ਵੀ ਸੀ। ਅੱਜ ਇਸ ਵਿਚ 12000 ਸਕੂਲ ਅਤੇ ਲੱਗਭੱਗ 32 ਲੱਖ ਵਿਦਿਆਰਥੀ ਹਨ। ਇਸ ਜਾਣ-ਪਛਾਣ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਬਤਰਾ ਕਿਹੜੀਆਂ ਕਦਰਾਂ-ਕੀਮਤਾਂ ਅਤੇ ਕਿਸ ਤਰ੍ਹਾਂ ਦੀ ਭਾਰਤੀਅਤਾ ਦਾ ਪ੍ਰਚਾਰਕ ਸੀ।

ਇਕ ਅਖ਼ਬਾਰ ਨੇ ਬਿਲਕੁਲ ਸਹੀ ਲਿਖਿਆ ਹੈ ਕਿ ਬਤਰਾ ਭਾਰਤ ਦੇ ਸਿੱਖਿਆ ਖੇਤਰ ਵਿਚ ਆਪਣੇ ਸਿੱਖਿਆ ਵਿਰੋਧੀ ਮੁਕੱਦਮਿਆਂ ਲਈ ਮਸ਼ਹੂਰ ਸੀ। ਉਹ ਆਦਤਨ ਮੁਕੱਦਮੇਬਾਜ਼ ਸੀ, ਜਾਂ ਕਹਿ ਲਓ ਉਹ ਵਿਚਾਰਧਾਰਕ ਮੁਕੱਦਮੇਬਾਜ਼ ਸੀ। ਉਸ ਨੇ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟੈਕਨਾਲੋਜੀ (ਐੱਨ.ਸੀ.ਈ.ਆਰ.ਟੀ.) ਦੀਆਂ ਕਿਤਾਬਾਂ 'ਤੇ ਕਈ ਮੁਕੱਦਮੇ ਕੀਤੇ। 2011 'ਚ ਬਤਰੇ ਨੇ ਖੋਜੀ ਇਤਿਹਾਸਕਾਰ ਵੈਂਡੀ ਡੌਨੀਗਰ ਦੀ ਬਹੁਤ ਹੀ ਮਸ਼ਹੂਰ ਕਿਤਾਬ (ਦਿ ਹਿੰਦੂ: ਐਨ ਆਲਟਰਨੇਟਿਵ ਹਿਸਟਰੀ) ਵਿਰੁੱਧ ਮੁਕੱਦਮਾ ਕੀਤਾ। ਡੌਨੀਗਰ ਸੰਸਕ੍ਰਿਤ ਸਰੋਤਾਂ 'ਚ ਮੌਜੂਦ ਭਾਰਤੀ ਧਾਰਮਿਕ ਵਿਚਾਰਧਾਰਾ ਅਤੇ ਇਤਿਹਾਸ ਦੀ ਉੱਚਕੋਟੀ ਦੀ ਅਮਰੀਕਨ ਵਿਦਵਾਨ ਹੈ ਜਿਸ ਦੀ ਤੱਥਾਂ 'ਤੇ ਆਧਾਰਿਤ ਇਤਿਹਾਸਕਾਰੀ ਨੂੰ ਹਿੰਦੂ ਮੂਲਵਾਦੀ ਹਿੰਦੂ ਧਰਮ ਦੀ ਤੌਹੀਨ ਸਮਝਦੇ ਹਨ। ਬਤਰਾ ਵੱਲੋਂ ਕੀਤੇ ਮੁਕੱਦਮੇ ਦੇ ਦਬਾਅ ਹੇਠ ਪੈਂਗੂਇਨ ਪ੍ਰਕਾਸ਼ਨ ਸਮੂਹ ਨੇ ਹਮਲੇ ਦੇ ਡਰ ਕਾਰਨ ਉਪਰੋਕਤ ਕਿਤਾਬ ਦੀਆਂ ਸਾਰੀਆਂ ਕਾਪੀਆਂ ਕਿਤਾਬ ਵਿਕ੍ਰੇਤਾਵਾਂ ਤੋਂ ਵਾਪਸ ਲੈ ਕੇ ਨਸ਼ਟ ਕਰ ਦਿੱਤੀਆਂ। ਇਸੇ ਤਰ੍ਹਾਂ ਬਤਰੇ ਨੇ ਦਿੱਲੀ ਯੂਨੀਵਰਸਿਟੀ ਦੇ ਇਤਿਹਾਸ ਦੇ ਅੰਡਰ-ਗਰੈਜੂਏਟ ਸਿਲੇਬਸ ਵਿਚੋਂ ਏ.ਕੇ. ਰਾਮਾਨੁਜਨ ਦੇ ਪ੍ਰਸਿੱਧ ਲੇਖ 'ਥ੍ਰੀ ਹੰਡਰਡ ਰਾਮਾਇਣਜ਼' ਨੂੰ ਹਟਾਉਣ ਲਈ ਮੁਕੱਦਮਾ ਕੀਤਾ। ਨਤੀਜਾ ਇਹ ਹੋਇਆ ਕਿ ਯੂਨੀਵਰਸਿਟੀ ਨੇ ਖ਼ੁਦ ਹੀ ਇਹ ਲੇਖ ਆਪਣੇ ਕੋਰਸ 'ਚੋਂ ਹਟਾ ਦਿੱਤਾ। ਉਸ ਦੇ ਕੀਤੇ ਮੁਕੱਦਮਿਆਂ ਦਾ ਸਿਲਸਿਲਾ ਦਹਾਕਿਆਂ 'ਚ ਫੈਲਿਆ ਹੋਇਆ ਹੈ।

ਇਨ੍ਹਾਂ ਸਾਰੇ ਮੁਕੱਦਮਿਆਂ ਵਿਚ ਬਤਰਾ ਦੀ ਆਮ ਸ਼ਿਕਾਇਤ ਇਹ ਸੀ ਕਿ ਇਹ ਕਿਤਾਬਾਂ ਜਾਂ ਪਾਠ ਹਿੰਦੂ ਵਿਰੋਧੀ ਜਾਂ ਭਾਰਤੀਅਤਾ ਵਿਰੋਧੀ ਹਨ। ਜਿਨ੍ਹਾਂ ਮੁਕੱਦਮਿਆਂ ਵਿਚ ਬਤਰਾ ਸਿੱਧੇ ਤੌਰ 'ਤੇ ਸ਼ਾਮਿਲ ਸੀ, ਉਨ੍ਹਾਂ ਤੋਂ ਇਲਾਵਾ ਉਸ ਦੇ ਜਥੇਬੰਦਕ ਤਾਣੇ-ਬਾਣੇ ਨਾਲ ਸਬੰਧਿਤ ਲੋਕ ਵੱਖ-ਵੱਖ ਥਾਵਾਂ 'ਤੇ ਇਤਿਹਾਸਕਾਰਾਂ, ਲੇਖਕਾਂ, ਕਲਾਕਾਰਾਂ ਵਿਰੁੱਧ ਮੁਕੱਦਮੇ ਕਰਦੇ ਰਹਿੰਦੇ ਸਨ। ਸੰਸਾਰ ਪ੍ਰਸਿੱਧ ਚਿੱਤਰਕਾਰ ਐੱਮ.ਐੱਫ. ਹੁਸੈਨ ਉਨ੍ਹਾਂ ਦੇ ਖ਼ਾਸ ਨਿਸ਼ਾਨੇ 'ਤੇ ਸੀ। ਉਸ ਵਿਰੁੱਧ ਮੁਲਕ ਦੇ ਵੱਖ-ਵੱਖ ਹਿੱਸਿਆਂ 'ਚ ਤਕਰੀਬਨ 100 ਮੁਕੱਦਮੇ ਕੀਤੇ ਗਏ ਜਿਸ ਕਾਰਨ ਉਸ ਨੂੰ ਮੁਲਕ ਛੱਡਣਾ ਪਿਆ।

ਬਤਰਾ ਵਿਦਿਅਕ ਅਤੇ ਸੱਭਿਆਚਾਰਕ ਮਾਮਲਿਆਂ ਵਿਚ ਆਰ.ਐੱਸ.ਐੱਸ. ਦਾ ਮਹੱਤਵਪੂਰਨ ਰਾਹ ਦਰਸਾਵਾ ਸੀ। ਉਸ ਨੇ ਜੋ ਕੰਮ ਕੀਤਾ ਉਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਭਾਰਤ ਜਾਂ ਸਿੱਖਿਆ ਬਾਰੇ ਆਰ.ਐੱਸ.ਐੱਸ. ਦੀ ਸਮਝ ਕੀ ਹੈ। ਉਸ ਨੇ ਐੱਨ.ਸੀ.ਈ.ਆਰ.ਟੀ. ਨੂੰ ਲਿਖਿਆ ਕਿ ਹਿੰਦੀ ਕਿਤਾਬਾਂ ਵਿਚੋਂ ਉਰਦੂ, ਅਰਬੀ ਅਤੇ ਫਾਰਸੀ ਦੇ ਸਾਰੇ ਸ਼ਬਦ ਹਟਾ ਦਿੱਤੇ ਜਾਣ। ਉਸ ਨੇ ਅਵਤਾਰ ਸਿੰਘ ਪਾਸ਼, ਗ਼ਾਲਿਬ, ਟੈਗੋਰ ਦੀਆਂ ਰਚਨਾਵਾਂ ਨੂੰ ਹਟਾਉਣ ਲਈ ਵੀ ਮੁਹਿੰਮ ਚਲਾਈ। 2006 'ਚ ਹਿੰਦੀ ਦੀਆਂ ਕਿਤਾਬਾਂ 'ਚੋਂ ਪ੍ਰੇਮ ਚੰਦ, ਅਯੋਧਿਆ ਪ੍ਰਸਾਦ ਉਪਾਧਿਆਏ (ਹਰੀ ਔਧ), ਪਾਂਡੇ ਬੇਚਨ ਸ਼ਰਮਾ (ਉਗਰ), ਮੋਹਨ ਰਾਕੇਸ਼, ਸੁਧਾਮਾ ਪਾਂਡੇ (ਧੂਮਿਲ), ਅਵਤਾਰ ਸਿੰਘ ਪਾਸ਼, ਐੱਮ. ਐੱਫ. ਹੁਸੈਨ ਦੇ ਹਿੰਦੀ ਕਿਤਾਬਾਂ ਸ਼ਾਮਲ ਪਾਠਾਂ ਨੂੰ ਹਿੰਦੂ ਵਿਰੋਧੀ ਜਾਂ ਰਾਸ਼ਟਰ ਵਿਰੋਧੀ ਕਰਾਰ ਦੇ ਕੇ ਉਨ੍ਹਾਂ ਵਿਰੁੱਧ ਮੁਹਿੰਮ ਚਲਾਈ ਗਈ। ਇਹ ਮੁਹਿੰਮ ਸੰਸਦ ਤੱਕ ਪਹੁੰਚੀ ਅਤੇ ਇਸ ਨੇ ਐੱਨ.ਸੀ.ਈ.ਆਰ.ਟੀ. ਦੇ ਹਲਕਿਆਂ 'ਚ ਤਬਾਹੀ ਮਚਾ ਦਿੱਤੀ।



*ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਆਰ.ਐੱਸ.ਐੱਸ. ਦੇ ਮੋਢੀ ਕੇ.ਬੀ. ਹੈਡਗੇਵਾਰ ਦੇ 125ਵੇਂ ਜਨਮ ਦਿਨ ਮੌਕੇ ਕੋਲਕਾਤਾ ਵਿਖੇ ਦੀਨਾਨਾਥ ਬਤਰਾ ਨੂੰ ਸਨਮਾਨਿਤ ਕਰਦੇ ਹੋਏ।*

ਬਤਰਾ ਕਿਤਾਬਾਂ ਨੂੰ ਪਵਿੱਤਰ ਕਰਨ ਦੇ ਆਪਣੇ ਕੰਮ ਵਿਚ ਕਿਸੇ ਵੀ ਹੱਦ ਤੱਕ ਜਾ ਸਕਦਾ ਸੀ। ਇਕ ਘਟਨਾ ਤੋਂ ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਬਤਰਾ ਦੀ ਸੰਸਥਾ ਨੇ ਐੱਨ.ਸੀ.ਈ.ਆਰ.ਟੀ. ਅਤੇ ਸੀ.ਬੀ.ਐੱਸ.ਈ. ਨੂੰ ਚਿੱਠੀ ਲਿਖੀ ਕਿ ਹਿੰਦੀ ਦੀ ਇਕ ਕਿਤਾਬ ਵਿਚ ਐੱਮਐੱਫ ਹੁਸੈਨ ਬਾਰੇ ਪਾਠ ਹੈ। ਉਸ ਵਿਚ ਵਿਦਿਆਰਥੀਆਂ ਲਈ ਅਭਿਆਸ ਇਹ ਦਿੱਤਾ ਗਿਆ ਹੈ ਕਿ ਉਹ ਇੰਟਰਨੈੱਟ ਉੱਪਰ ਵੱਡੇ ਚਿਤਰਕਾਰਾਂ ਦੀਆਂ ਕਲਾਕ੍ਰਿਤਾਂ ਨੂੰ ਖੋਜਣ ਅਤੇ ਖ਼ੁਦ ਉਨ੍ਹਾਂ ਨੂੰ ਦੇਖਣ। ਬਤਰਾ ਦੀ ਸ਼ਿਕਾਇਤ ਇਹ ਸੀ ਕਿ ਅਜਿਹਾ ਕਰਨ ਨਾਲ ਵਿਦਿਆਰਥੀ ਹੁਸੈਨ ਦੀਆਂ ਪੇਂਟਿੰਗਾਂ ਤੱਕ ਪਹੁੰਚਗੇ ਜੋ ਹਿੰਦੂ ਦੇਵੀ-ਦੇਵਤਿਆਂ ਦਾ ਅਪਮਾਨਜਨਕ ਢੰਗ ਨਾਲ ਚਿਤਰਨ ਕਰਦੀਆਂ ਹਨ। ਉਸ ਨੇ ਦਾਅਵਾ ਕੀਤਾ ਕਿ ਇਸ ਦਾ ਬੱਚਿਆਂ 'ਤੇ ਮਾੜਾ ਅਸਰ ਪੈਂਦਾ ਹੈ। ਐੱਨ.ਸੀ.ਈ.ਆਰ.ਟੀ. ਦੇ ਤਤਕਾਲੀ ਡਾਇਰੈਕਟਰ ਪ੍ਰੋਫੈਸਰ ਕ੍ਰਿਸ਼ਨ ਕੁਮਾਰ ਨੇ ਤਾਂ ਇਹ ਦਰਖ਼ਾਸਤ ਰੱਦ ਕਰ ਦਿੱਤੀ ਪਰ ਸੀ.ਬੀ.ਐੱਸ.ਈ. (ਸੈਂਟਰਲ ਬੋਰਡ ਆਫ ਸਕੂਲ ਐਜੂਕੇਸ਼ਨ) ਨੇ ਇਸ ਉੱਪਰ ਗੰਭੀਰਤਾ ਨਾਲ ਵਿਚਾਰ ਕੀਤਾ ਕਿ ਕੀ ਇਹ ਨਿਰਦੇਸ਼ ਜਾਰੀ ਕੀਤਾ ਜਾਵੇ ਕਿ ਅਧਿਆਪਕ ਇਸ ਅਭਿਆਸ ਨੂੰ ਨਜ਼ਰਅੰਦਾਜ਼ ਕਰ ਦੇਣ। ਬੋਰਡ ਅਜਿਹਾ ਨਹੀਂ ਕਰ ਸਕਿਆ ਕਿਉਂਕਿ ਬੋਰਡ ਦੇ ਅਧਿਕਾਰੀ ਸਿਲੇਬਸ ਕਮੇਟੀ ਦੇ ਮੈਂਬਰਾਂ ਨੂੰ ਇਸ ਦੇ ਹੱਕ ਵਿਚ ਦਲੀਲਾਂ ਨਹੀਂ ਦੇ ਸਕੇ। ਇਹ ਕੋਈ ਮਜ਼ਬੂਤ ਦਲੀਲ ਨਹੀਂ ਸੀ ਕਿ ਬੱਚਿਆਂ ਦੇ ਦਿਮਾਗਾਂ ਉੱਪਰ ਮਾੜਾ ਅਸਰ ਪਵੇਗਾ। ਅਭਿਆਸ ਜਾਰੀ ਰਿਹਾ ਪਰ ਜਿੱਥੋਂ ਤੱਕ ਮੈਨੂੰ ਚੇਤੇ ਹੈ, ਬਤਰੇ ਨੇ ਇਸ ਮੁੱਦੇ 'ਤੇ ਵੀ ਮੁਕੱਦਮਾ ਕੀਤਾ ਸੀ।

ਬਤਰਾ ਆਪਣੇ ਆਪ ਨੂੰ ਸਾਰੇ ਵਿਸ਼ਿਆਂ ਦਾ ਪੰਡਤ ਸਮਝਦਾ ਸੀ ਅਤੇ ਗੁਜਰਾਤ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਵੀ ਬਤਰੇ ਬਾਰੇ ਇਹੀ ਸਮਝ ਸੀ। ਗੁਜਰਾਤ ਸਰਕਾਰ ਨੇ ਉਸ ਦੀਆਂ 16 ਕਿਤਾਬਾਂ ਸਕੂਲਾਂ ਵਿਚ ਲਾਜ਼ਮੀ ਸਿਲੇਬਸ ਵਜੋਂ ਲਗਵਾਈਆਂ। ਉਨ੍ਹਾਂ ਕਿਤਾਬਾਂ ਦੇ ਕੁਝ ਨਮੂਨੇ ਇਸ ਤਰ੍ਹਾਂ ਹਨ:

-ਆਪਣੇ ਜਨਮ ਦਿਨ 'ਤੇ ਮੋਮਬੱਤੀਆਂ ਨਾ ਬੁਝਾਓ। ਇਹ ਪੱਛਮੀ ਸੱਭਿਆਚਾਰ ਹੈ ਜਿਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਦਿਨ ਹਵਨ ਕਰੋ, ਗਊਆਂ ਦੀ ਸੇਵਾ ਕਰੋ।

-ਭਾਰਤ ਦਾ ਨਕਸ਼ਾ ਬਣਾਉਂਦੇ ਸਮੇਂ, ਪਾਕਿਸਤਾਨ, ਅਫ਼ਗਾਨਿਸਤਾਨ, ਨੇਪਾਲ, ਭੂਟਾਨ, ਤਿੱਬਤ, ਬੰਗਲਾਦੇਸ਼, ਸ੍ਰੀਲੰਕਾ ਅਤੇ ਬਰਮਾ ਨੂੰ ਇਸ ਵਿਚ ਸ਼ਾਮਲ ਕਰੋ। ਇਹ ਅਖੰਡ ਭਾਰਤ ਦਾ ਹਿੱਸਾ ਹਨ।

-ਟੈਲੀਵਿਜ਼ਨ ਦੀ ਖੋਜ ਮਹਾਭਾਰਤ ਤੋਂ ਪਹਿਲਾਂ ਹੋ ਚੁੱਕੀ ਸੀ। ਆਖ਼ਿਰ ਸੰਜੇ ਨੇ ਅੰਨ੍ਹੇ ਧ੍ਰਿਤਾਰਾਸ਼ਟਰ ਨੂੰ ਮਹਾਭਾਰਤ ਦਾ ਯੁੱਧ ਸਿੱਧਾ ਪ੍ਰਸਾਰਨ ਕਰ ਕੇ ਹੀ ਤਾਂ ਦਿਖਾਇਆ ਸੀ!

-'ਪਰਮਦੀਪ' ਲੜੀ ਦੀਆਂ ਕਿਤਾਬਾਂ ਵਿਚ ਦੱਸਿਆ ਗਿਆ ਕਿ ਗਊ ਸੇਵਾ ਕਰਨ ਨਾਲ ਬੇਔਲਾਦ ਲੋਕਾਂ ਨੂੰ ਔਲਾਦ ਪ੍ਰਾਪਤ ਹੁੰਦੀ ਹੈ।

-'ਤੇਜੋਮੇਯ ਭਾਰਤ' ਨਾਂ ਦੀ ਕਿਤਾਬ ਵਿਚ ਬਤਰਾ ਨੇ ਲਿਖਿਆ ਕਿ ਭਾਰਤ ਵਿਚ ਸਟੈਮ ਸੈੱਲ ਟੈਕਨਾਲੋਜੀ ਮਹਾਭਾਰਤ ਦੇ ਸਮੇਂ ਹੀ ਆ ਗਈ ਸੀ ਜਿਸ ਦਾ ਸਬੂਤ 100 ਕੌਰਵਾਂ ਦਾ ਜਨਮ ਹੈ। ਇਸੇ ਤਰ੍ਹਾਂ ਮੋਟਰ ਕਾਰ ਵੀ ਉਸੇ ਸਮੇਂ ਭਾਰਤ ਵਿਚ ਆ ਗਈ ਸੀ।

ਬਤਰਾ ਹਿੰਦੂਆਂ ਵਿਚ ਝੂਠੇ ਗੌਰਵ ਦੀ ਭਾਵਨਾ ਪੈਦਾ ਕਰਨ ਲਈ ਆਪਣੀ ਤਾਉਮਰ ਇਸ ਤਰ੍ਹਾਂ ਦੀ ਮੂਰਖਤਾ ਦਾ ਪ੍ਰਚਾਰ ਕਰਦਾ ਰਿਹਾ। ਭਾਵੇਂ ਮੂਰਖਤਾ ਕਾਨੂੰਨ ਦੀਆਂ ਨਜ਼ਰਾਂ 'ਚ ਜੁਰਮ ਨਹੀਂ ਹੈ ਪਰ ਇਸ ਮੂਰਖਤਾ ਵਿਚ ਹਮਲਾਵਰੀ ਅਤੇ ਹਿੰਸਾ ਸੀ। ਬਤਰਾ ਭਾਰਤ ਦੇ ਕਾਨੂੰਨਾਂ ਦਾ ਸਹਾਰਾ ਲੈ ਕੇ ਹੀ ਪੇਸ਼ੇਵਰ ਇਤਿਹਾਸਕਾਰਾਂ, ਸਕੂਲੀ ਪਾਠ ਪੁਸਤਕਾਂ ਤਿਆਰ ਕਰਨ ਵਾਲਿਆਂ ਨੂੰ ਲਗਾਤਾਰ ਤੰਗ ਪ੍ਰੇਸ਼ਾਨ ਕਰਦਾ ਰਿਹਾ। ਜਦੋਂ ਟੀ.ਵੀ. ਚਰਚਾ ਵਿਚ ਰਵੀਸ਼ ਕੁਮਾਰ ਨੇ ਉਸ ਨੂੰ ਇਸ ਬਾਰੇ ਪੁੱਛਿਆ ਤਾਂ ਉਸ ਨੇ ਮਾਸੂਮ ਬਣ ਕੇ ਕਿਹਾ ਕਿ ਉਹ ਤਾਂ ਕੋਈ ਹਿੰਸਾ ਨਹੀਂ ਕਰਦਾ, ਉਹ ਤਾਂ ਸਿਰਫ਼ ਕਾਨੂੰਨੀ ਰਾਹ ਦੁਆਰਾ ਆਪਣੀ ਸ਼ਿਕਾਇਤ ਦਰਜ ਕਰਾਉਂਦਾ ਹੈ ਜੋ ਉਸ ਦਾ ਕਾਨੂੰਨੀ ਹੱਕ ਹੈ ਪਰ ਆਰ.ਐੱਸ.ਐੱਸ. ਦਾ ਹਿੱਸਾ ਹੋਣ ਕਾਰਨ ਉਸ ਦੀਆਂ ਕਾਨੂੰਨੀ ਕਾਰਵਾਈਆਂ ਦਾ ਜ਼ਮੀਨੀ ਪੱਧਰ 'ਤੇ ਹਿੰਸਕ ਹਮਲਿਆਂ ਨਾਲ ਤਾਲਮੇਲ ਸੀ। ਉਹ ਮੁਕੱਦਮਾ ਦਾਇਰ ਕਰਾਉਂਦਾ ਸੀ; ਭਾਜਪਾ ਦਾ ਵਿਦਿਆਰਥੀ ਵਿੰਗ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਜਾਂ ਬਜਰੰਗ ਦਲ ਦੇ ਹਜੂਮ ਉਨ੍ਹਾਂ ਲੋਕਾਂ 'ਤੇ ਹਮਲੇ ਕਰਦੇ ਸਨ ਜਿਨ੍ਹਾਂ ਵਿਰੁੱਧ ਬਤਰੇ ਨੇ ਮੁਕੱਦਮਾ ਦਾਇਰ ਕਰਵਾਇਆ ਹੁੰਦਾ ਸੀ। ਭਾਜਪਾ ਦੇ ਆਗੂ ਇਸ ਨੂੰ ਰਾਜਨੀਤਕ ਮੁੱਦਾ ਬਣਾ ਕੇ ਸੰਸਦ ਅਤੇ ਵਿਧਾਨ ਸਭਾ ਵਿਚ ਹੋ-ਹੱਲਾ ਮਚਾਉਂਦੇ ਸਨ।

## ਆਰ.ਐੱਸ.ਐੱਸ. ਦੇ 'ਸਿੱਖਿਆ ਸ਼ਾਸਤਰੀ' ਦਾ ਕੱਚਾ ਚਿੱਠਾ

ਮੁਕੱਦਮੇਬਾਜ਼ੀ, ਸੜਕੀ ਹਮਲਿਆਂ ਅਤੇ ਵਿਧਾਨਸਾਜ਼ ਸੰਸਥਾਵਾਂ 'ਚ ਹੜਦੁੰਗ ਦੀ ਇਹ ਸਾਂਝੀ ਮੁਹਿੰਮ ਸਿੱਖਿਆ ਵਿਗਿਆਨੀਆਂ ਅਤੇ ਲੇਖਕਾਂ ਨੂੰ ਦਹਿਸ਼ਤਜ਼ਦਾ ਕਰਦੀ ਸੀ ਜਿਨ੍ਹਾਂ ਨੂੰ ਅਜਿਹੇ ਯੋਜਨਾਬੱਧ ਹਮਲੇ ਦਾ ਮੁਕਾਬਲਾ ਕਰਨ ਲਈ ਵਿਅਕਤੀਗਤ ਤੌਰ 'ਤੇ ਲੜਨਾ ਪੈਂਦਾ।

ਇਸ ਹਿੰਸਕ ਮੁਹਿੰਮ ਦੇ ਕਾਰਨ, ਭਾਰਤ ਵਿਚ ਵਿਦੇਸ਼ੀ ਪ੍ਰਕਾਸ਼ਕ ਵੀ ਉਨ੍ਹਾਂ ਲੇਖਕਾਂ ਅਤੇ ਵਿਸ਼ਿਆਂ ਨੂੰ ਛਾਪਣ ਤੋਂ ਪੈਰ ਪਿੱਛੇ ਖਿੱਚਣ ਲੱਗ ਪਏ ਜੋ ਬਤਰੇ ਕਿਆਂ ਦੀ ਨਜ਼ਰ 'ਚ ਭਾਰਤੀ ਸੱਭਿਆਚਾਰ ਜਾਂ ਰਾਸ਼ਟਰ ਵਿਰੋਧੀ ਸਨ। ਹੁਣ ਪ੍ਰਕਾਸ਼ਨ ਤੋਂ ਪਹਿਲਾਂ ਵੱਡੇ ਤੋਂ ਵੱਡੇ ਵਿਦਵਾਨਾਂ ਜਾਂ ਖੋਜਕਾਰਾਂ ਦੇ ਲੇਖ ਜਾਂ ਕਿਤਾਬ ਨੂੰ ਪਹਿਲਾਂ ਕਾਨੂੰਨੀ ਪੁਣਛਾਣ ਵਿਚੋਂ ਲੰਘਣਾ ਪੈਂਦਾ ਹੈ ਤਾਂ ਜੋ ਉਹ ਸਾਰੀਆਂ ਚੀਜ਼ਾਂ ਪਹਿਲਾਂ ਹੀ ਹਟਾ ਦਿੱਤੀਆਂ ਜਾਣ ਜੋ ਬਤਰੇ ਵਰਗੇ ਸ਼ਖ਼ਸਾਂ ਨੂੰ ਚੁਭ ਸਕਦੀਆਂ ਹਨ।

ਬਤਰੇ ਨੂੰ ਲਾਜ਼ਮੀ ਚੇਤੇ ਰੱਖਿਆ ਜਾਣਾ ਚਾਹੀਦਾ ਹੈ ਅਤੇ ਉਸ ਉੱਪਰ ਖੋਜ ਵੀ ਕੀਤੀ ਜਾਣੀ ਚਾਹੀਦੀ ਹੈ। ਇਸ ਨਾਲ ਪਤਾ ਲੱਗੇਗਾ ਕਿ ਉਹ ਬੌਧਿਕਤਾ, ਅਕਾਦਮਿਕ ਆਜ਼ਾਦੀ ਅਤੇ ਸੁਤੰਤਰ ਬੁੱਧੀ ਦੇ ਸਭ ਤੋਂ ਵੱਡੇ ਦੁਸ਼ਮਣਾਂ ਵਿਚੋਂ ਇਕ ਸੀ। ਇਹ ਕਿਹਾ ਜਾ ਸਕਦਾ ਹੈ ਕਿ ਇਹ ਤਾਂ ਰਾਸ਼ਟਰੀ ਸਵੈਮਸੇਵਕ ਸੰਘ ਵਿਚ ਸ਼ਾਮਲ ਹੋਣ ਦੀ ਬੁਨਿਆਦੀ ਸ਼ਰਤ ਹੈ।

ਇਸ ਲਈ ਦੀਨਾਨਾਥ ਬਤਰਾ ਵਿਚ ਵੀ ਸਾਰਾ ਕੁਝ ਇਹੀ ਸੀ। ਉਸ ਨੇ ਭਾਰਤ ਨੂੰ ਕਿੰਨਾ ਨੁਕਸਾਨ ਪਹੁੰਚਾਇਆ ਹੈ, ਇਸ ਦਾ ਲੇਖਾ-ਜੋਖਾ ਵੀ ਹੁਣ ਕੀਤਾ ਜਾਣਾ ਚਾਹੀਦਾ ਹੈ। ਪੂਰੇ ਮੁਲਕ 'ਚ ਆਰ.ਐੱਸ.ਐੱਸ. ਦੇ ਸਿੱਖਿਆ ਵਿੰਗ 'ਵਿਦਿਆ ਭਾਰਤੀ' ਦੇ ਹਜ਼ਾਰਾਂ ਸਕੂਲਾਂ ਵਿਚ ਪੜ੍ਹੀਆਂ ਪੀੜ੍ਹੀਆਂ ਵਿਚ ਉਸ ਨੇ ਮੂਰਖਤਾ, ਦੂਜਿਆਂ ਪ੍ਰਤੀ ਸ਼ੱਕ ਅਤੇ ਨਫਰਤ ਦੇ ਬੀਜ ਬੀਜ ਦਿੱਤੇ। ਦੁਨੀਆ ਭਰ ਵਿਚ ਹਿੰਦੂਤਵਵਾਦੀ ਯੋਧਿਆਂ ਵਿਚ ਜਿਹੜਾ ਮੁਸਲਮਾਨ ਵਿਰੋਧ ਅਤੇ ਬੌਧਿਕਤਾ ਨਾਲ ਵੈਰ ਨਜ਼ਰ ਆ ਰਿਹਾ ਹੈ, ਉਸ ਦੇ ਲਈ ਦੀਨਾਨਾਥ ਬਤਰਾ ਨੂੰ ਦੋਸ਼ੀ ਕਰਾਰ ਦਿੱਤਾ ਜਾਣਾ ਚਾਹੀਦਾ ਹੈ।

ਇਹ ਭਾਰਤ ਦੀ ਬਦਕਿਸਮਤੀ ਹੈ ਕਿ ਅੱਜ ਉਸ ਦੀ ਕੌਮੀ ਸਿੱਖਿਆ ਨੀਤੀ ਅਜਿਹੇ ਸ਼ਖ਼ਸ ਤੋਂ ਪ੍ਰੇਰਿਤ ਹੈ ਜਿਸ ਨੇ ਗਿਆਨ ਨੂੰ ਹੀ ਰੂਪੋਸ਼ ਹੋ ਜਾਣ ਲਈ ਮਜਬੂਰ ਕਰ ਦਿੱਤਾ। ਬਤਰੇ ਨੇ ਇਹ ਦੇਖ ਕੇ ਜ਼ਰੂਰ ਹੀ ਆਪਣੇ ਆਖ਼ਰੀ ਦਿਨ ਸੰਤੁਸ਼ਟੀ ਨਾਲ ਗੁਜ਼ਾਰੇ ਹੋਣਗੇ ਕਿ ਭਾਰਤ ਦੇ ਹਿੰਦੂਆਂ 'ਚ 'ਸੱਭਿਆਚਾਰਕ ਗੌਰਵ' ਪੈਦਾ ਕਰਨ ਦਾ ਉਸ ਦਾ ਸੁਪਨਾ ਹੁਣ ਸਾਕਾਰ ਹੋ ਰਿਹਾ ਹੈ। ਉਨ੍ਹਾਂ ਦੀ ਜਥੇਬੰਦੀ ਅੱਜ ਭਾਰਤ ਦੀ ਸਭ ਤੋਂ ਪ੍ਰਭਾਵਸ਼ਾਲੀ ਜਥੇਬੰਦੀ ਹੈ। ਉਸ ਦੇ ਅਹੁਦੇਦਾਰਾਂ ਨੂੰ ਹਰ ਸਿੱਖਿਆ ਸੰਸਥਾ 'ਚ ਮਾਣ-ਸਤਿਕਾਰ ਨਾਲ ਸੱਦਿਆ ਜਾਂਦਾ ਹੈ। ਉਨ੍ਹਾਂ ਦੀਆਂ ਸਿਫ਼ਾਰਸ਼ਾਂ 'ਤੇ ਸਿੱਖਿਆ ਨੀਤੀਆਂ ਬਣਦੀਆਂ ਹਨ ਅਤੇ ਸਿਲੇਬਸ ਦੀਆਂ ਕਿਤਾਬਾਂ ਲਿਖੀਆਂ ਜਾਂਦੀਆਂ ਹਨ।

ਨਿਸ਼ਚੇ ਹੀ ਇਹ ਉਨ੍ਹਾਂ ਲਈ ਗੌਰਵ ਦਾ ਸਮਾਂ ਹੈ ਕਿਉਂਕਿ ਇਸ ਸਮੇਂ ਭਾਰਤ ਵਿਚ ਬਤਰੇ ਦੀ ਜਥੇਬੰਦੀ ਅਤੇ ਉਸ ਦੀ ਵਿਚਾਰਧਾਰਾ ਸਿਖਰਾਂ ਛੂਹ ਰਹੀ ਹੈ ਪਰ ਕੀ ਇਹ ਭਾਰਤ ਬਾਰੇ ਕਿਹਾ ਜਾ ਸਕਦਾ ਹੈ ਜਿਸ ਨੂੰ ਕਦੇ ਆਪਣੀਆਂ ਬੌਧਿਕ ਪਰੰਪਰਾਵਾਂ ਉੱਪਰ ਮਾਣ ਹੁੰਦਾ ਸੀ?

***ਇਹ ਭਾਰਤ ਦੀ ਬਦਕਿਸਮਤੀ ਹੈ ਕਿ ਅੱਜ ਉਸ ਦੀ ਕੌਮੀ ਸਿੱਖਿਆ ਨੀਤੀ ਅਜਿਹੇ ਸ਼ਖ਼ਸ ਤੋਂ ਪ੍ਰੇਰਿਤ ਹੈ ਜਿਸ ਨੇ ਗਿਆਨ ਨੂੰ ਹੀ ਰੂਪੋਸ਼ ਹੋ ਜਾਣ ਲਈ ਮਜਬੂਰ ਕਰ ਦਿੱਤਾ। ਬਤਰੇ ਨੇ ਇਹ ਦੇਖ ਕੇ ਜ਼ਰੂਰ ਹੀ ਆਪਣੇ ਆਖ਼ਰੀ ਦਿਨ ਸੰਤੁਸ਼ਟੀ ਨਾਲ ਗੁਜ਼ਾਰੇ ਹੋਣਗੇ ਕਿ ਭਾਰਤ ਦੇ ਹਿੰਦੂਆਂ 'ਚ 'ਸੱਭਿਆਚਾਰਕ ਗੌਰਵ' ਪੈਦਾ ਕਰਨ ਦਾ ਉਸ ਦਾ ਸੁਪਨਾ ਹੁਣ ਸਾਕਾਰ ਹੋ ਰਿਹਾ ਹੈ। ਉਨ੍ਹਾਂ ਦੀ ਜਥੇਬੰਦੀ ਅੱਜ ਭਾਰਤ ਦੀ ਸਭ ਤੋਂ ਪ੍ਰਭਾਵਸ਼ਾਲੀ ਜਥੇਬੰਦੀ ਹੈ। ਉਸ ਦੇ ਅਹੁਦੇਦਾਰਾਂ ਨੂੰ ਹਰ ਸਿੱਖਿਆ ਸੰਸਥਾ 'ਚ ਮਾਣ-ਸਤਿਕਾਰ ਨਾਲ ਸੱਦਿਆ ਜਾਂਦਾ ਹੈ। ਉਨ੍ਹਾਂ ਦੀਆਂ ਸਿਫ਼ਾਰਸ਼ਾਂ 'ਤੇ ਸਿੱਖਿਆ ਨੀਤੀਆਂ ਬਣਦੀਆਂ ਹਨ ਅਤੇ ਸਿਲੇਬਸ ਦੀਆਂ ਕਿਤਾਬਾਂ ਲਿਖੀਆਂ ਜਾਂਦੀਆਂ ਹਨ।***

# ਪਰਾਲੀ: ਕੇਂਦਰ ਦੇ ਫਰਮਾਨ ਖਿਲਾਫ ਕਿਸਾਨਾਂ ਵਿਚ ਰੋਹ



**ਚੰਡੀਗੜ੍ਹ:** ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਪਰਾਲੀ ਨੂੰ ਅੱਗ ਲਾਉਣ ਬਦਲੇ ਜੁਰਮਾਨੇ ਦੁੱਗਣੇ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਜਥੇਬੰਦੀਆਂ ਨੇ ਕਿਹਾ ਕਿ ਕਿਸਾਨ ਮਜਬੂਰੀਵੱਸ ਪਰਾਲੀ ਨੂੰ ਅੱਗ ਲਾਉਂਦਾ ਹੈ ਅਤੇ ਜੁਰਮਾਨੇ ਵਧਾਉਣਾ ਮਸਲੇ ਦਾ ਹੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਜਿਹੀਆਂ 'ਜੁਗਤਾਂ' ਦੀ ਥਾਂ ਕਣਕ ਦੀ ਬਿਜਾਈ ਲਈ ਡੀ.ਏ.ਪੀ. ਖਾਦ ਦੀ ਕਿੱਲਤ ਵੱਲ ਧਿਆਨੇ ਦੇਵੇ। ਬੀ.ਕੇ.ਯੂ. (ਏਕਤਾ ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕੇਂਦਰ ਸਰਕਾਰ ਦੇ ਫੈਸਲੇ ਨੂੰ 'ਕਿਸਾਨ ਵਿਰੋਧੀ' ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਅਜਿਹੀਆਂ 'ਜੁਗਤਾਂ' ਜ਼ਰੀਏ ਕਿਸਾਨਾਂ 'ਤੇ ਦਬਾਅ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕਿਸਾਨ ਮਜ਼ਦੂਰ ਮੋਰਚਾ ਆਗੂ ਸਰਵਣ ਸਿੰਘ ਪੰਧੇਰ ਨੇ ਵੀ ਫੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ 30 ਫੀਸਦ ਮਸ਼ੀਨਰੀ ਹੀ ਮੁਹੱਈਆ ਕੀਤੀ ਗਈ ਹੈ। ਪੰਧੇਰ ਨੇ ਕਿਹਾ ਕਿ ਪ੍ਰਦੂਸ਼ਣ ਦਾ ਠੀਕਰਾ ਹਮੇਸ਼ਾ ਕਿਸਾਨਾਂ ਸਿਰ ਭੰਨਿਆ ਜਾਂਦਾ ਹੈ ਜਦੋਂਕਿ ਸਨਅਤਾਂ ਇਸ ਵਿਚ 51 ਫੀਸਦ ਯੋਗਦਾਨ ਪਾਉਂਦੀਆਂ ਹਨ ਜਦੋਂਕਿ ਵਾਹਨਾਂ ਦੀ ਹਿੱਸੇਦਾਰੀ 25 ਫੀਸਦ ਹੈ।

ਦੱਸ ਦਈਏ ਕਿ ਕੇਂਦਰ ਸਰਕਾਰ ਨੇ ਦਿੱਲੀ ਐਨ.ਸੀ.ਆਰ. ਖੇਤਰ ਦੀ ਵਿਗੜਦੀ ਹਵਾ ਗੁਣਵੱਤਾ ਦੇ ਮੱਦੇਨਜ਼ਰ ਪਰਾਲੀ ਸਾੜਨ ਵਾਲੇ ਕਿਸਾਨਾਂ ਨੂੰ ਲੱਗਦੇ ਜੁਰਮਾਨੇ ਦੀ ਰਾਸ਼ੀ ਦੁੱਗਣੀ ਕਰ ਦਿੱਤੀ ਹੈ। ਪੰਜ ਏਕੜ ਤੋਂ ਵੱਧ ਜ਼ਮੀਨ ਵਾਲਾ ਕਿਸਾਨ ਜੇ ਪਰਾਲੀ ਸਾੜਦਾ ਹੈ ਤਾਂ ਉਸ ਨੂੰ ਹੁਣ 30,000 ਰੁਪਏ ਦਾ ਜੁਰਮਾਨਾ ਲੱਗੇਗਾ। ਸਰਕਾਰ ਵੱਲੋਂ ਨੋਟੀਫਿਕੇਸ਼ਨ ਸੁਪਰੀਮ ਕੋਰਟ ਦੇ ਸਖ਼ਤ ਸਟੈਂਡ ਮਗਰੋਂ ਜਾਰੀ ਕੀਤਾ ਗਿਆ ਹੈ। ਨੋਟੀਫਿਕੇਸ਼ਨ ਮੁਤਾਬਕ ਦੋ ਏਕੜ ਤੋਂ ਘੱਟ ਰਕਬੇ ਵਾਲੇ ਕਿਸਾਨਾਂ ਨੂੰ ਵਾਤਾਵਰਨ ਮੁਆਵਜ਼ੇ ਵਜੋਂ 2500 ਦੀ ਥਾਂ ਹੁਣ 5,000 ਰੁਪਏ ਦੀ ਅਦਾਇਗੀ ਕਰਨੀ ਹੋਵੇਗੀ। ਦੋ ਤੋਂ ਪੰਜ ਏਕੜ ਦੀ ਮਾਲਕੀ ਵਾਲੇ ਕਿਸਾਨਾਂ ਨੂੰ 10,000 ਰੁਪਏ ਦਾ ਜੁਰਮਾਨਾ ਤਾਰਨਾ ਹੋਵੇਗਾ। ਵਾਹਨਾਂ ਦੇ ਧੂੰਏਂ ਦੀ ਨਿਕਾਸੀ, ਝੋਨੇ ਦੇ ਨਾੜ ਨੂੰ ਅੱਗ ਲਾਉਣ, ਪਟਾਕੇ ਤੇ ਹੋਰਨਾਂ ਸਥਾਨਕ ਪ੍ਰਦੂਸ਼ਣ ਵਸੀਲਿਆਂ ਕਰਕੇ ਦਿੱਲੀ ਐਨ.ਸੀ.ਆਰ. ਵਿਚ ਪੱਤਝੜ ਦੇ ਅਖੀਰ ਤੇ ਸਰਦੀਆਂ ਮੌਕੇ ਹਵਾ ਦੀ ਗੁਣਵੱਤਾ ਲਗਾਤਾਰ ਨਿੱਘਰਦੀ ਜਾ ਰਹੀ ਹੈ।

ਦਿੱਲੀ ਪ੍ਰਦੂਸ਼ਣ ਕੰਟਰੋਲ ਬੋਰਡ (ਡੀ.ਪੀ.ਸੀ.ਸੀ.) ਵੱਲੋਂ ਕੀਤੀ ਸਮੀਖਿਆ ਮੁਤਾਬਕ ਦਿੱਲੀ ਵਿਚ 1 ਤੋਂ 15 ਨਵੰਬਰ ਦਰਮਿਆਨ ਪ੍ਰਦੂਸ਼ਣ ਸਿਖਰ ਉੱਤੇ ਹੁੰਦਾ ਹੈ ਕਿਉਂਕਿ ਇਨ੍ਹਾਂ ਦਿਨਾਂ ਵਿਚ ਪੰਜਾਬ ਤੇ ਹਰਿਆਣਾ ਵਿਚ ਪਰਾਲੀ ਸਾੜਨ ਦੇ ਮਾਮਲੇ ਵੱਧ ਜਾਂਦੇ ਹਨ। ਪਰਾਲੀ ਸਾੜਨ ਪਿਛਲੇ ਪ੍ਰਮੁੱਖ ਕਾਰਨਾਂ ਵਿਚ ਝੋਨੇ ਤੇ ਕਣਕ ਦਾ ਫ਼ਸਲੀ ਚੱਕਰ, ਲੰਬੇ ਸਮੇਂ ਤੱਕ ਚੱਲਣ ਵਾਲੀਆਂ ਝੋਨੇ ਦੀਆਂ ਕਿਸਮਾਂ ਦੀ ਕਾਸ਼ਤ, ਮਸ਼ੀਨੀ ਕਟਾਈ ਜੋ ਖੇਤ ਵਿਚ ਖੜ੍ਹੀ ਫ਼ਸਲ ਦੀ ਪਰਾਲੀ ਨੂੰ ਛੱਡ ਦਿੰਦੀ ਹੈ, ਮਜ਼ਦੂਰਾਂ ਦੀ ਘਾਟ ਅਤੇ ਫਸਲਾਂ ਦੀ ਰਹਿੰਦ-ਖੂੰਹਦ (ਪਰਾਲੀ) ਲਈ ਵਿਹਾਰਕ ਮੰਡੀ ਦੀ ਘਾਟ ਆਦਿ ਸ਼ਾਮਲ ਹਨ। ਅਧਿਐਨਾਂ ਦੇ ਅਨੁਮਾਨਾਂ ਮੁਤਾਬਕ ਪਰਾਲੀ ਸਾੜਨ ਦੀ ਸਿਖਰ ਦੌਰਾਨ ਖੇਤਾਂ ਵਿਚ ਰਹਿੰਦ ਖੂੰਹਦ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਦਿੱਲੀ ਐਨ.ਸੀ.ਆਰ. ਤੇ ਨੇੜਲੇ ਇਲਾਕਿਆਂ ਵਿਚ ਪੀਐੱਮ ਦੇ ਪੱਧਰ ਵਿਚ 30 ਫੀਸਦ ਤੱਕ ਯੋਗਦਾਨ ਪਾਉਂਦੀਆਂ ਹਨ। ਹਾਲਾਂਕਿ ਸੀਨੀਅਰ ਵਾਤਾਵਰਨ ਮਾਹਿਰ ਸੁਨੀਤਾ ਨਰੈਣ ਨੇ ਕਿਹਾ ਕਿ ਕਿਸਾਨਾਂ ਵੱਲੋਂ ਸਰਦੀਆਂ ਵਿਚ ਪਰਾਲੀ ਨੂੰ ਅੱਗ ਲਾਉਣਾ ਦਿੱਲੀ ਐਨ.ਸੀ.ਆਰ. ਵਿਚ ਮਾੜੀ ਹਵਾ ਗੁਣਵੱਤਾ ਦੀ ਵਜ੍ਹਾ ਨਹੀਂ ਹੈ। ਟਰਾਂਸਪੋਰਟ ਤੇ ਇੰਡਸਟਰੀਆਂ ਸ਼ਹਿਰ ਵਿਚ ਪ੍ਰਦੂਸ਼ਣ ਦਾ ਮੁੱਖ ਸਰੋਤ ਹਨ। ਇਸ ਦੌਰਾਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀ.ਪੀ.ਸੀ.ਬੀ.) ਨੇ ਕੌਮੀ ਗ੍ਰੀਨ ਟ੍ਰਿਬਿਊਨਲ (ਐਨ.ਜੀ.ਟੀ.) ਨੂੰ ਦੱਸਿਆ ਕਿ ਸੂਬੇ ਵਿਚ ਸਤੰਬਰ ਤੇ ਨਵੰਬਰ ਮਹੀਨੇ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਚ 'ਵੱਡੀ ਕਮੀ' ਆਈ ਹੈ।

ਟ੍ਰਿਬਿਊਨਲ ਨੇ ਬੋਰਡ ਤੋਂ ਇਸ ਸਬੰਧੀ ਰਿਪੋਰਟ ਮੰਗੀ ਸੀ। ਐਨ.ਜੀ.ਟੀ. ਦੀ ਵੈੱਬਸਾਈਟ ਉੱਤੇ ਅਪਲੋਡ ਕੀਤੀ ਰਿਪੋਰਟ ਮੁਤਾਬਕ ਪੰਜਾਬ ਪੁਲਿਸ ਨੇ 18 ਸਤੰਬਰ ਤੋਂ 30 ਅਕਤੂਬਰ ਦੇ ਅਰਸੇ ਦਰਮਿਆਨ ਹੁਕਮਾਂ ਦੀ ਉਲੰਘਣਾ ਲਈ 1626 ਕੇਸ ਦਰਜ ਕੀਤੇ ਗਏ ਹਨ। ਰਿਪੋਰਟ ਮੁਤਾਬਕ ਇਸ ਸਾਲ 15 ਸਤੰਬਰ ਤੋਂ 4 ਨਵੰਬਰ ਤੱਕ ਪਰਾਲੀ ਨੂੰ ਅੱਗ ਲਾਉਣ ਦੇ 4145 ਮਾਮਲੇ ਸਾਹਮਣੇ ਆਏ ਹਨ ਜਦੋਂਕਿ 2022 ਵਿਚ ਇਹ ਅੰਕੜਾ 26,583 ਤੇ ਪਿਛਲੇ ਸਾਲ 14,173 ਸੀ।

## ਪਰਾਲੀ ਸਾੜਨ 'ਤੇ ਜੁਰਮਾਨਾ ਦੁੱਗਣਾ ਕਰਨ ਦੀ ਨਿਖੇਧੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਕੇਂਦਰ ਸਰਕਾਰ ਵੱਲੋਂ ਪਰਾਲੀ ਸਾੜਨ 'ਤੇ ਜੁਰਮਾਨਾ ਦੁੱਗਣਾ ਕਰਨ ਦੀ ਨਿਖੇਧੀ ਕੀਤੀ ਹੈ। 'ਆਪ' ਪੰਜਾਬ ਦੇ ਸੀਨੀਅਰ ਆਗੂ ਤੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਪਹਿਲਾਂ ਹੀ ਆਰਥਿਕ ਸੰਕਟ ਨਾਲ ਜੂਝ ਰਹੇ ਹਨ। ਹੁਣ ਕੇਂਦਰ ਸਰਕਾਰ ਨੇ ਉਨ੍ਹਾਂ 'ਤੇ ਦੁੱਗਣਾ ਜੁਰਮਾਨਾ ਲਗਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਅਜਿਹੀ ਸਥਿਤੀ ਨਾਲ ਨਜਿੱਠਣ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ ਘੱਟ ਕਰਨ ਲਈ ਜੁਰਮਾਨੇ ਦੁੱਗਣੇ ਕਰਨ ਦੀ ਥਾਂ ਪਰਾਲੀ ਪ੍ਰਬੰਧਨ ਲਈ 1200 ਕਰੋੜ ਰੁਪਏ ਜਾਰੀ ਕਰਨੇ ਚਾਹੀਦੇ ਹਨ।

## ਗੁਰਦੁਆਰੇ ਦੀ ਇਮਾਰਤ ਤੋਂ ਛਾਲ ਮਾਰਨ ਕਾਰਨ ਔਰਤ ਦੀ ਮੌਤ

**ਅੰਮ੍ਰਿਤਸਰ:** ਇਥੇ ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਗੁਰਦੁਆਰਾ ਬਾਬਾ ਅਟੱਲ ਰਾਏ ਦੀ ਸੱਤਵੀਂ ਮੰਜਿਲ ਤੋਂ ਔਰਤ ਨੇ ਛਾਲ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਕੇ ਉਤੇ ਹੀ ਮੌਤ ਹੋ ਗਈ। ਮ੍ਰਿਤਕ ਔਰਤ ਦੀ ਪਛਾਣ ਸੰਯੋਗਿਤਾ (35) ਵਾਸੀ ਕਟੜਾ ਦਲ ਸਿੰਘ ਅੰਮ੍ਰਿਤਸਰ ਵਜੋਂ ਹੋਈ ਹੈ। ਪੁਲਿਸ ਜਾਂਚ ਕਰ ਰਹੀ ਹੈ ਤੇ ਔਰਤ ਦੇ ਮਾਪਿਆਂ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ 'ਤੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ। ਹੁਣ ਤੱਕ ਜਾਂਚ ਦੌਰਾਨ ਸਾਹਮਣੇ ਆਇਆ ਕਿ ਔਰਤ ਇਕੱਲੀ ਹੀ ਗੁਰਦੁਆਰੇ ਕੰਪਲੈਕਸ ਵਿਚ ਆਈ ਸੀ।

# ਜ਼ਿਮਨੀ ਚੋਣਾਂ: ਕਿਸਾਨ 'ਆਪ' ਅਤੇ ਭਾਜਪਾ ਉਮੀਦਵਾਰਾਂ ਨੂੰ ਘੇਰਨਗੇ



**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ 19 ਨਵੰਬਰ ਤੱਕ ਵਿਧਾਨ ਸਭਾ ਹਲਕਾ ਬਰਨਾਲਾ ਤੇ ਗਿੱਦੜਬਾਹਾ ਵਿਚ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵਿਰੁੱਧ ਪਿੰਡ-ਪਿੰਡ ਰੋਸ ਮਾਰਚ ਕਰਨ ਦਾ ਫੈਸਲਾ ਕੀਤਾ ਹੈ। ਇਹ ਖੁਲਾਸਾ ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਤੇ ਹੋਰਨਾਂ ਕਿਸਾਨ ਆਗੂਆਂ ਵੱਲੋਂ ਸੂਬੇ ਵਿੱਚ ਵੱਖ-ਵੱਖ ਥਾਈਂ ਪੱਕੇ ਮੋਰਚਿਆਂ ਵਿਚ ਗੱਲਬਾਤ ਤੋਂ ਬਾਅਦ ਕੀਤਾ।

ਕਿਸਾਨ ਆਗੂਆਂ ਨੇ ਕਿਹਾ ਕਿ ਇਨ੍ਹਾਂ ਰੋਸ ਮਾਰਚਾਂ ਰਾਹੀਂ ਕੇਂਦਰ ਤੇ ਸੂਬਾ ਸਰਕਾਰ ਦੇ ਕਿਸਾਨ ਵਿਰੋਧੀ ਰਵੱਈਏ ਅਤੇ ਕਾਰਪੋਰੇਟ ਪੱਖੀ ਨੀਤੀਆਂ ਪ੍ਰਤੀ ਪਾਰਟੀਆਂ ਦੀ ਸਰਕਾਰੀ ਸਰਪ੍ਰਸਤੀ ਨੂੰ ਜੱਗ ਜ਼ਾਹਿਰ ਕੀਤਾ ਜਾਵੇਗਾ। ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਸੂਬੇ ਦੇ 26 ਟੋਲ ਪਲਾਜ਼ਿਆਂ ਅਤੇ ਬਰਨਾਲਾ ਤੇ ਗਿੱਦੜਬਾਹਾਂ ਵਿਚ 'ਆਪ' ਤੇ ਭਾਜਪਾ ਉਮੀਦਵਾਰਾਂ ਦੇ ਘਰਾਂ ਤੇ ਦਫ਼ਤਰਾਂ ਮੂਹਰੇ ਸ਼ੁਰੂ ਕੀਤੇ ਪੱਕੇ ਮੋਰਚੇ ਜਾਰੀ ਰਹੇ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਪਰਾਲੀ ਸਾੜਨ ਦੇ ਜੁਰਮਾਨੇ ਦੁੱਗਣੇ ਕਰਨ ਦੇ ਫ਼ੈਸਲੇ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਪਰਾਲੀ ਸਾੜਨ ਦੇ ਦੁੱਗਣੇ ਕੀਤੇ ਜੁਰਮਾਨੇ ਰੱਦ ਕੀਤੇ ਜਾਣ। ਝੋਨੇ ਦੀ ਖਰੀਦ ਤੇ ਚੁਕਾਈ ਹੋਰ ਤੇਜ਼ ਕੀਤੀ ਜਾਵੇ ਅਤੇ ਨਮੀ ਦੀ ਹੱਦ 22 ਫ਼ੀਸਦ ਕੀਤੀ ਜਾਵੇ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਪਰਾਲੀ ਸਾੜਨ ਦੇ ਜੁਰਮਾਨੇ ਦੁੱਗਣੇ ਕਰਨ ਦਾ ਫੈਸਲਾ ਕਿਸਾਨ ਮਾਰੂ ਫੈਸਲਾ ਹੈ। ਜਥੇਬੰਦੀ ਵੱਲੋਂ ਜੁਰਮਾਨਿਆਂ ਦੀ ਵਸੂਲੀ ਦਾ ਵਿਰੋਧ ਕਰਨ ਦਾ ਫੈਸਲਾ ਲਿਆ ਗਿਆ ਹੈ।

# ਕੇਂਦਰ ਨੇ ਪੰਜਾਬ 'ਚ 27995 ਕਰੋੜ ਰੁਪਏ ਦਾ ਝੋਨਾ ਖਰੀਦਿਆ



**ਨਵੀਂ ਦਿੱਲੀ:** ਭਾਰਤੀ ਖੁਰਾਕ ਨਿਗਮ ਅਤੇ ਸੂਬਾ ਏਜੰਸੀਆਂ ਨੇ ਪੰਜਾਬ ਵਿਚ ਚੱਲ ਰਹੇ ਸਾਉਣੀ ਦੇ ਮੰਡੀਕਰਨ ਸੀਜ਼ਨ 2024-2025 (8 ਨਵੰਬਰ ਤੱਕ) ਦੌਰਾਨ 27,995 ਕਰੋੜ ਰੁਪਏ ਦੇ 120.67 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਹੈ। ਸਰਕਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪੰਜਾਬ ਦੀਆਂ ਮੰਡੀਆਂ ਵਿਚ ਕੁੱਲ 126.67 ਲੱਖ ਮੀਟਰਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿਚੋਂ 120.67 ਲੱਖ ਮੀਟਰਕ ਟਨ ਦੀ ਸਰਕਾਰੀ ਏਜੰਸੀਆਂ ਅਤੇ ਐਫ.ਸੀ.ਆਈ. ਵੱਲੋਂ ਖਰੀਦ ਕੀਤੀ ਜਾ ਚੁੱਕੀ ਹੈ। ਸਰਕਾਰ ਵੱਲੋਂ ਗਰੇਡ 'ਏ' ਝੋਨੇ ਲਈ ਤੈਅ ਕੀਤੇ ਗਏ ਝੋਨੇ ਦੀ ਘੱਟੋ-ਘੱਟ ਸਮਰਥਨ ਮੁੱਲ 2,320 ਰੁਪਏ ਪ੍ਰਤੀ ਕੁਇੰਟਲ 'ਤੇ ਖਰੀਦ ਕੀਤੀ ਜਾ ਰਹੀ ਹੈ ਅਤੇ ਚੱਲ ਰਹੇ 2024-25 ਸੀਜ਼ਨ ਵਿਚ ਹੁਣ ਤੱਕ ਖਰੀਦੇ ਗਏ ਕੁੱਲ ਝੋਨੇ ਦੀ ਕੁੱਲ ਰਕਮ 27,995 ਕਰੋੜ ਰੁਪਏ ਹੈ ਜਿਸ ਨਾਲ ਪੰਜਾਬ ਦੇ ਲਗਭਗ 6.58 ਲੱਖ ਕਿਸਾਨਾਂ ਨੂੰ ਫਾਇਦਾ ਹੋਇਆ ਹੈ।

ਵੇਰਵਿਆਂ ਅਨੁਸਾਰ ਇਸ ਵਾਰ 4,839 ਮਿੱਲ ਮਾਲਕਾਂ ਨੇ ਝੋਨੇ ਦੀ ਸ਼ੈਲਿੰਗ ਲਈ ਅਰਜ਼ੀਆਂ ਦਿੱਤੀਆਂ ਹਨ ਅਤੇ ਪੰਜਾਬ ਰਾਜ ਸਰਕਾਰ ਵੱਲੋਂ 4,743 ਮਿੱਲਰਾਂ ਨੂੰ ਪਹਿਲਾਂ ਹੀ ਕੰਮ ਅਲਾਟ ਕੀਤਾ ਜਾ ਚੁੱਕਾ ਹੈ। ਖਪਤਕਾਰ ਮਾਮਲੇ ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਨੇ ਕਿਹਾ ਕਿ ਪੰਜਾਬ ਵਿੱਚ 2024-25 ਲਈ ਝੋਨੇ ਦੀ ਖਰੀਦ 1 ਅਕਤੂਬਰ 2024 ਤੋਂ ਸ਼ੁਰੂ ਹੋ ਗਈ ਸੀ ਅਤੇ ਪੰਜਾਬ ਦੇ ਕਿਸਾਨਾਂ ਤੋਂ ਨਿਰਵਿਘਨ ਖਰੀਦ ਲਈ ਸੂਬੇ ਭਰ ਵਿਚ 2,927 ਮਨੋਨੀਤ ਮੰਡੀਆਂ ਅਤੇ ਆਰਜ਼ੀ ਯਾਰਡ ਕੰਮ ਕਰ ਰਹੇ ਹਨ।

## ਪੰਚਾਇਤੀ ਚੋਣ: ਹਾਈ ਕੋਰਟ ਵੱਲੋਂ ਪੰਜਾਬ ਰਾਜ ਚੋਣ ਕਮਿਸ਼ਨ ਦੇ ਫ਼ੈਸਲੇ 'ਤੇ ਰੋਕ



**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਚੱਕ ਹਰਾਜ ਦੀ ਪੰਚਾਇਤ ਚੋਣ ਰੱਦ ਕਰਨ ਦੇ ਪੰਜਾਬ ਰਾਜ ਚੋਣ ਕਮਿਸ਼ਨ (ਐਸ.ਈ.ਸੀ.) ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ। ਜਸਟਿਸ ਸੁਰੇਸ਼ਵਰ ਠਾਕੁਰ ਤੇ ਜਸਟਿਸ ਸੁਦੀਪਤੀ ਸ਼ਰਮਾ ਦੇ ਬੈਂਚ ਨੇ ਕਿਹਾ ਕਿ ਐਸ.ਈ.ਸੀ. ਨੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਚੋਣ ਮਸਲੇ ਵਿਚ ਦਖ਼ਲ ਦਿੱਤਾ ਜਦੋਂਕਿ ਪੰਜਾਬ ਰਾਜ ਚੋਣ ਕਮਿਸ਼ਨ ਐਕਟ 1994 ਤਹਿਤ ਇਸ ਮਸਲੇ ਦੀ ਸੁਣਵਾਈ ਚੋਣ ਟ੍ਰਿਬਿਊਨਲ ਵੱਲੋਂ ਕੀਤੀ ਜਾਣੀ ਬਣਦੀ ਸੀ। ਕੋਰਟ ਨੇ ਪੰਜਾਬ ਰਾਜ ਚੋਣ ਕਮਿਸ਼ਨ ਐਕਟ ਦੀ ਧਾਰਾ 89 ਦੇ ਹਵਾਲੇ ਨਾਲ ਜ਼ੋਰ ਦੇ ਕੇ ਆਖਿਆ ਕਿ ਨਾਮਜ਼ਦਗੀਆਂ ਗਲਤ ਢੰਗ ਨਾਲ ਰੱਦ ਕੀਤੇ ਜਾਣ ਦੇ ਹਵਾਲੇ ਨਾਲ ਪੰਚਾਇਤੀ ਚੋਣ ਰੱਦ ਕਰਨ ਦਾ ਅਧਿਕਾਰ ਸਿਰਫ਼ ਚੋਣ ਟ੍ਰਿਬਿਊਨਲ ਕੋਲ ਹੀ ਸੀ। ਹਾਈ ਕੋਰਟ ਨੇ ਕਿਹਾ ਕਿ ਐਸ.ਈ.ਸੀ. ਨੇ ਨਾ ਸਿਰਫ਼ ਅਧਿਕਾਰ ਖੇਤਰ ਉਲੰਘ ਕੇ ਫੈਸਲਾ ਦਿੱਤਾ, ਬਲਕਿ ਪਟੀਸ਼ਨਰ ਸਿਮਰਪ੍ਰੀਤ ਕੌਰ, ਜੋ ਨਿਰਵਿਰੋਧ ਚੋਣ ਜਿੱਤੀ ਸੀ, ਦੇ ਅਧਿਕਾਰਾਂ ਦੀ ਵੀ ਉਲੰਘਣਾ ਕੀਤੀ।

# ਪੁਲਿਸ 'ਚ ਭਰਤੀ ਉਮੀਦਵਾਰਾਂ ਨੇ ਮੁੱਖ ਮੰਤਰੀ ਦੀ ਕੋਠੀ ਘੇਰੀ



**ਸੰਗਰੂਰ:** ਪੰਜਾਬ ਪੁਲਿਸ ਜ਼ਿਲ੍ਹਾ ਕੇਡਰ-2023 ਭਰਤੀ ਲਈ ਚੁਣੇ ਗਏ ਵੱਖ-ਵੱਖ ਜ਼ਿਲ੍ਹਿਆਂ ਦੇ ਉਮੀਦਵਾਰਾਂ ਨੇ ਨੌਕਰੀ ਉਤੇ ਜੁਆਇਨ ਕਰਾਉਣ ਦੀ ਮੰਗ ਨੂੰ ਲੈ ਕੇ ਇੱਥੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਰੋਸ ਧਰਨਾ ਦਿੱਤਾ। ਵੱਖ-ਵੱਖ ਜ਼ਿਲ੍ਹਿਆਂ ਤੋਂ ਇੱਥੇ ਪੁੱਜੇ ਉਮੀਦਵਾਰ ਸਥਾਨਕ ਪਟਿਆਲਾ ਗੇਟ ਰੋਡ ਉਤੇ ਇਕੱਠੇ ਹੋਏ ਤੇ ਮੁੱਖ ਮੰਤਰੀ ਦੀ ਕੋਠੀ ਵੱਲ ਰੋਸ ਮਾਰਚ ਕੀਤਾ। ਜਿਉਂ ਹੀ ਪ੍ਰਦਰਸ਼ਨਕਾਰੀ ਉਮੀਦਵਾਰ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕਲੋਨੀ ਦੇ ਮੁੱਖ ਗੇਟ ਨਜ਼ਦੀਕ ਪੁੱਜੇ ਤਾਂ ਪੁਲਿਸ ਨੇ ਬੈਰੀਕੇਡ ਲਾ ਕੇ ਉਨ੍ਹਾਂ ਨੂੰ ਰੋਕ ਲਿਆ ਜਿਸ ਕਾਰਨ ਉਹ ਉਥੇ ਹੀ ਧਰਨਾ ਲਾ ਕੇ ਬੈਠ ਗਏ।

ਧਰਨੇ 'ਚ ਮਹਿਲਾ ਉਮੀਦਵਾਰ ਵੀ ਸ਼ਾਮਲ ਸਨ। ਧਰਨਾ ਦੇ ਰਹੇ ਉਮੀਦਵਾਰ ਨੌਕਰੀ 'ਤੇ ਜਲਦੀ ਜੁਆਇਨ ਕਰਾਉਣ ਦੀ ਮੰਗ ਕਰ ਰਹੇ ਸਨ। ਉਮੀਦਵਾਰਾਂ ਨੇ ਹੱਥਾਂ 'ਚ ਨਾਅਰਿਆਂ ਵਾਲੀਆਂ ਪੋਸਟਰ ਫੜੇ ਹੋਏ ਸਨ। ਰੋਸ ਧਰਨੇ ਦੌਰਾਨ ਉਮੀਦਵਾਰ ਸੋਹਣਜੀਤ ਸਿੰਘ, ਹਰਪ੍ਰੀਤ ਸਿੰਘ, ਹਰਜੀਤ ਸਿੰਘ, ਪੁਨੀਤ ਕੁਮਾਰ ਅਤੇ ਪ੍ਰਮੋਦ ਸ਼ਰਮਾ ਨੇ ਦੱਸਿਆ ਕਿ ਜਨਵਰੀ 2023 ਵਿਚ ਪੰਜਾਬ ਪੁਲਿਸ ਵਿਚ 300 ਸਬ ਇੰਸਪੈਕਟਰਾਂ ਅਤੇ 1800 ਸਿਪਾਹੀਆਂ ਦੀਆਂ ਭਰਤੀ ਅਸਾਮੀਆਂ ਕੱਢੀਆਂ ਗਈਆਂ ਸਨ ਅਤੇ ਸਾਰੇ ਟੈਸਟਾਂ ਤੇ ਹੋਰ ਪ੍ਰਕਿਰਿਆ ਮਗਰੋਂ ਅਕਤੂਬਰ 2023 ਵਿਚ ਫਾਈਨਲ ਨਤੀਜਾ ਐਲਾਨ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਚੁਣੇ ਗਏ 1746 ਸਿਪਾਹੀਆਂ ਨੂੰ ਜ਼ਿਲ੍ਹਾ ਕੇਡਰ ਵੀ ਅਲਾਟ ਹੋ ਚੁੱਕਿਆ ਹੈ ਪਰ ਹਾਲੇ ਤੱਕ ਨੌਕਰੀ 'ਤੇ ਜੁਆਇਨ ਨਹੀਂ ਕਰਵਾਇਆ ਗਿਆ ਜਦੋਂ ਕਿ ਉਸ ਸਾਲ ਦਸੰਬਰ ਮਹੀਨੇ ਜੁਆਇਨ ਕਰਵਾਇਆ ਜਾਣਾ ਸੀ। ਉਮੀਦਵਾਰਾਂ ਨੇ ਕਿਹਾ ਕਿ ਜੁਆਇਨ ਕਰਾਉਣ ਵਿਚ ਲਗਾਤਾਰ ਦੇਰੀ ਕੀਤੀ ਜਾ ਰਹੀ ਹੈ ਕਿਉਂਕਿ ਪਹਿਲਾਂ ਪੰਚਾਇਤ ਚੋਣਾਂ ਆ ਗਈਆਂ, ਹੁਣ ਚਾਰ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਹੋਣੀਆਂ ਹਨ ਜਦੋਂ ਕਿ ਫਿਰ ਨਗਰ ਕੌਂਸਲ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋ ਜਾਣਾ ਹੈ। ਚੁਣੇ ਗਏ ਉਮੀਦਵਾਰ ਜੁਆਇਨ ਕਰਨ ਦੀ ਉਡੀਕ 'ਚ ਹਨ। ਉਨ੍ਹਾਂ ਕਿਹਾ ਕਿ ਭਰਤੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ ਅਤੇ ਸਿਰਫ਼ ਜੁਆਇੰਨ ਕਰਾਉਣਾ ਹੀ ਬਾਕੀ ਰਹਿੰਦਾ ਹੈ, ਇਸ ਲਈ ਜਲਦ ਤੋਂ ਜਲਦ ਉਨ੍ਹਾਂ ਨੂੰ ਨੌਕਰੀ 'ਤੇ ਜੁਆਇਨ ਕਰਵਾਇਆ ਜਾਵੇ।

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਕੋਟਨਿ-ਕੋਟਿ ਵਧਾਈਆਂ !



## ਕੌਮ ਦੀ ਅਜ਼ਾਦੀ ਤੱਕ ਜੰਗ ਰਹੇਗੀ ਜੰਗ ਰਹੇਗੀ

ਸ਼੍ਰੋਮਣੀ ਅਕਾਲੀ ਦਲ
ਅੰਮ੍ਰਿਤਸਰ

ਹਿੰਦੂ ਲੈ ਕੇ ਹਿੰਦੁਸਤਾਨ ਮੁਸਲਿਮ ਲੈ ਕੇ ਪਾਕਿਸਤਾਨ ਹੁਣ ਸਾਡੀ ਮੰਜ਼ਿਲ ਖਾਲਿਸਤਾਨ

ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ



**ਸਿੱਖ ਧਰਮ ਦੇ ਬਾਨੀ ਧੰਨ-ਧੰਨ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਸਮੁੱਚੀ ਕੌਮ ਅਤੇ ਮਾਨਵਤਾ ਨੂੰ ਲੱਖ ਲੱਖ ਵਧਾਈਆਂ ਹੋਵਣ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਜਥੇਬੰਦੀ ਗੁਰੂ ਸਾਹਿਬ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਸਿੱਖ ਕੌਮ ਨੂੰ ਆਪਣੇ ਕੌਮੀ ਘਰ ਖਾਲਿਸਤਾਨ ਦੀ ਬਖਸ਼ਿਸ਼ ਕਰੋ ਜੀ ਤਾਂ ਕਿ ਸਿੱਖ ਕੌਮ ਸੰਪੂਰਨ ਆਜ਼ਾਦੀ ਦਾ ਨਿੱਘ ਮਾਣ ਸਕੇ।**

**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਮੈਂਬਰ ਬਣਨ ਵਾਸਤੇ ਹੇਠ ਲਿਖੀ ਵੈਬਸਾਈਟ www.sadausa.org 'ਤੇ ਕਲਿਕ ਕਰੋ ਜੀ**



ਸ. ਬੂਟਾ ਸਿੰਘ ਖੜੌਦ ਕਨਵੀਨਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)

ਸ. ਸੁਰਜੀਤ ਸਿੰਘ ਕੁਲਾਰ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)


ਸ. ਜੀਤ ਸਿੰਘ ਆਲੋਅਰਖ ਕੌਮੀ ਜਨ. ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)

ਸ. ਮੱਖਣ ਸਿੰਘ ਕਲੇਰ ਜਨ. ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)

ਸ. ਰੁਪਿੰਦਰ ਸਿੰਘ ਬਾਠ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)


ਸ. ਪਵਨ ਸਿੰਘ ਵਰਜੀਨੀਆ ਵਾਈਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)


ਸ. ਇੰਦਰਪਾਲ ਸਿੰਘ ਸਿਆਟਲ ਵਾਈਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)


ਹਰਦੀਪ ਸਿੰਘ ਖਾਲਸਾ ਜਨਰਲ ਸਕੱਤਰ ਕੈਲੇਫੋਰਨੀਆ ਯੂਨਿਟ


ਸ. ਤਰਸੇਮ ਸਿੰਘ ਪ੍ਰਧਾਨ ਕੈਲੀਫੋਰਨੀਆ ਸਟੇਟ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)


ਸ. ਰੇਸ਼ਮ ਸਿੰਘ, ਪ੍ਰਧਾਨ ਵਰਜੀਨੀਆ ਸਟੇਟ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਸ. ਜੋਗਾ ਸਿੰਘ, ਪ੍ਰਧਾਨ ਨਿਊਜਰਸੀ ਸਟੇਟ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਸ. ਲਖਵੀਰ ਸਿੰਘ ਕੰਗ ਪ੍ਰਧਾਨ ਸ਼ਿਕਾਗੋ ਯੂਨਿਟ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ



ਦਵਿੰਦਰ ਸਿੰਘ ਵਰਜੀਨੀਆ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ


ਸ. ਸੁਰਿੰਦਰ ਸਿੰਘ ਇੰਡੀਆਨਾ ਕੇਂਦਰੀ ਕਮੇਟੀ ਮੈਂਬਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਇੰਦਰਜੀਤ ਸਿੰਘ ਨਿਊਜਰਸੀ ਕੇਂਦਰੀ ਕਮੇਟੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ


ਸ. ਲਖਵਿੰਦਰ ਸਿੰਘ ਮਿਸ਼ੀਗਨ ਕੇਂਦਰੀ ਕਮੇਟੀ ਮੈਂਬਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਸਰਬਜੀਤ ਸਿੰਘ ਦਿੱਲੀ ਕਨਵੀਨਰ ਕੈਲੇਫੋਰਨੀਆ ਯੂਨਿਟ


ਸ. ਦੀਪਇੰਦਰ ਸਿੰਘ ਮਾਨ, ਓਰੇਗਨ ਕੇਂਦਰੀ ਕਮੇਟੀ ਮੈਂਬਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਸ. ਦਲਬੀਰ ਸਿੰਘ ਚੀਮਾ ਸ਼ਿਕਾਗੋ, ਕੇਂਦਰੀ ਕਮੇਟੀ ਮੈਂਬਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਸੰਤ ਬਲਬੀਰ ਸਿੰਘ ਬੈਦਵਾਨ (ਸ਼ਿਕਾਗੋ) ਮੀਡੀਆ ਸਕੱਤਰ ਅਮਰੀਕਾ


ਸ. ਸੁਲਤਾਨ ਸਿੰਘ ਮਿਸੀਸਿਪੀ ਕੇਂਦਰੀ ਕਮੇਟੀ ਮੈਂਬਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਅਰਵਿੰਦਰ ਸਿੰਘ ਸੰਧੂ ਯੂਥ ਪ੍ਰਧਾਨ ਕੈਲੇਫੋਰਨੀਆ ਯੂਨਿਟ

### ਨਿਊਜਰਸੀ ਯੂਨਿਟ


ਸ. ਜਸਵਿੰਦਰ ਸਿੰਘ ਮੈਂਬਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਸ. ਅਵਤਾਰ ਸਿੰਘ ਖ਼ਜ਼ਾਨਚੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਪ੍ਰੋ. ਬਲਜਿੰਦਰ ਸਿੰਘ ਮੋਰਜੰਡ ਜਰ. ਸਕ., ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ


ਸ. ਹਰਜਿੰਦਰ ਸਿੰਘ ਅਟਵਾਲ ਵਾਈਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)


ਸ. ਹਰਜਿੰਦਰ ਸਿੰਘ ਸੋਨੀ. ਵਾਈਸ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ)


ਸ੍ਰ ਦਲਵਿੰਦਰ ਸਿੰਘ ਨਿਊਯਾਰਕ ਸਟੇਟ ਯੂਨਿਟ ਪ੍ਰਧਾਨ


ਸ੍ਰ ਨਰਿੰਦਰ ਸਿੰਘ ਨਿਊਯਾਰਕ ਯੂਨਿਟ ਮੀਤ ਪ੍ਰਧਾਨ


ਸ. ਅਨੂਪ ਸਿੰਘ ਸੀਨੀਅਰ ਮੀਤ ਪ੍ਰਧਾਨ ਸ਼ਿਕਾਗੋ ਯੂਨਿਟ


ਹਰਮਿੰਦਰ ਸਿੰਘ ਖੇਹਰਾ ਜਨਰਲ ਸਕੱਤਰ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

# 'ਫ਼ਤਵਿਆਂ ਦੇ ਦੌਰ ਵਿਚ' ਸਰੋਕਾਰਾਂ ਦੀ ਸ਼ਾਇਰੀ

ਅਜੈ ਤਨਵੀਰ ਮੇਰੇ ਲਈ ਸ਼ਾਇਰ ਨਹੀਂ, ਮੇਰੀ ਧੁਰ ਰੂਹ ਤੱਕ ਫੈਲਿਆ ਮੁਹੱਬਤ ਦਾ ਜੰਗਲ ਹੈ। ਇਹ ਸਾਰਾ ਜੰਗਲ ਮਹਿਕ ਨਾਲ ਭਰਿਆ ਪਿਆ ਹੈ। ਜਿਹੜਾ ਕਦੇ ਕਦੇ ਆਪਣੇ ਸੁਭਾਅ ਦੀਆਂ ਰਹੁ-ਰੀਤਾਂ 'ਚ ਗੁੰਮ ਜਾਂਦਾ ਹੈ। ਕਈ ਕਈ ਮਹੀਨੇ ਕੂੰਹਦਾ ਹੀ ਨਹੀਂ। ਜਦੋਂ ਕੂੰਹਦਾ ਤਾਂ ਏਦਾਂ ਲੱਗਦੈ ਜਿਵੇਂ ਮੋਰ ਪੈਲਾਂ ਪਾ ਰਿਹਾ ਹੋਵੇ। ਕੋਇਲ ਗਾ ਰਹੀ ਹੋਵੇ। ਤੇ ਉਹ ਹੱਟ 'ਤੇ ਬੈਠਾ ਬਾਣੀਆ ਨਹੀਂ, ਉਸਦੇ ਹਿਰਦੇ 'ਚ ਦਇਆ ਹੈ ਏਸੇ ਲਈ ਉਹ ਬਹੁਤ ਵਾਰ ਗ਼ਰੀਬੜਿਆਂ ਲਈ ਹੱਟ ਵੀ ਲੁਟਾ ਦਿੰਦਾ ਹੈ। ਉਹ ਲੋਕਾਈ ਦੇ ਫ਼ਿਕਰਾਂ 'ਚ ਡੁੱਬਿਆ ਅਕਸਰ ਗਾਉਂਦਾ ਹੈ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ,



ਮੱਖਣ ਮਾਨ

ਇਕ ਮੁੱਠੀ ਚੱਕ ਲੈ ਦੂਜੀ ਤਿਆਰ।' ਉਸਦੇ ਫਿਕਰ ਵੱਡੇ ਨੇ, ਉਹ ਸਰੋਕਾਰਾਂ ਦਾ ਸ਼ਾਇਰ ਹੈ।

ਅਜੈ ਤਨਵੀਰ ਗ਼ਜ਼ਲ ਦੇ ਸਫ਼ਰ ਵਿਚ ਵੱਖ-ਵੱਖ ਉਸਤਾਦਾਂ ਦੀ ਭੱਠੀ ਵਿਚ ਤਪਿਆ। ਹਰ ਉਸਤਾਦ ਦਾ ਉਹ ਸਤਿਕਾਰ ਕਰਦਾ ਹੈ। ਪਰ ਬਾਬੇ ਜਗਤਾਰ ਨਾਲ ਉਸਦੀ ਗਹਿਰੀ ਨੇੜਤਾ ਹੈ। ਉਹ ਬਾਬੇ ਜਗਤਾਰ ਦਾ ਭਗਤ ਹੈ। ਤਨਵੀਰ ਤਖ਼ੱਲਸ ਵੀ ਉਸਦਾ ਬਾਬੇ ਜਗਤਾਰ ਨੇ ਰੱਖਿਆ ਸੀ। ਪਤਾ ਨਹੀਂ ਬਾਬੇ ਨੂੰ 'ਅਜੈ' 'ਚ ਕੀ ਦਿਸਿਆ ਸੀ। ਜਦੋਂ ਮੈਨੂੰ ਮਿਲਦੇ ਤਾਂ ਅਕਸਰ ਆਖਦੇ ਤੇਰੇ ਵਰਗਾ ਇੱਕ ਹੋਰ ਮੇਰਾ ਪੁੱਤ ਅਮਰੀਕਾ ਵੱਸਦਾ ਹੈ। ਬਾਬੇ ਦੇ ਕਹਿਣ ਦੇ ਅੰਦਾਜ਼ 'ਚ ਏਨੀ ਅਪਣੱਤ ਸੀ, ਤਨਵੀਰ ਮੈਨੂੰ ਆਪਣੇ ਛੋਟੇ ਭਰਾ ਵਰਗਾ ਜਾਪਦੈ। ਜਿਵੇਂ ਬਾਬੇ ਜਗਤਾਰ ਨੇ ਉਸਨੂੰ ਗੋਦ ਲੈ ਲਿਆ ਹੋਵੇ। ਗੱਲ ਸ਼ਾਇਰੀ ਦੀ ਹੋ ਰਹੀ ਸੀ। ਤਨਵੀਰ ਦੀ ਸ਼ਾਇਰੀ ਦੀ ਚਰਚਾ ਛਿੜੇ ਬਾਬੇ ਜਗਤਾਰ ਨੂੰ ਸਿਜਦਾ ਕਰਨਾ ਏਦਾਂ ਹੈ, ਜਿਵੇਂ ਮੱਕੇ ਤੇ ਮਦੀਨੇ ਦਾ ਹੱਜ ਕਰ ਰਹੇ ਹੋਈਏ।

ਪੀਟੇ ਚੰਦੇਲੀ ਤੋਂ ਅਜੈ ਤਨਵੀਰ ਦਾ ਸਫ਼ਰ ਗੀਤਕਾਰੀ ਤੋਂ ਗ਼ਜ਼ਲ ਵੱਲ ਇਵੇਂ ਵੀ ਹੈ। ਜਿਵੇਂ ਕੋਈ ਗਵੱਈਆ ਕੱਚੇ ਰਾਗ ਗਾਉਂਦਾ-ਗਾਉਂਦਾ ਅਚਨਚੇਤ ਪੱਕੇ ਰਾਗ ਗਾਉਣ ਲੱਗ ਪਵੇ। 'ਫ਼ਤਵਿਆਂ ਦੇ ਦੌਰ ਵਿਚ' ਤਨਵੀਰ ਦੇ ਗ਼ਜ਼ਲ ਸੰਗ੍ਰਹਿ ਦਾ ਪ੍ਰਵੇਸ਼ ਉਦੋਂ ਹੋਇਆ ਹੈ। ਜਦੋਂ ਸਟੇਟ ਚੋਰ ਮੋਰੀ ਰਾਹੀਂ ਸੰਵਿਧਾਨ ਨੂੰ ਛਾਂਗਣ ਦੀ ਤਿਆਰੀ ਦੇ ਨਾਲ-ਨਾਲ ਵੈਦਿਕ ਸੰਸਕ੍ਰਿਤੀ, ਵਰਣ ਵਿਵਸਥਾ, ਮਨੂੰ ਸਿਮਰਤੀ, ਲਵ ਜਹਾਦ, ਮੌਬਲਿੰਚਿੰਗ ਕਰਦੀ ਅਸਹਿਣਸ਼ੀਲਤਾ ਦੇ ਬਹਾਨੇ ਘੱਟ-ਗਿਣਤੀਆਂ 'ਤੇ ਤਸ਼ੱਦਦ ਵੀ ਕਰ ਰਹੀ ਹੈ ਤੇ ਡਰਾ ਵੀ ਰਹੀ ਹੈ ਤੇ ਤਾਨਾਸ਼ਾਹੀ ਬਿਰਤਾਂਤ ਵੀ ਸਿਰਜ ਰਹੀ ਹੈ। ਤੇ ਇਕ ਨੇਸ਼ਨ ਦਾ ਨਰੇਟਿਵ ਵੀ ਘੜ ਰਹੀ ਹੈ। ਅਜਿਹੇ ਸਮਿਆਂ 'ਚ 'ਫ਼ਤਵਿਆਂ ਦੇ ਦੌਰ ਵਿਚ' ਗ਼ਜ਼ਲ ਸੰਗ੍ਰਹਿ ਦਾ ਆਉਣਾ ਸ਼ੁਭ ਸ਼ਗਨ ਹੀ ਆਖ ਸਕਦੇ ਹਾਂ। ਕਿਉਂ ਕਿ ਇਹ ਗ਼ਜ਼ਲ ਸੰਗ੍ਰਹਿ ਇਸ ਦੌਰ ਨੂੰ ਬਹੁਤ ਹੀ ਬਾਰੀਕ ਜ਼ਾਵੀਏ ਤੋਂ ਵੇਖਦਾ ਕਟਾਖਸ਼ ਕਰਦਾ ਹੈ।

ਤਨਵੀਰ ਮੱਠੀ-ਮੱਠੀ ਅੱਗ 'ਤੇ ਕਾੜ੍ਹਨੇ 'ਚ ਰਿੱਝ ਰਹੇ ਦੁੱਧ ਵਰਗਾ ਸ਼ਾਇਰ ਹੈ। ਜਿਸਨੂੰ ਖੁਦ ਨੂੰ ਉਬਾਲਣਾ ਵੀ ਆਉਂਦਾ ਹੈ ਤੇ ਰਿੰਨ੍ਹਣਾ ਵੀ। ਉਹ ਹਰ ਸ਼ਿਅਰ ਨੂੰ ਕਸ਼ੀਦ ਕੇ ਉਸ ਵਿਚ ਉਡਾਣ ਭਰਦਾ ਹੈ। ਉਹ ਬੁਲੰਦੀ ਦਾ ਹੀ ਨਹੀਂ, ਚਿੰਤਨ ਤੇ ਰਾਜਨੀਤਕ ਸਮਝ ਰੱਖਣ ਵਾਲਾ ਸ਼ਾਇਰ ਹੈ। ਉਸਦੀ ਸ਼ਾਇਰੀ 'ਚ ਇਤਿਹਾਸ ਤੇ ਮਿੱਥਹਾਸ ਖਿਲਰਿਆ ਪਿਆ ਹੈ। ਉਹ ਮਿੱਥ ਦੇ ਉਹਲਿਆਂ 'ਚ ਲੁਕੀ ਕਮੀਨਗੀ ਨੂੰ ਤੇਜ਼ ਤਰਾਸ਼ ਅੱਖ ਨਾਲ ਵੇਖਦਾ ਉਸ 'ਤੇ ਗਹਿਰੀ ਚੋਟ ਕਰਦਾ ਹੈ। ਉਸ ਕੋਲ ਸੰਜਮ ਹੈ, ਸਲੀਕਾ ਹੈ ਤੇ ਗ਼ਜ਼ਲ ਕਹਿਣ ਦਾ ਅੰਦਾਜ਼ ਵੀ ਵੱਖਰਾ ਹੈ। ਉਸ ਕੋਲ ਕਲਾ ਵੀ ਹੈ ਤੇ ਕਲਪਨਾ ਵੀ। ਉਸਨੂੰ ਗ਼ਜ਼ਲ ਦੀ ਹੁਨਰਮੰਦੀ ਦਾ ਵੀ ਗਿਆਨ ਹੈ। ਉਸਦੇ ਇਸ ਸੰਗ੍ਰਹਿ ਵਿਚੋਂ ਗ਼ਜ਼ਲ ਨਾਲ ਉਸਦੀ ਗਹਿਰੀ ਤੇ ਚਿਰਜੀਵੀ ਸਾਂਝ ਝਲਕਦੀ ਹੈ। ਤੁਸੀਂ ਉਸਦੀ ਗ਼ਜ਼ਲ ਦੇ ਹਰ ਸ਼ਿਅਰ ਵਿਚ ਗਹਿਰਾਈ ਤੇ ਦਰਸ਼ਨ ਵੇਖ ਸਕਦੇ ਹੋ। ਉਸਦੀ ਗ਼ਜ਼ਲ ਦੇ ਹਰ ਸ਼ਿਅਰ ਦੀ ਆਪਣੀ ਮੁਕੰਮਲ ਕਹਾਣੀ ਹੈ। ਤੁਸੀਂ ਉਸਦੀ ਸ਼ਾਇਰੀ ਨੂੰ ਖਰਬੂਜੇ ਦੀਆਂ ਫਾੜੀਆਂ ਨਾਲ ਤੁਲਨਾ ਸਕਦੇ ਹੋ ਜੋ ਵੇਖਣ ਤੋਂ ਇੱਕੋ ਗ਼ਜ਼ਲ ਲੱਗਦੀ ਹੈ ਪਰ ਉਸਦੀ ਹਰ ਫਾੜੀ ਦਾ ਆਪਣਾ ਅੰਦਾਜ਼ ਤੇ ਅਦਾ ਕਮਾਲ ਦੀ ਹੈ। ਤੁਸੀਂ ਹੇਠਲੀ ਗ਼ਜ਼ਲ ਦਾ ਪਹਿਲਾ ਸ਼ਿਅਰ ਵੇਖੋ :

ਸਿਆਸਤ ਨੇ ਬਦਲ ਦਿੱਤੇ ਜਦੋਂ ਦੇ ਅਰਥ ਰੰਗਾਂ ਦੇ
ਉਕਾਬਾਂ ਦੇ ਨਗਰ ਵਿਚ ਹੋ ਰਹੇ ਚਰਚੇ ਪਤੰਗਾਂ ਦੇ।

ਇਹ ਸ਼ਿਅਰ ਆਪਣੇ ਆਪ 'ਚ ਅੱਜ ਦੇ ਦੌਰ 'ਚ ਰਾਜਨੀਤੀ ਦੇ ਚਰਿੱਤਰ ਨੂੰ ਬਾਖੂਬੀ ਬਿਆਨ ਕਰਦਾ ਉਸਦੀਆਂ ਵੱਖੀਆਂ ਹੀ ਨਹੀਂ ਉਧੇੜਦਾ, ਉਸ ਅੰਦਰ ਆਈ ਗਿਰਾਵਟ ਤੇ ਕਮੀਨਗੀ ਨੂੰ ਵੀ ਉਜਾਗਰ ਕਰਦਾ ਹੈ। ਉਸਦਾ ਇਹ ਇੱਕੋ ਇੱਕ ਸ਼ਿਅਰ ਰਾਜਨੀਤਕ ਗਲਹਿਰੀਆਂ ਨੂੰ ਗੁਲੇਲ ਨਾਲ ਫੁੰਡਦਾ ਹੈ

ਏਸੇ ਗ਼ਜ਼ਲ ਦਾ ਅਗਲਾ ਸ਼ਿਅਰ ਵੇਖੋ:

ਜਿਨ੍ਹਾਂ ਦੇ ਪੁੱਤ ਆਏ ਜਿੱਤ ਕੇ ਪਰ ਬਕਸਿਆਂ ਅੰਦਰ
ਉਨ੍ਹਾਂ ਨੂੰ ਪੁੱਛ ਕੇ ਵੇਖੀਂ ਨਤੀਜੇ ਕੀ ਨੇ ਜੰਗਾਂ ਦੇ

ਜੰਗ ਕਿੰਨਿਆਂ ਘਰਾਂ ਦੇ ਦੀਵੇ ਬੁਝਾ ਜਾਂਦੀ ਹੈ। ਕਿੰਨੀਆਂ ਤੋਤਲੀਆਂ ਆਵਾਜ਼ਾਂ ਦੇ ਸਾਹ ਸੂਤ ਜਾਂਦੀ ਹੈ, ਕਿੰਨੀਆਂ ਸੱਧਰਾਂ ਦੇ ਸੁਪਨੇ ਕੁਚਲ ਜਾਂਦੀ ਹੈ। ਇਹ ਸ਼ਿਅਰ ਆਪਣੇ ਆਪ 'ਚ ਜੀਵਨ ਦਾ ਕੌੜਾ ਸੱਚ ਹੈ। ਏਸੇ ਗ਼ਜ਼ਲ ਦਾ ਇੱਕ ਹੋਰ ਸ਼ਿਅਰ ਵੇਖੋ:


ਜਦੋਂ ਤੈਥੋਂ ਮੇਰੇ ਦਿਲ ਵਿਚ ਅਜੇ ਤੱਕ ਡੁੱਬ ਨਾ ਹੋਇਆ
ਮੁਹੱਬਤ ਕਿੰਝ ਨਾਪਣਗੇ ਭਲਾ ਟੋਟੇ ਇਹ ਵੰਗਾਂ ਦੇ

ਇਸ ਸ਼ਿਅਰ ਨੂੰ ਪੜ੍ਹਦਿਆਂ ਪੁਰਾਣੀ ਪਿੱਤਰੀ ਪਿੰਡ 'ਚ ਚਲਾ ਗਿਆ। ਔਰਤ ਮਨ ਦੀਆਂ ਸੱਧਰਾਂ ਉਮੀਦਾਂ ਨੂੰ ਸਾਡੀਆਂ ਕਲਚਰਲ ਵੈਲਿਊ ਕਿਵੇਂ ਨਿੱਕੇ ਨਿੱਕੇ ਅਹਿਸਾਸਾਂ 'ਚ ਸਾਂਭੀ ਬੈਠੀ ਹੈ। ਪਿੰਡ ਦੀ ਅੱਲੜ੍ਹ ਮੁਟਿਆਰ ਦਾ ਆਪਣੇ ਪਿਆਰ ਨੂੰ ਮਾਪਣ ਦਾ ਜ਼ਰੀਆ ਇਸ ਖੇਡ 'ਚ ਪਿਆ ਹੈ। ਵੰਗਾਂ ਤੋੜ ਤੋੜ ਕੇ ਭਵਿੱਖਮੁਖੀ ਪਤੀ ਦੇ ਪਿਆਰ ਨੂੰ ਵੇਖਣਾ ਕਿ ਉਹ ਉਸਨੂੰ ਕਿੰਨਾ ਕੁ ਪਿਆਰ ਕਰਦਾ ਹੋਵੇਗਾ। ਪਰ ਤਨਵੀਰ ਇਸ ਰੀਤ ਨੂੰ ਕਾਟੇ ਹੇਠ ਰੱਖਦਾ ਹੈ।

ਤਨਵੀਰ ਪੇਂਡੂ ਮੁਹਾਵਰੇ ਦਾ ਸ਼ਾਇਰ ਹੈ। ਕਾਮੇ ਕਿਰਤੀਆਂ ਦਾ ਵੀ। ਉਸਦੀ ਗ਼ਜ਼ਲ 'ਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਹੈ। ਉਸ ਦੀ ਮਿੱਟੀ ਵਿਚ ਸੰਘਰਸ਼ ਵੀ ਹੈ। ਉਸਦਾ ਏਸੇ ਗ਼ਜ਼ਲ ਦਾ ਮਤਲਾ ਵੇਖੋ:

ਰਿਸ਼ੀ ਸ਼ੰਭੂਕ ਤੇ ਸਰਮਦ, ਸਰਾਭਾ ਯਾਦ ਨੇ 'ਤਨਵੀਰ'
ਤਦੇ ਆਉਂਦੇ ਨਹੀਂ ਸਾਨੂੰ ਕਦੇ ਵੀ ਖ਼ਾਬ ਝੰਗਾਂ ਦੇ।

ਮਹਾਰਿਸ਼ੀ ਬਾਲਮੀਕ ਦੀ ਰਮਾਇਣ ਵਿਚ ਮਿੱਥ ਨੂੰ ਡੀਕੋਡ ਕਰਦਾ ਇਹ ਸ਼ਿਅਰ ਕਿਵੇਂ ਸ੍ਰੀ ਰਾਮ ਚੰਦਰ ਜੀ ਭਗਤੀ ਕਰ ਰਹੇ ਸ਼ੂਦਰ ਸ਼ੰਭੂਕ ਦਾ ਬਦ ਇਸ ਕਰਕੇ ਕਰਦੇ ਹਨ ਕਿ ਆਰੀਆ ਦੇ ਰਾਜ 'ਚ ਅਛੂਤ ਕਿਵੇਂ ਭਗਤੀ ਕਰ ਸਕਦਾ। ਤੇ ਸਰਮਦ ਜੋ ਪਹੁੰਚਿਆ ਹੋਇਆ ਫ਼ਕੀਰ ਸੀ ਯਹੂਦੀ ਸੀ, ਜਿਸਨੇ ਬਾਅਦ 'ਚ ਇਸਲਾਮ ਧਰਮ ਧਾਰਨ ਕਰ ਲਿਆ ਸੀ। ਇਤਿਹਾਸ 'ਚ ਉਸ ਦਾ ਨਾਂ ਮੁਹੰਮਦ ਸਈਦ ਸਰਮਦ ਕਰਕੇ ਆਇਆ ਹੈ। ਜਿਸਨੇ ਮੁੱਲਾ ਸਦਰੁੱਦੀਨ ਸ਼ੀਰਜ਼ੀ ਤੇ ਪ੍ਰਸਿੱਧ ਆਲਮ ਅਬੁਲ ਕਾਸਿਮ ਫਿੰਦਸਕੀ ਤੋਂ ਸਿੱਖਿਆ ਪ੍ਰਾਪਤ ਕੀਤੀ। ਵਪਾਰ ਦੇ ਮਕਸਦ ਨਾਲ ਸਰਮਦ ਭਾਰਤ ਆਇਆ। ਸਿੰਧ ਦੇ ਸ਼ਹਿਰ ਬੱਟਾ ਤੇ ਫਿਰ ਲਾਹੌਰ ਵਿਖੇ ਰਿਹਾ। ਮਾਨਤਾ ਹੈ ਕਿ ਉਸ ਨੇ ਪਾਰਸੀ, ਹਿੰਦੂ ਤੇ ਇਸਲਾਮੀ ਗ੍ਰੰਥਾਂ ਦਾ ਅਧਿਐਨ ਵੀ ਕੀਤਾ ਸੀ। ਭਾਰਤ 'ਚ ਸਰਮਦ ਕੁਝ ਸਮਾਂ ਹੈਦਰਾਬਾਦ ਵਿਖੇ ਵੀ ਰਿਹਾ। ਇਥੇ ਉਸ ਉੱਤੇ ਐਸੀ ਰੂਹਾਨੀ ਕੈਫ਼ੀਅਤ ਤਾਰੀ ਹੋਈ ਕਿ ਉਹ ਮਜਜ਼ੂਬ ਫ਼ਕੀਰਾਂ ਵਾਂਗ ਵਿਚਰਨ ਲੱਗਾ ਤੇ ਉਸ ਦੀ ਪ੍ਰਸਿੱਧੀ ਦੂਰ-ਦੂਰ ਤਕ ਫ਼ੈਲੀ। ਰੂਹਾਨੀ ਮਸਤੀ 'ਚ ਉਸ ਨੰਗਾ ਰਹਿਣਾ ਸ਼ੁਰੂ ਕਰ ਦਿੱਤਾ। ਸ਼ਹਿਜ਼ਾਦਾ ਦਾਰਾ ਸ਼ਿਕੋਹ ਵੀ ਸਰਮਦ ਦੇ ਸੰਪਰਕ 'ਚ ਆਇਆ। ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦੇ ਉਤਰਾਧਿਕਾਰ ਲਈ ਚੱਲੇ ਯੁੱਧ 'ਚ ਦਾਰਾ ਸ਼ਿਕੋਹ ਮਾਰਿਆ ਗਿਆ। ਔਰੰਗਜ਼ੇਬ ਬਾਦਸ਼ਾਹ ਬਣਿਆ। ਔਰੰਗਜ਼ੇਬ ਨੂੰ ਈਰਖਾ ਸੀ ਕਿ ਸਰਮਦ ਦਾਰਾ ਸ਼ਿਕੋਹ ਦਾ ਹਮਦਰਦ ਸੀ ਤੇ ਉਸ ਨੂੰ ਬਾਦਸ਼ਾਹ ਵੇਖਣਾ ਚਾਹੁੰਦਾ ਸੀ। ਸਰਮਦ ਦੇ ਖ਼ਿਲਾਫ਼ ਸਾਜ਼ਿਸ਼ ਰਚੀ ਗਈ ਕਿ ਉਹ ਨੰਗਾ ਫਿਰਦਾ ਹੈ, ਅੱਧਾ ਕਲਮਾ ਪੜ੍ਹਦਾ ਹੈ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਸ਼ਬੇ-ਮਿਅਰਾਜ ਤੋਂ ਮੁਨਕਰ ਹੈ। ਦਰ-ਹਕੀਕਤ ਸਰਮਦ ਦਿੱਲੀ 'ਚ ਮਸ਼ਹੂਰ ਹੋ ਚੁੱਕਾ ਸੀ ਤੇ ਹਜ਼ਾਰਾਂ ਲੋਕ ਉਸ ਦੀ ਸੁਹਬਤ ਲਈ ਆਉਂਦੇ ਸਨ ਤੇ ਉਹ ਬਾਦਸ਼ਾਹ ਦੀ ਪਰਵਾਹ ਨਹੀਂ ਸੀ ਕਰਦਾ। ਸਰਮਦ ਨੂੰ ਕਤਲ ਕਰ ਦਿੱਤੇ ਜਾਣ ਦਾ ਫ਼ਤਵਾ ਲਾਇਆ ਗਿਆ। ਜਾਮਾ ਮਸਜਿਦ ਦਿੱਲੀ ਦੀਆਂ ਪੌੜੀਆਂ ਦੇ ਸਾਹਮਣੇ ਇਕ ਚਬੂਤਰਾ ਬਣਵਾਇਆ ਗਿਆ, ਜਿੱਥੇ ਸਰਮਦ ਦਾ ਕਤਲ ਕਰ ਦਿੱਤਾ ਗਿਆ। ਮੈਂ ਪਹਿਲਾਂ ਹੀ ਕਿਹਾ ਸੀ ਤਨਵੀਰ ਇਤਿਹਾਸ ਨੂੰ ਬਾਰੀਕ ਅੱਖ ਨਾਲ ਵੇਖਦਾ। ਸੰਬੂਕ ਸਰਮਦ ਤੇ ਸਰਾਭੇ ਦੀ ਦੇਸ਼ ਨੂੰ ਆਜ਼ਾਦ ਕਰਾਉਣ ਦੀ ਆਜ਼ਾਦੀ ਨੂੰ ਕੌਣ ਨਹੀਂ ਜਾਣਦਾ। ਕਿਉਂ ਕਿ ਤਨਵੀਰ ਬਾਬੇ ਜਗਤਾਰ ਨੂੰ ਆਪਣਾ ਮਾਡਲ ਮੰਨਦਾ ਤੇ ਉਹ ਆਪਣੀ ਭੂਮਿਕਾ 'ਚ ਬਾਬੇ ਜਗਤਾਰ ਦਾ ਕਥਨ ਤੇ ਇਸ ਕਥਨ 'ਤੇ ਕਾਇਮ ਹੈ ਕਿ "ਸ਼ਾਇਰੀ ਜ਼ਿਕਰ ਦੀ ਨਹੀਂ, ਫ਼ਿਕਰ ਦੀ ਹੋਣੀ ਚਾਹੀਦੀ!" ਤਾਂ ਹੀ ਤਾਂ ਤਨਵੀਰ ਦੀ ਸ਼ਾਇਰੀ ਦੇ ਆਦਰਸ਼ ਸ਼ੰਭੂਕ, ਸਰਮਦ ਤੇ ਸਰਾਭਾ ਹਨ। ਉਹ 'ਝੰਗ' ਤੋਂ ਕੋਹਾਂ ਦੂਰ ਹੈ।




*ਪੁਸਤਕ 'ਫ਼ਤਵਿਆਂ ਦੇ ਦੌਰ ਵਿਚ' ਦਾ ਸਰਵਰਕ।*

'ਫ਼ਤਵਿਆਂ ਦੇ ਦੌਰ ਵਿਚ' ਪੁਸਤਕ ਨੂੰ ਚੇਤਨਾ ਪ੍ਰਕਾਸ਼ਨ ਨੇ ਛਾਪਿਆ ਹੈ, ਜਿਸਦੀ ਕੀਮਤ 150/- ਰੁਪਏ ਹੈ। ਖ਼ੂਬਸੂਰਤ ਟਾਈਟਲ ਤੇ ਵਧੀਆ ਪੇਪਰ 'ਚ ਛਾਪੀ ਗਈ ਹੈ।

ਇਸ ਗ਼ਜ਼ਲ ਸੰਗ੍ਰਹਿ ਦੇ ਆਉਣ ਤੋਂ ਪਹਿਲਾਂ ਤਨਵੀਰ ਬਤੌਰ ਗ਼ਜ਼ਲਗੋ ਆਪਣੀ ਪਹਿਚਾਣ ਬਣਾ ਚੁੱਕਾ ਸੀ, ਪਰ ਇਸ ਸੰਗ੍ਰਹਿ ਦੇ ਰਾਹੀਂ ਤਨਵੀਰ ਗ਼ਜ਼ਲ ਦੇ ਖੇਤਰ 'ਚ ਕਿੰਨੀ ਕੁ ਉਡਾਣ ਭਰੇਗਾ। ਇਸਦਾ ਜਵਾਬ ਤਾਂ ਉਸਤਾਦ ਗ਼ਜ਼ਲਗੋ ਹੀ ਦੇ ਸਕਦੇ ਨੇ। ਪਰ ਉਸਦੀ ਸ਼ਾਇਰੀ 'ਚ ਰਵਾਇਤੀ ਸ਼ਾਇਰੀ ਤੋਂ ਹਟ ਕੇ ਗੱਲ ਹੋਈ ਹੈ। ਮੈਨੂੰ ਉਮੀਦ ਹੈ ਕਿ ਇਸ ਸੰਗ੍ਰਹਿ ਦੀ ਹਰ ਗ਼ਜ਼ਲ ਪਾਠਕ ਮਨ ਦਾ ਧਿਆਨ ਆਪਣੇ ਵੱਲ ਜ਼ਰੂਰ ਖਿੱਚੇਗੀ। ਉਸਦਾ ਸ਼ਿਅਰ ਤੁਸੀਂ ਆਪ ਹੀ ਵੇਖੋ:


ਬਨੇਰੇ ਦੱਸ ਦਿੰਦੇ ਨੇ ਘਰਾਂ ਦੀ ਦਾਸਤਾਂ ਸਾਰੀ,
ਤੁਹਾਨੂੰ ਕੀ ਦਿਆਂ ਮੈਂ ਆਪਣੀ ਸ਼ਨਾਖ਼ਤ ਦਾ!

ਸੋ ਤਨਵੀਰ ਆਪਣੇ ਇਸ ਸ਼ਿਅਰ ਰਾਹੀਂ ਆਪਣੇ ਇਸ ਸੰਗ੍ਰਹਿ ਦੀ ਸ਼ਨਾਖਤ ਵੀ ਕਰ ਗਿਆ ਤੇ ਪਹਿਚਾਣ ਵੀ ਦੱਸ ਗਿਆ ਹੈ। ਮੈਂ 'ਫ਼ਤਵਿਆਂ ਦੇ ਦੌਰ ਵਿਚ' ਤਨਵੀਰ ਦੀ ਹਾਜ਼ਰੀ ਨੂੰ ਜੀਅ ਆਇਆਂ ਆਖਦਾ ਹਾਂ!

---

# ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ

ਅੱਜ ਬੜੀ ਗਹਿਰ ਗੰਭੀਰ ਵਿਚਾਰ ਚਰਚਾ ਹੋਈ। ਬਹੁਤ ਦਿਨਾਂ ਤੋਂ ਮੇਰਾ ਦਿਲ ਕਰ ਰਿਹਾ ਸੀ ਕਿ ਮੈਂ ਡਾਕਟਰ ਪਰਸ਼ੋਤਮ ਜੀ ਨਾਲ ਗੱਲ ਕਰਾਂ। ਡਾਕਟਰ ਪੁਰਸ਼ੋਤਮ ਜੀ ਬਹੁਤ ਹੀ ਸੂਝਵਾਨ ਰਿਟਾਇਰਡ ਮੈਡੀਕਲ ਅਫ਼ਸਰ ਹਨ। ਪਤਨੀ ਦੀ ਮੌਤ ਤੋਂ ਬਾਅਦ ਉਨ੍ਹਾਂ ਨੇ ਬਾਹਰ ਆਉਣਾ-ਜਾਣਾ ਵੀ ਘਟਾ ਦਿੱਤਾ। ਉਨ੍ਹਾਂ ਨਾਲ ਗੱਲ ਕੀਤੀ ਇੱਕ ਲੰਬਾ ਅਰਸਾ ਹੋ ਗਿਆ। ਫੋਨ ਉੱਤੇ ਗੱਲ ਕਰਦਿਆਂ ਉਹ ਬੜੇ ਭਾਵੁਕ ਹੋ ਗਏ। ਕਹਿੰਦੇ ਮਨ ਬੜਾ ਉਦਾਸ ਰਹਿੰਦਾ ਹੈ। ਇਕੱਲਾਪਨ ਬੜਾ ਮਹਿਸੂਸ ਹੁੰਦਾ ਹੈ ਜਦੋਂ ਦਾ ਜੀਵਨ ਸਾਥੀ ਤੁਰ ਗਿਆ ਹੈ। ਜੀਵਨ ਸਾਥੀ ਦਾ ਬਹੁਤ ਆਸਰਾ ਹੁੰਦਾ ਹੈ। ਜਿਸ ਦੇ ਨਾਲ ਉਮਰ ਦਾ ਇੱਕ ਅਰਸਾ ਗੁਜ਼ਾਰਿਆ ਹੋਵੇ, ਉਹ ਸਾਥੀ ਦੇ ਜਾਣ ਤੋਂ ਬਾਅਦ ਕਈ ਗੱਲਾਂ, ਵਿਚਾਰ, ਖਾਹਿਸ਼ਾਂ ਅੰਦਰ ਹੀ ਜਵਾਹਰਭਾਟੇ ਵਾਂਗ ਉੱਠਦੀਆਂ ਤੇ ਫਿਰ ਅੱਖਾਂ ਵਿਚੋਂ ਖਾਰਾ ਪਾਣੀ ਬਣ ਵਹਿ ਤੁਰਦੀਆਂ ਹਨ। ਭਾਵੇਂ ਲੱਖ ਤੁਹਾਡੇ ਕੋਲ ਤੁਹਾਡੇ ਧੀ-ਪੁੱਤ, ਪੋਤੇ-ਪੋਤਰੀਆਂ, ਦੋਹਤੇ-ਦੋਹਤੀਆਂ ਹੋਣ ਪਰ ਜ਼ਿੰਦਗੀ ਵਿੱਚ ਕਿਤੇ ਨਾ ਕਿਤੇ ਜੋ ਜੀਵਨ ਸਾਥੀ ਦੇ ਤੁਰ ਜਾਣ ਨਾਲ ਖਾਲੀਪਣ ਆਉਂਦਾ ਹੈ, ਭਰਨਾ ਸੌਖਾ ਨਹੀਂ। ਮੈਂ ਉਨ੍ਹਾਂ ਨੂੰ ਕਿਹਾ ਕਿ ਆਪਣੇ ਆਪ ਨੂੰ ਇੱਕ ਦਾਇਰੇ ਵਿਚ ਸੀਮਤ ਕਰਕੇ ਰੱਖਣ ਕਾਰਨ ਇੰਝ ਹੁੰਦਾ ਹੈ। ਤੁਸੀਂ ਕਮਰੇ 'ਚੋਂ ਬਾਹਰ ਆ", ਖੁੱਲ੍ਹੀ ਫਿਜ਼ਾ ਵਿਚ ਸਾਹ ਲਵੋ, ਹੱਸੋ ਠਹਾਕੇ ਲਾ ਲਾ ਕੇ ਤੇ ਸਵੇਰੇ ਸ਼ਾਮ ਸੈਰ ਕਰਨ ਜਾ", ਉੱਗਦਾ ਸੂਰਜ ਵੇਖੋ, ਢਲਦੇ ਸੂਰਜ ਦੀ ਲਾਲੀ ਮਾਣੋ, ਹਰ ਉਮਰ ਦੇ ਸਾਥੀਆਂ ਦੇ ਨਾਲ ਬਾਹਰ ਪਾਰਕ ਵਿਚ ਮਿਲੋ, ਕਸਰਤ ਕਰੋ, ਤੁਸੀਂ ਦੇਖਣਾ ਦਿਨਾਂ ਦੇ ਵਿਚ ਹੀ ਤੁਹਾਡੇ ਅੰਦਰ ਜਿਹੜੀ ਇਕੱਲਤਾ ਦੀ ਭਾਵਨਾ ਹੈ ਘਟ ਜਾਏਗੀ। ਮੈਨੂੰ ਕਹਿਣ ਲੱਗੇ ਬਲਜੀਤ ਕਹਿ ਤਾਂ ਤੂੰ ਠੀਕ ਰਹੀ ਹੈਂ। ਮੈਂ ਕਿਹਾ ਕਿ ਅਸੀਂ ਸਾਰਾ ਸਮਾਂ ਫੋਨ ਅਤੇ ਟੀ.ਵੀ. ਉੱਤੇ ਬਤੀਤ ਕਰ ਰਹੇ ਹਾਂ। ਫੋਨ ਉੱਤੇ ਅਸੀਂ ਗੁੱਡ ਮਾਰਨਿੰਗ, ਗੁੱਡ ਨਾਈਟ, ਫਲਾਣਾ ਦਿਨ ਆ ਗਿਆ ਉਹਦੀ ਮੁਬਾਰਕਬਾਦ, ਬਸ ਅੰਗੂਠੇ ਲਾਈਕ ਸ਼ੇਅਰ ਆਹੀ ਕਰਨ ਜੋਗੇ ਰਹਿ ਗਏ ਹਾਂ। ਅਸੀਂ ਆਪਣੇ ਆਪ ਨੂੰ ਮੋਬਾਈਲ ਦਾ ਗੁਲਾਮ ਬਣਾ ਲਿਆ ਹੈ। ਇਕ ਸਰਵੇ ਮੁਤਾਬਕ ਅਸੀਂ ਦਿਨ ਵਿਚ 110 ਵਾਰ ਫੋਨ ਚੁੱਕ ਕੇ ਵੇਖਦੇ ਹਾਂ। ਕਿੰਨੇ ਕੁ ਮੈਸੇਜ ਆ ਗਏ, ਕਿੰਨੀਆਂ ਕੁ ਕਾਲਾਂ ਆ ਗਈਆਂ। ਰਾਤ ਨੂੰ ਅਚਾਨਕ ਸੁੱਤਿਆਂ ਜਦੋਂ ਅੱਖ ਖੁੱਲ੍ਹਦੀ ਹੈ ਤਾਂ ਸਾਨੂੰ ਸਭ ਤੋਂ ਪਹਿਲਾਂ ਸਾਡਾ ਮੋਬਾਈਲ ਹੀ ਨਜ਼ਰ ਆਉਂਦਾ ਹੈ। ਜਿਵੇਂ-ਜਿਵੇਂ ਦੀ ਸਾਡੀ ਬਿਰਤੀ ਬਣਦੀ ਜਾ ਰਹੀ ਹੈ ਸਾਡੇ ਦਿਮਾਗ ਵਿਚ ਵਿਚਾਰ ਵੀ ਉਸ ਤਰ੍ਹਾਂ ਦੇ ਹੀ ਆਉਣੇ ਸ਼ੁਰੂ ਹੋ ਰਹੇ ਹਨ। ਮੋਬਾਈਲ ਦੀ ਤੇਜ਼ ਰੌਸ਼ਨੀ ਸਾਡੀਆਂ ਅੱਖਾਂ ਵਾਸਤੇ ਵੀ ਠੀਕ ਨਹੀਂ ਹੈ ਦੂਜਾ ਸਾਡੇ ਦਿਮਾਗ ਨੂੰ ਹੌਲੀ-ਹੌਲੀ ਦੀਮਕ ਵਾਂਗ ਚੱਟ ਰਹੀ ਹੈ। ਜ਼ਿੰਦਗੀ ਜ਼ਿੰਦਾਦਿਲੀ ਦਾ ਨਾਮ ਹੈ।



ਮੇਰੀ ਗੱਲ ਨਾਲ ਸਹਿਮਤੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਹਾਂ ਸ਼ਾਇਦ ਮੇਰੇ ਕੋਲੋਂ ਇਹੀ ਗਲਤੀ ਹੋ ਰਹੀ ਹੈ ਕਿ ਮੈਂ ਆਪਣੇ ਆਪ ਨੂੰ ਆਪਣੇ ਅੰਦਰ ਤੱਕ ਹੀ ਸੀਮਤ ਕਰ ਲਿਆ ਤੇ ਬਾਹਰੀ ਦੁਨੀਆ ਨਾਲ ਰਿਸ਼ਤਾ ਤੋੜ ਦਿੱਤਾ। ਉਨ੍ਹਾਂ ਦੇ ਮਨ ਵਿਚ ਇੱਕ ਫੁਰਨਾ ਫੁੱਟਿਆ ਕਿ ਮੈਂ ਹੁਣ ਆਪਣੇ ਯਾਰਾਂ-ਦੋਸਤਾਂ ਵਿਚ ਬੈਠਿਆ ਕਰਾਂਗਾ ਤੇ ਆਪਣੀ ਜ਼ਿੰਦਗੀ ਨੂੰ ਖੁੱਲ੍ਹ ਕੇ ਜੀਵਾਂਗਾ। ਉਨ੍ਹਾਂ ਦੇ ਚਿਹਰੇ ਦੇ ਉੱਤੇ ਆਏ ਹਾਸੇ ਦੀ ਇਕ ਲਹਿਰ ਨੂੰ ਵੇਖ ਕੇ ਮੈਨੂੰ ਅੰਦਰੋਂ-ਅੰਦਰ ਬਹੁਤ ਸਕੂਨ ਮਹਿਸੂਸ ਹੋਇਆ ਕਿ ਚਲੋ ਅੱਜ ਦਾ ਦਿਨ ਤਾਂ ਪਰਮਾਤਮਾ ਨੇ ਕਿਸੇ ਲੇਖੇ ਲਾ ਦਿੱਤਾ। ਕਿਸੇ ਚਿਹਰੇ ਨੂੰ ਹਸਾ ਦਿੱਤਾ ਕਿਉਂਕਿ ਚਿਹਰਿਆਂ ਨੂੰ ਹਸਾਉਣਾ ਬਹੁਤ ਔਖਾ ਹੈ। ਅੱਜ ਅਸੀਂ ਆਪਣੇ ਦਿਲਾਂ ਦੇ ਅੰਦਰ ਇੱਕ ਦੂਜੇ ਲਈ ਵੈਰ, ਨਫਰਤ, ਹਉਮੈ, ਸਾੜਾ ਇਹੋ ਜਿਹੇ ਰਾਕਸ਼ ਭਾਵ ਪੈਦਾ ਕਰ ਕੇ ਬੈਠੇ ਹਾਂ ਕਿ ਅਸੀਂ ਜਿਊਣਾ ਹੀ ਛੱਡ ਦਿੱਤਾ ਹੈ। ਪਰਮਾਤਮਾ ਨੇ ਸਾਨੂੰ ਇਹ ਅਣਮੁੱਲਾ ਜੀਵਨ ਦਿੱਤਾ ਹੈ ਜਿਊਣ ਲਈ, ਨਾ ਕਿ ਹੰਢਾਉਣ ਲਈ ਤੇ ਨਾ ਇਸ ਨੂੰ ਲਾਸ਼ ਵਾਂਗ ਢੋਣ ਲਈ। ਆਉਣਾ-ਜਾਣਾ ਇਸ ਦੁਨੀਆਂ ਦੇ ਉੱਤੇ ਤਾਂ ਬਣਿਆ ਹੀ ਹੋਇਆ ਹੈ। ਪਲ-ਪਲ ਵਿਚ ਕੋਈ ਆ ਰਿਹਾ ਹੈ ਕੋਈ ਜਾ ਰਿਹਾ ਹੈ। ਅਸੀਂ ਸਾਰੇ ਜਣੇ ਉਮਰ ਭੋਗ ਰਹੇ ਹਾਂ ਪਰ ਜਿਉ ਨਹੀਂ ਰਹੇ। ਜ਼ਿੰਦਗੀ ਜਿਊਣ ਲਈ ਸਾਨੂੰ ਕੁਦਰਤ ਦੇ ਨੇੜੇ ਜਾਣਾ ਪੈਣਾ ਹੈ। ਆਪੇ ਵਿਚੋਂ ਆਪਾ ਮਿਟਾਉਣਾ ਪੈਣਾ ਹੈ। ਮੇਰੇ ਖ਼ਿਆਲ ਅਨੁਸਾਰ ਸਭ ਤੋਂ ਖ਼ੂਬਸੂਰਤ ਇਨਸਾਨ ਦੀ ਮੁਸਕਰਾਹਟ ਹੈ। ਇਸ ਮੁਸਕਰਾਹਟ ਨੂੰ ਕਿਤੇ ਫਿੱਕੀ ਨਾ ਹੋਣ ਦੇਵੋ, ਆਪਣੇ ਅੰਦਰੋਂ ਚਿੰਤਾਵਾਂ ਦੇ ਗੁਬਾਰ ਨੂੰ ਬਾਹਰ ਕੱਢ ਦੇਵੋ ਕਿਉਂਕਿ ਇਹ ਚਿੰਤਾ ਚਿਤਾ ਸਮਾਨ ਹੁੰਦੀ ਹੈ। ਇਸ ਦੇ ਨਾਲ ਕਦੀ ਕਿਸੇ ਦਾ ਭਲਾ ਨਹੀਂ ਹੋਇਆ। ਕਦੀ ਕਿਸੇ ਦਾ ਘਰ ਨਹੀਂ ਵੱਸਿਆ ਤੇ ਗਿਆ ਮੁੜ ਵਾਪਸ ਨਹੀਂ ਆਇਆ। ਸਾਨੂੰ ਜਿਊਣਾ ਪੈਂਦਾ ਹੈ ਹਰ ਹੀਲੇ ਵਸੀਲੇ। ਜਦ ਜਿਊਣਾ ਹੀ ਹੈ ਤਾਂ ਕਿਉਂ ਨਾ ਖੁਸ਼ ਹੋ ਕੇ ਜੀਏ, ਇੱਕ ਉਮੰਗ ਇਕ ਲਹਿਰ ਦੇ ਵਿਚ। ਜ਼ਿੰਦਗੀ ਗੁਲਜ਼ਾਰ ਹੈ, ਇਹ ਗੱਲ ਨੂੰ ਸਮਝਣਾ ਪਵੇਗਾ ਜਿਵੇਂ ਬਾਗ ਵਿਚ ਹਰ ਰੰਗ ਦੇ ਫੁੱਲ ਹੁੰਦੇ ਹਨ ਤੇ ਸਾਰੇ ਰੰਗਾਂ ਦੇ ਫੁੱਲਾਂ ਨੂੰ ਜਦੋਂ ਇਕੱਠੇ ਕਰ ਕੇ ਗੁਲਦਸਤਾ ਬਣ ਕੇ ਸਾਡੇ ਸਾਹਮਣੇ ਆਉਂਦਾ ਹੈ ਤਾਂ ਸਾਡਾ ਦਿਲ ਅਸ਼-ਅਸ਼ ਕਰ ਉੱਠਦਾ ਹੈ। ਇਸੇ ਤਰ੍ਹਾਂ ਉਹ ਪਰਮਾਤਮਾ ਸਾਨੂੰ ਸਾਰੇ ਰੰਗਾਂ ਵਿਚ ਰੰਗਣਾ ਚਾਹੁੰਦਾ ਹੈ ਤੇ ਜਦੋਂ ਦੁੱਖਾਂ ਤੋਂ ਬਾਅਦ ਜਦੋਂ ਅਸੀਂ ਉਭਰ ਕੇ ਨਿਖਰ ਕੇ ਸਾਹਮਣੇ ਆਉਂਦੇ ਆ ਤਾਂ ਉਦੋਂ ਸਾਨੂੰ ਪਤਾ ਲੱਗਦਾ ਹੈ ਕਿ ਸਾਡੀ ਅਸਲ ਪਹਿਚਾਣ ਕੀ ਹੈ? ਅਸੀਂ ਅਸਲ ਵਿਚ ਕੀ ਹਾਂ ਤੇ ਇਸ ਦੁਨੀਆਂ 'ਤੇ ਕੀ ਕਰਨ ਆਏ ਹਾਂ। ਜੋ ਜਾਣਾ ਚਾਹੁੰਦੇ ਨੇ ਜ਼ਿੰਦਗੀ ਦੇ ਵਿਚੋਂ ਉਨ੍ਹਾਂ ਨੂੰ ਮੁਸਕਰਾਹਟ ਨਾਲ ਅਲਵਿਦਾ ਕਹੋ। ਜਿੰਨਾ ਫੈਸਲਾ ਕਰ ਲਿਆ ਹੁੰਦਾ ਹੈ ਜਾਣਦਾ ਉਹ ਤੁਹਾਡੇ ਲੱਖ ਰੋਕਿਆਂ ਲੱਖ ਹੰਝੂ ਵਹਾਇਆਂ, ਤਰਲੇ ਮਿੰਨਤਾਂ ਕੀਤਿਆਂ ਕਦੇ ਨਹੀਂ ਰੁਕਦੇ। ਅਜਿਹੇ ਰਿਸ਼ਤੇ ਤਾਂ ਲਾਸ਼ਾਂ ਨਾਲੋਂ ਵੀ ਭੈੜੇ ਹੁੰਦੇ ਹਨ ਸੋ ਅਜਿਹੇ ਰਿਸ਼ਤਿਆਂ ਦੀ ਕਦੇ ਵੀ ਲਾਸ਼ ਨੀ ਢੋਈ ਦੀ। ਇਨ੍ਹਾਂ ਨੂੰ ਦਫ਼ਨ ਕਰ ਦੇਣਾ ਹੀ ਠੀਕ ਹੁੰਦਾ ਹੈ। ਆਤਮਾ ਤੋਂ ਭਾਰ ਮੁਕਤ ਕਰ ਦਿਓ ਤੇ ਖੁੱਲ੍ਹ ਕੇ ਜੀਓ। ਆਪਣੀ ਮਰਜ਼ੀ ਦਾ ਖਾਓ-ਪੀਓ। ਕਿਉਂਕਿ ਜਦੋਂ ਅਸੀਂ ਇਸ ਦੁਨੀਆ ਤੋਂ ਜਾਣਾ ਸਿਕੰਦਰ ਦੇ ਵਾਂਗ ਖਾਲੀ ਹੱਥ ਜਾਣਾ ਇਕ ਸੂਈ ਤੱਕ ਵੀ ਨਾਲ ਨਹੀਂ ਲੈ ਕੇ ਜਾਣੀ।

-ਬਲਜੀਤ ਕੌਰ

# ਅਕਾਲੀ ਦਲ ਦਾ ਸੰਕਟ ਅਤੇ ਪੰਜਾਬ ਦੀ ਸਿਆਸਤ

*ਇਹ ਧਾਰਨਾ ਭਾਰੂ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਜਾਣਬੁੱਝ ਕੇ ਚੁਣਾਵੀ ਗਿਣਤੀਆਂ-ਮਿਣਤੀਆਂ ਨੂੰ ਪੰਥਕ ਭਾਵਨਾਵਾਂ ਅਤੇ ਮੁੱਦਿਆਂ ਨਾਲੋਂ ਮੂਹਰੇ ਰੱਖਿਆ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿਚ ਦੋ 'ਕੱਟੜ' ਸਿੱਖ ਉਮੀਦਵਾਰਾਂ ਦੀ ਜਿੱਤ ਅਕਾਲੀ ਦਲ ਲਈ ਸਪੱਸ਼ਟ ਇਸ਼ਾਰਾ ਸੀ ਕਿ ਆਮ ਸਿੱਖ ਹੁਣ ਆਪਣੇ ਧਾਰਮਿਕ ਤੇ ਭਾਈਚਾਰਕ ਖ਼ਦਸ਼ਿਆਂ ਲਈ ਇਸ 'ਤੇ ਭਰੋਸਾ ਨਹੀਂ ਕਰ ਰਹੇ... ਸ਼੍ਰੋਮਣੀ ਅਕਾਲੀ ਦਲ ਸੂਬੇ ਦੇ ਖੇਤਰੀ ਜਜ਼ਬਿਆਂ ਦੀ ਨੁਮਾਇੰਦਗੀ ਕਰਨ ਵਾਲਾ ਸਭ ਤੋਂ ਅਹਿਮ ਪਾਤਰ ਰਿਹਾ ਹੈ। ਅੱਜ ਇਹ ਚੁਰਾਹੇ 'ਤੇ ਖੜ੍ਹਾ ਜਾਪਦਾ ਹੈ ਜੋ ਬੇਮਿਸਾਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਹ ਸੰਕਟ ਜ਼ਿਆਦਾਤਰ ਇਸ ਦੀ ਸਿੱਖ ਭਾਈਚਾਰੇ, ਪੰਜਾਬੀ ਸਮਾਜ ਤੇ ਸ਼ਾਇਦ ਸਭ ਤੋਂ ਮਹੱਤਵਪੂਰਨ, ਖੇਤਰ ਦੇ ਖੇਤੀ ਅਰਥਚਾਰੇ ਦੇ ਬਦਲ ਰਹੇ ਫ਼ਿਕਰਾਂ ਨੂੰ ਸਮਝਣ ਦੀ ਅਯੋਗਤਾ ਵਿਚੋਂ ਪੈਦਾ ਹੋਇਆ ਹੈ।*

ਭਾਰਤ ਦੇ ਖੇਤਰੀ ਅਤੇ ਜਮਹੂਰੀ ਰਾਜਨੀਤੀ ਦੇ ਇਤਿਹਾਸ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਖ਼ਾਸ ਮੁਕਾਮ ਹੈ। ਸ਼੍ਰੋਮਣੀ ਅਕਾਲੀ ਦਲ ਦਾ ਜਨਮ 1920 ਵਿਚ ਉਠੇ ਮਕਬੂਲ ਅੰਦੋਲਨ 'ਚੋਂ ਹੋਇਆ ਸੀ ਅਤੇ ਇਸ ਦਾ ਸ਼ੁਮਾਰ ਉਪ ਮਹਾਂਦੀਪ ਦੀਆਂ ਸਭ ਤੋਂ ਪੁਰਾਣੀਆਂ ਸਿਆਸੀ ਪਾਰਟੀਆਂ ਵਿਚ ਕੀਤਾ ਜਾਂਦਾ ਰਿਹਾ ਹੈ। ਪਿਛਲੇ 104 ਸਾਲਾਂ ਤੋਂ ਇਸ ਨੇ ਬਹੁਤ ਸਾਰੀਆਂ ਚੁਣੌਤੀਆਂ ਦਾ ਟਾਕਰਾ ਕੀਤਾ ਹੈ ਅਤੇ ਇਹ ਬਹੁਤ ਸਾਰੀਆਂ ਤਬਦੀਲੀਆਂ ਦਾ ਗਵਾਹ ਹੈ। 1947 ਦੀ ਵੰਡ ਤੋਂ ਲੈ ਕੇ 1960ਵਿਆਂ ਵਿਚ ਪੰਜਾਬ ਦੇ ਮੁੜ ਗਠਨ ਅਤੇ 1980ਵਿਆਂ ਦੀ ਖਾੜਕੂ ਖ਼ਾਲਿਸਤਾਨ ਲਹਿਰ ਤੱਕ, ਸ਼੍ਰੋਮਣੀ ਅਕਾਲੀ ਦਲ ਬਹੁਤ ਸਾਰੇ ਔਖੇ ਸਮਿਆਂ 'ਚੋਂ ਲੰਘਿਆ ਤੇ ਆਪਣੀ ਹੋਂਦ ਹਸਤੀ ਬਰਕਰਾਰ ਰੱਖੀ ਹੈ।



**ਸੁਰਿੰਦਰ ਐੱਸ ਜੋਧਕਾ**
ਫੋਨ: +91-98112-79898

ਸਿੱਖ ਭਾਈਚਾਰੇ ਦੀ ਨੁਮਾਇੰਦਾ ਖੇਤਰੀ ਪਾਰਟੀ ਹੁੰਦਿਆਂ ਹੋਇਆਂ ਵੀ ਇਸ ਦੀ ਲੀਡਰਸ਼ਿਪ ਕੌਮੀ ਪੱਧਰੀ ਸਰੋਕਾਰਾਂ ਖ਼ਾਸਕਰ ਫੈਡਰਲ ਸਿਆਸਤ ਨਾਲ ਜੁੜੇ ਸਰੋਕਾਰਾਂ ਨੂੰ ਜ਼ੁਬਾਨ ਦੇਣ ਵਿਚ ਮੋਹਰੀ ਰੋਲ ਨਿਭਾਉਂਦੀ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਕੋਲ ਜਥੇਦਾਰਾਂ ਦਾ ਕੇਡਰ ਆਧਾਰ ਅਤੇ ਮੁਕਾਮੀ ਸੰਸਥਾਵਾਂ ਹੋਣ ਕਰ ਕੇ ਇਸ ਦਾ ਸ਼ੁਮਾਰ ਭਾਰਤ ਦੀਆਂ ਕੁਝ ਖ਼ਾਸ ਸਿਆਸੀ ਪਾਰਟੀਆਂ ਵਿਚ ਕੀਤਾ ਜਾਂਦਾ ਹੈ। ਇਹ ਨਿਰਾਲੀ ਪਛਾਣ ਇਸ ਤੱਥ ਵਿਚ ਵੀ ਪਈ ਹੈ ਕਿ ਇਹ ਅੰਤਰ-ਸਬੰਧਿਤ ਹਿੱਤਾਂ ਤੇ ਪਛਾਣਾਂ, ਪੰਜਾਬ ਦੀਆਂ ਖੇਤਰੀ ਉਮੰਗਾਂ, ਸਿੱਖ ਭਾਈਚਾਰੇ ਦੇ ਨੁਮਾਇੰਦਾ ਚਿਹਰੇ ਅਤੇ ਜ਼ਮੀਨਾਂ ਦੀ ਮਾਲਕ ਖੇਤੀਬਾੜੀ ਜਮਾਤ ਦੇ ਆਰਥਿਕ ਹਿੱਤਾਂ ਦੀ ਪੂਰੀ ਲੜੀ ਦੀ ਨੁਮਾਇੰਦਗੀ ਕਰਦੀ ਸੀ। ਖੇਤਰੀ ਪਾਰਟੀ ਦੇ ਰੂਪ ਵਿਚ ਇਹ ਪੰਜਾਬ ਦੀ ਇਕਲੌਤੀ ਆਵਾਜ਼ ਰਹੀ ਹੈ।

ਸਾਰੇ ਸਿੱਖ ਹਾਲਾਂਕਿ ਸ਼੍ਰੋਮਣੀ ਅਕਾਲੀ ਦਲ ਨੂੰ ਵੋਟਾਂ ਨਹੀਂ ਪਾਉਂਦੇ ਸਨ ਪਰ ਉਹ ਅਜਿਹੀ ਪੰਥਕ ਸੰਸਥਾ ਦੇ ਰੂਪ ਵਿਚ ਸ਼੍ਰੋਮਣੀ ਅਕਾਲੀ ਦਲ ਵੱਲ ਹੀ ਦੇਖਦੇ ਸਨ ਜੋ ਵਿਲੱਖਣ ਪਛਾਣ ਅਤੇ ਹਿੱਤਾਂ ਦੀ ਉਨ੍ਹਾਂ ਦੀ ਸੋਝੀ ਦੀ ਤਰਜਮਾਨੀ ਕਰਦੀ ਹੈ। ਪੰਜਾਬ ਤੋਂ ਬਾਹਰ ਵੱਸਦੇ ਸਿੱਖ ਸ਼੍ਰੋਮਣੀ ਅਕਾਲੀ ਦਲ ਨਾਲ ਨਸਲੀ ਸਾਂਝ ਦੀ ਸੋਝੀ ਰੱਖਦੇ ਰਹੇ ਹਨ। 1966 ਵਿਚ ਪੰਜਾਬ ਦੇ ਮੁੜ ਗਠਨ ਤੋਂ ਬਾਅਦ ਪਾਰਟੀ ਸੂਬੇ ਦੇ ਖੇਤੀ ਹਿੱਤਾਂ ਦੀ ਪਹਿਰੇਦਾਰ ਬਣ ਕੇ ਵੀ ਉੱਭਰੀ ਜਿਸ ਕਰ ਕੇ ਇਸ ਦੀ ਮੋਹਰੀ ਪੁਜ਼ੀਸ਼ਨਾਂ ਉੱਪਰ ਜੱਟਾਂ ਦੀ ਖੇਤੀਬਾੜੀ, ਅਮੀਰ, ਜ਼ਿਮੀਂਦਾਰ ਜਾਤ ਤੋਂ ਆਉਣ ਵਾਲੇ ਲੋਕ ਕਾਬਜ਼ ਹੋ ਗਏ।

ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਸਫਲਤਾ ਇਸ ਦੀ ਪੰਜਾਬ ਦੇ ਖੇਤਰ, ਭਾਈਚਾਰਕ ਅਤੇ ਜਮਾਤੀ/ਜਾਤੀ ਸਿਆਸਤ ਦੇ ਕੰਡਿਆਲੇ ਰਾਹਾਂ 'ਚੋਂ ਲੰਘ ਜਾਣ ਦੀ ਕਾਬਲੀਅਤ ਵਿਚ ਪਈ ਹੈ ਜਿਸ ਸਦਕਾ ਇਹ ਖੇਤਰੀ ਤੌਰ 'ਤੇ ਦਮਦਾਰ ਖਿਡਾਰੀ ਦੇ ਰੂਪ ਵਿਚ ਉੱਭਰੀ। ਉਦੋਂ ਵੀ ਜਦੋਂ ਇਸ ਦੀ ਲੀਡਰਸ਼ਿਪ ਨੇ ਪੰਥਕ ਮੁੱਦਿਆਂ ਨੂੰ ਜ਼ੋਰ-ਸ਼ੋਰ ਨਾਲ ਉਭਾਰਨ ਦਾ ਰਾਹ ਚੁਣਿਆ ਤਾਂ ਵੀ ਇਸ ਨੂੰ ਫਿਰਕੂ ਜਾਂ ਤੰਗਨਜ਼ਰ ਪਾਰਟੀ ਗਰਦਾਨਣਾ ਔਖਾ ਸੀ। ਵੱਖ-ਵੱਖ ਸਮਿਆਂ 'ਤੇ ਰਹੇ ਇਸ ਦੇ ਭਿਆਲਾਂ ਵਿਚ ਕਮਿਊਨਿਸਟ ਪਾਰਟੀਆਂ ਤੋਂ ਲੈ ਕੇ ਭਾਰਤੀ ਜਨ ਸੰਘ ਅਤੇ ਭਾਰਤੀ ਜਨਤਾ ਪਾਰਟੀ ਸ਼ਾਮਿਲ ਰਹੀਆਂ ਹਨ। ਇਸ ਦੀ ਲੀਡਰਸ਼ਿਪ ਦੀ ਸ਼ੁਰੂਆਤੀ ਪੀੜ੍ਹੀ ਕਾਂਗਰਸ ਦੇ ਅੰਦਰ ਅਤੇ ਨਾਲੋ-ਨਾਲ ਕੰਮ ਕਰਦੀ ਰਹੀ ਸੀ। ਇਵੇਂ ਹੀ ਜਾਤ ਅਤੇ ਜਮਾਤ ਦੇ ਲਿਹਾਜ਼ ਤੋਂ ਇਸ ਦਾ ਸਮਾਜਿਕ ਆਧਾਰ ਛੋਟਾ ਹੋਣ ਦੇ ਬਾਵਜੂਦ ਇਹ ਸਿੱਖ ਭਾਈਚਾਰੇ ਦੇ ਸਾਰੇ ਤਬਕਿਆਂ ਨਾਲ ਜੁੜੀ ਰਹੀ ਹੈ। ਇੱਥੋਂ ਤੱਕ ਕਿ ਪੰਜਾਬ ਦੇ ਕੁਝ ਗ਼ੈਰ-ਸਿੱਖ ਵੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਵੋਟਾਂ ਪਾਉਂਦੇ ਰਹੇ ਹਨ।

ਇੱਕ ਹੋਰ ਢੰਗ ਨਾਲ ਵੀ ਸ਼੍ਰੋਮਣੀ ਅਕਾਲੀ ਦਲ ਮੁੱਖਧਾਰਾ ਦੇ ਸਿਆਸੀ ਕਲਚਰ ਦਾ ਹਿੱਸਾ ਰਿਹਾ ਹੈ। ਕਈ ਹੋਰ ਖੇਤਰੀ ਪਾਰਟੀਆਂ ਵਾਂਗ ਹੀ ਪਿਛਲੇ ਕੁਝ ਅਰਸੇ ਤੋਂ ਇਸ ਅੰਦਰ ਵੀ ਇੱਕ ਪਰਿਵਾਰ, ਭਾਵ, ਬਾਦਲਾਂ ਦਾ ਦਬਦਬਾ ਕਾਇਮ ਹੋ ਗਿਆ ਅਤੇ ਇਹ ਅੰਦਰੂਨੀ ਕਲੇਸ਼ਾਂ ਤੇ ਧੜੇਬੰਦੀਆਂ ਦਾ ਸ਼ਿਕਾਰ ਹੁੰਦੀ ਰਹੀ ਹੈ। ਪਿਛਲੇ 50 ਸਾਲਾਂ ਦੌਰਾਨ ਇਸ ਦੇ ਬਹੁਤ ਸਾਰੇ ਸੀਨੀਅਰ ਆਗੂ ਪਾਰਟੀ ਤੋਂ ਵੱਖ ਹੋ ਚੁੱਕੇ ਹਨ ਅਤੇ ਆਪਣੇ ਵੱਖਰੇ ਸ਼੍ਰੋਮਣੀ ਅਕਾਲੀ ਦਲ ਕਾਇਮ ਕਰ ਚੁੱਕੇ ਹਨ; ਇਹ ਸਾਰੇ ਅਮੂਮਨ ਆਪਣੇ ਆਪ ਨੂੰ ਰੈਡੀਕਲ ਪੰਥਕ ਬਦਲ ਵਜੋਂ ਪੇਸ਼ ਕਰਦੇ ਰਹੇ ਹਨ ਪਰ ਇਨ੍ਹਾਂ ਦੀ ਸਿਆਸੀ ਅਪੀਲ ਬਹੁਤੀ ਦੇਰ ਕਾਇਮ ਨਾ ਰਹਿ ਸਕੀ। ਪਿਛਲੇ ਕਰੀਬ ਤਿੰਨ ਦਹਾਕਿਆਂ ਤੋਂ ਮੁੱਖ ਤੌਰ 'ਤੇ ਬਾਦਲ ਧੜੇ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਹੀ ਦਬਦਬਾ ਬਣਿਆ ਰਿਹਾ ਹੈ।



ਉਂਝ, ਹੁਣ ਇਸ ਦਾ ਹਾਲ ਪੁਰਾਣੇ ਟੋਪ ਵਰਗਾ ਹੋ ਗਿਆ ਜਾਪਦਾ ਹੈ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਨੂੰ ਜੋ ਚੁਣੌਤੀਆਂ ਦਰਪੇਸ਼ ਹਨ, ਉਨ੍ਹਾਂ ਦੀ ਕੋਈ ਨਜ਼ੀਰ ਨਹੀਂ ਮਿਲਦੀ। ਬਾਦਲ ਪਰਿਵਾਰ ਦੀ ਜਕੜ ਵਧਦੀ ਜਾਣ ਕਰ ਕੇ ਪਾਰਟੀ ਦੇ ਕੇਡਰ ਆਧਾਰ ਅਤੇ ਜਥੇਬੰਦਕ ਢਾਂਚੇ ਨੂੰ ਖੋਰਾ ਲੱਗਣ ਲੱਗ ਪਿਆ। ਇਸ ਦਾ ਸ਼੍ਰੋਮਣੀ ਅਕਾਲੀ ਦਲ ਉੱਪਰ ਭਾਵੇਂ ਕੰਟਰੋਲ ਕਾਇਮ ਹੈ ਪਰ ਸਿੱਖ ਅਵਾਮ ਅੰਦਰ ਇਸ ਦੀ ਅਪੀਲ ਲਗਾਤਾਰ ਮਾਂਦ ਪੈ ਰਹੀ ਹੈ।

ਇਹ ਧਾਰਨਾ ਭਾਰੂ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਜਾਣਬੁੱਝ ਕੇ ਚੁਣਾਵੀ ਗਿਣਤੀਆਂ-ਮਿਣਤੀਆਂ ਨੂੰ ਪੰਥਕ ਭਾਵਨਾਵਾਂ ਅਤੇ ਮੁੱਦਿਆਂ ਨਾਲੋਂ ਮੂਹਰੇ ਰੱਖਿਆ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿਚ ਦੋ 'ਕੱਟੜ' ਸਿੱਖ ਉਮੀਦਵਾਰਾਂ ਦੀ ਜਿੱਤ ਅਕਾਲੀ ਦਲ ਲਈ ਸਪੱਸ਼ਟ ਇਸ਼ਾਰਾ ਸੀ ਕਿ ਆਮ ਸਿੱਖ ਹੁਣ ਆਪਣੇ ਧਾਰਮਿਕ ਤੇ ਭਾਈਚਾਰਕ ਖ਼ਦਸ਼ਿਆਂ ਲਈ ਇਸ 'ਤੇ ਭਰੋਸਾ ਨਹੀਂ ਕਰ ਰਹੇ।

ਆਪਣੇ ਚੁਣਾਵੀ ਘੇਰੇ ਨੂੰ ਵਿਆਪਕ ਕਰਨ ਲਈ ਬਾਦਲਾਂ ਦੀ ਅਗਵਾਈ ਵਾਲੇ ਅਕਾਲੀ ਦਲ ਨੇ ਸਿਰਫ਼ ਸਿੱਖ ਪਾਰਟੀ ਹੋਣ ਤੋਂ ਕਿਨਾਰਾ ਕੀਤਾ ਹੈ ਤੇ ਆਪਣੀ ਮੈਂਬਰਸ਼ਿਪ ਸਾਰੇ ਪੰਜਾਬੀਆਂ ਲਈ ਖੋਲ੍ਹ ਦਿੱਤੀ ਹੈ। ਹਾਲਾਂਕਿ ਇਸ ਚੀਜ਼ ਦਾ ਕੋਈ ਬਹੁਤਾ ਸਬੂਤ ਨਹੀਂ ਹੈ ਕਿ ਅਜਿਹੀ 'ਧਰਮ ਨਿਰਪੱਖ ਖੇਤਰਵਾਦੀ' ਪਹੁੰਚ ਦਾ ਰਾਜ ਦੇ ਗ਼ੈਰ-ਸਿੱਖਾਂ 'ਤੇ ਕੋਈ ਅਸਰ ਪਿਆ ਹੈ। ਇਸ ਦੇ ਉਲਟ, ਹਿੰਦੂ ਰਾਸ਼ਟਰਵਾਦੀ ਪਾਰਟੀ ਭਾਜਪਾ ਨਾਲ ਅਕਾਲੀ ਦਲ ਦੀ ਲੰਮੀ ਭਿਆਲੀ ਨੇ ਕੇਵਲ ਇਸ ਦੀ ਸੰਘਵਾਦੀ ਪਛਾਣ ਨੂੰ ਫਿੱਕਾ ਹੀ ਪਾਇਆ ਹੈ।

ਅਕਾਲੀ ਦਲ ਦੇ ਸਮਾਜਿਕ ਤੇ ਸਿਆਸੀ ਆਧਾਰ ਨੂੰ ਸ਼ਾਇਦ ਸਭ ਤੋਂ ਵੱਡਾ ਝਟਕਾ ਇਸ ਦੀ ਸਭ ਤੋਂ ਮਜ਼ਬੂਤ ਸਮਾਜਿਕ ਬੁਨਿਆਦ ਤੋਂ ਹੀ ਲੱਗਾ ਹੈ ਜੋ ਦਿਹਾਤੀ/ਖੇਤੀਬਾੜੀ ਹਲਕਾ ਹੈ। ਜਾਪਦਾ ਹੈ ਕਿ ਕਮਜ਼ੋਰ ਹੋ ਰਹੇ ਕੇਡਰ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਖੇਤੀ ਅਰਥਚਾਰੇ ਦੇ ਉੱਭਰ ਰਹੇ ਸੰਕਟ ਨਾਲ ਸੰਪਰਕ ਟੁੱਟ ਚੁੱਕਾ ਹੈ।

ਨਰਿੰਦਰ ਮੋਦੀ ਸਰਕਾਰ ਦੇ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕੌਮੀ ਰਾਜਧਾਨੀ ਦੀਆਂ ਹੱਦਾਂ 'ਤੇ ਸਾਲ ਭਰ ਚੱਲੇ ਕਿਸਾਨ ਸੰਘਰਸ਼ ਵਿਚ ਇਹ ਦੇਖਿਆ ਵੀ ਗਿਆ ਸੀ। ਪੰਜਾਬੀ ਕਿਸਾਨਾਂ 'ਚ ਵਧ ਰਹੇ ਗੁੱਸੇ ਦਾ ਸੇਕ ਮਹਿਸੂਸ ਕਰਨ ਤੋਂ ਬਾਅਦ ਹੀ ਅਕਾਲੀ ਆਗੂਆਂ ਨੇ ਇਨ੍ਹਾਂ ਕੇਂਦਰੀ ਕਾਨੂੰਨਾਂ 'ਤੇ ਇਤਰਾਜ਼ ਜਤਾਇਆ ਸੀ। ਇਸ ਤੋਂ ਪਹਿਲਾਂ ਮੋਦੀ ਸਰਕਾਰ ਜਿਨ੍ਹਾਂ 'ਸੁਧਾਰਾਂ' ਉੱਤੇ ਕੰਮ ਕਰ ਰਹੀ ਸੀ, ਉਸ ਪੂਰੀ ਪ੍ਰਕਿਰਿਆ ਦਾ ਇਹ ਹਿੱਸਾ ਸਨ। ਪਾਰਟੀ ਵੱਲੋਂ ਐੱਨਡੀਏ ਸਰਕਾਰ ਛੱਡਣ ਦੇ ਫ਼ੈਸਲੇ ਨਾਲ ਵੀ ਗੁਆਚਿਆ ਭਰੋਸਾ ਬਹਾਲ ਨਹੀਂ ਹੋ ਸਕਿਆ। ਪਾਰਟੀ ਦਾ ਵੋਟ ਸ਼ੇਅਰ ਘਟਣ ਵਿਚੋਂ ਵੀ ਇਸ ਦੀ ਝਲਕ ਪੈਂਦੀ ਰਹੀ ਜੋ ਪਹਿਲਾਂ ਨਾਲੋਂ ਅੱਧੇ ਤੋਂ ਵੀ ਘਟ ਰਹਿ ਗਿਆ।

ਭਾਰਤ ਦੇ ਸਿਆਸੀ ਭੂ-ਦ੍ਰਿਸ਼ ਵਿਚ ਪੰਜਾਬ ਹਮੇਸ਼ਾ ਤੋਂ ਗ਼ੈਰ ਰਿਹਾ ਹੈ। ਇਸ ਦੀ ਸਿਆਸੀ ਬਣਤਰ ਮੁਕਾਮੀ ਪ੍ਰਸੰਗ ਅਤੇ ਇਤਿਹਾਸ 'ਚੋਂ ਨਿਕਲੀ ਹੈ, ਕੋਈ 'ਕੌਮੀ ਮਿਜ਼ਾਜ' ਇਸ ਨੂੰ ਆਕਾਰ ਨਹੀਂ ਦੇ ਸਕਿਆ। ਭਾਰਤੀ ਸੰਘ ਵਿਚ ਪੰਜਾਬ ਭਾਵੇਂ ਕੋਈ ਇਕੱਲਾ ਸੂਬਾ ਨਹੀਂ ਹੈ ਜਿੱਥੇ ਖੇਤਰੀ ਪਛਾਣ ਦਾ ਠੋਸ ਆਧਾਰ ਹੈ ਤੇ ਜਿਸ ਦੀ ਆਪਣੀ ਖੇਤਰੀ ਪਾਰਟੀ ਹੈ। ਰਾਜ ਦੀ ਖੇਤਰੀ ਸਿਆਸਤ ਦਾ ਵੱਖਰਾ ਰੰਗ ਹੈ।

ਸ਼੍ਰੋਮਣੀ ਅਕਾਲੀ ਦਲ ਸੂਬੇ ਦੇ ਖੇਤਰੀ ਜਜ਼ਬਿਆਂ ਦੀ ਨੁਮਾਇੰਦਗੀ ਕਰਨ ਵਾਲਾ ਸਭ ਤੋਂ ਅਹਿਮ ਪਾਤਰ ਰਿਹਾ ਹੈ। ਅੱਜ ਇਹ ਚੁਰਾਹੇ 'ਤੇ ਖੜ੍ਹਾ ਜਾਪਦਾ ਹੈ ਜੋ ਬੇਮਿਸਾਲ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਹ ਸੰਕਟ ਜ਼ਿਆਦਾਤਰ ਇਸ ਦੀ ਸਿੱਖ ਭਾਈਚਾਰੇ, ਪੰਜਾਬੀ ਸਮਾਜ ਤੇ ਸ਼ਾਇਦ ਸਭ ਤੋਂ ਮਹੱਤਵਪੂਰਨ, ਖੇਤਰ ਦੇ ਖੇਤੀ ਅਰਥਚਾਰੇ ਦੇ ਬਦਲ ਰਹੇ ਫ਼ਿਕਰਾਂ ਨੂੰ ਸਮਝਣ ਦੀ ਅਯੋਗਤਾ ਵਿਚੋਂ ਪੈਦਾ ਹੋਇਆ ਹੈ।

ਰਵਾਇਤੀ ਹਲਕਿਆਂ ਅੰਦਰ ਇਸ ਦਾ ਆਧਾਰ ਫਿੱਕਾ ਪੈਣ ਦੇ ਖੇਤਰ ਦੀ ਅਸਲ ਪਛਾਣ ਅਤੇ ਰੀਝਾਂ ਉੱਤੇ ਕੀ ਅਸਰ ਪੈਣਗੇ? ਇਹ ਪੜਾਅ ਦੇਖਣ ਵਾਲਾ ਹੋਵੇਗਾ।

# ਲਾਇਬ੍ਰੇਰੀਆਂ ਦਾ ਅਨਮੋਲ ਖ਼ਜ਼ਾਨਾ

ਵਿਦਿਆਰਥੀਆਂ ਦੀ ਸਿਲੇਬਸ ਤੋਂ ਬਾਹਰੀ ਕਿਤਾਬਾਂ ਪੜ੍ਹਨ ਵਿਚ ਰੁਚੀ ਪੈਦਾ ਲਈ ਸਕੂਲ ਲਾਇਬ੍ਰੇਰੀਆਂ ਦੀ ਅਹਿਮ ਭੂਮਿਕਾ ਹੁੰਦੀ ਹੈ। ਸਕੂਲ ਲਾਇਬ੍ਰੇਰੀਆਂ ਹੀ ਹੁੰਦੀਆਂ ਹਨ ਜੋ ਬੱਚਿਆਂ ਵਿਚ ਸਾਹਿਤ ਪੜ੍ਹਨ ਦੀ ਚਿਣਗ ਲਾਉਂਦੀਆਂ ਹਨ। ਬਾਲਪਨ ਵਿਚ ਪਈ ਇਹ ਚਿਣਗ ਉਨ੍ਹਾਂ ਨੂੰ ਕੀ ਤੋਂ ਕੀ ਬਣਾ ਦਿੰਦੀ ਹੈ। ਇਸ ਲਈ ਕਹਿ ਸਕਦੇ ਹਾਂ ਕਿ ਵਿਦਿਆਰਥੀ ਜੀਵਨ ਵਿਚ ਸਕੂਲ ਲਾਇਬ੍ਰੇਰੀ ਦੀ ਅਹਿਮੀਅਤ ਬਹੁਤ ਜ਼ਿਆਦਾ ਹੁੰਦੀ ਹੈ। ਇਸ ਦੇ ਮੱਦੇਨਜ਼ਰ ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਵੱਲੋਂ ਸਕੂਲਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਲਾਇਬ੍ਰੇਰੀਆਂ ਨਾਲ ਜੋੜਨ ਵਾਸਤੇ ਅਧਿਆਪਕਾਂ ਤੇ ਸਬੰਧਤ ਮੁਲਾਜ਼ਮਾਂ ਨੂੰ ਵਾਰ ਵਾਰ ਪ੍ਰੇਰਿਤ ਹੀ ਨਹੀਂ ਕੀਤਾ ਜਾਂਦਾ ਬਲਕਿ ਹਰੇਕ ਵਰ੍ਹੇ ਕਿਤਾਬਾਂ ਦੀ ਖ਼ਰੀਦ ਹਿੱਤ ਗਰਾਂਟਾਂ ਵੀ ਜਾਰੀ ਕੀਤੀਆਂ ਜਾ ਰਹੀਆਂ ਹਨ।

**ਹਰਭਿੰਦਰ ਸਿੰਘ ਮੁੱਲਾਂਪੁਰ**
ਫੋਨ: +91-94646-01001

ਮਹਿਕਮੇ ਵੱਲੋਂ ਸਕੂਲੀ ਲਾਇਬ੍ਰੇਰੀਆਂ ਲਈ ਸਟਾਫ ਦੀ ਭਰਤੀ ਕਰਨ ਦੇ ਯਤਨ ਵੀ ਕਦੇ ਕਦਾਈਂ ਕੀਤੇ ਜਾਂਦੇ ਹਨ ਪਰ ਮੌਜੂਦਾ ਸਥਿਤੀਆਂ ਤਹਿਤ ਸਾਰੇ ਸਕੂਲਾਂ ਵਿਚ ਲਾਇਬ੍ਰੇਰੀ ਲਈ ਇਮਾਰਤਾਂ ਜਾਂ ਲਾਇਬ੍ਰੇਰੀ ਸਟਾਫ ਨਹੀਂ ਹੈ। ਦੂਜੇ ਪਾਸੇ, ਚੰਗੀ ਗੱਲ ਇਹ ਹੈ ਕਿ ਕੋਈ ਵੀ ਸਕੂਲ ਲਾਇਬ੍ਰੇਰੀ ਦੀਆਂ ਕਿਤਾਬਾਂ ਤੋਂ ਵਾਂਝਾ ਨਹੀਂ ਹੈ। ਹਰੇਕ ਵਰ੍ਹੇ ਵਿਭਾਗ ਵੱਲੋਂ ਭਰੇ ਜਾਂਦੇ ਯੂ-ਡਾਇਸ ਡਾਟੇ ਵਿਚ ਮੁਹੱਈਆ ਅਤੇ ਜਾਰੀ ਗਰਾਂਟਾਂ ਨਾਲ ਖ਼ਰੀਦੀਆਂ ਕਿਤਾਬਾਂ ਦੀ ਗਿਣਤੀ ਨੂੰ ਦਰਸਾਇਆ ਜਾਂਦਾ ਹੈ। ਲਾਇਬ੍ਰੇਰੀਅਨ ਦੀ ਅਣਹੋਂਦ ਵਾਲੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਕਿਤਾਬਾਂ ਜਾਰੀ ਕਰਨ ਵਾਸਤੇ ਅਧਿਆਪਕਾਂ ਨੂੰ ਲਾਇਬ੍ਰੇਰੀਆਂ ਦੀਆਂ ਡਿਊਟੀਆਂ ਸੌਂਪੀਆਂ ਗਈਆਂ ਹਨ।

ਅਧਿਆਪਨ ਦੇ ਨਾਲ-ਨਾਲ ਬੀ.ਐੱਲ.ਓ., ਮਰਦਮਸ਼ੁਮਾਰੀ, ਚੋਣ ਡਿਊਟੀਆਂ ਆਦਿ ਅਨੇਕਾਂ ਹੀ ਜ਼ਿੰਮੇਵਾਰੀਆਂ ਨਿਭਾਉਂਦੇ ਅਧਿਆਪਕਾਂ ਦੀ ਮਜਬੂਰੀ ਅਤੇ ਬੇਵਸੀ ਸਦਕਾ ਕਿਤਾਬਾਂ ਵਿਚ ਪਏ ਅਥਾਹ ਗਿਆਨ ਦਾ ਪ੍ਰਕਾਸ਼ ਵਿਦਿਆਰਥੀਆਂ ਤੱਕ ਨਾ ਪੁੱਜ ਕੇ ਬੰਦ ਅਲਮਾਰੀਆਂ ਵਿਚ ਹੀ ਦਮ ਤੋੜ ਜਾਂਦਾ ਹੈ। ਕੇਵਲ ਕਿਤਾਬਾਂ ਦਾ ਸ਼ੌਕ ਰੱਖਣ ਵਾਲੇ ਮੁਲਾਜ਼ਮ ਹੀ ਇਸ ਕਾਰਜ ਨੂੰ ਮਨ ਨਾਲ ਨਿਭਾ ਰਹੇ ਹਨ; ਬਾਕੀ ਤਾਂ ਖਾਨਾਪੂਰਤੀ ਅਤੇ ਕਾਗਜ਼ਾਂ ਦੇ ਢਿੱਡ ਭਰਨ ਤੱਕ ਹੀ ਸੀਮਤ ਰਹਿ ਜਾਂਦੇ ਹਨ। ਅਜਿਹੇ ਵਿਚ ਲਾਇਬ੍ਰੇਰੀਆਂ ਵਿਚ ਪਏ ਇਸ ਅਨਮੋਲ ਖ਼ਜ਼ਾਨੇ ਦਾ ਵਿਦਿਆਰਥੀ ਸਹੀ ਢੰਗ ਨਾਲ ਫਾਇਦਾ ਉਠਾਉਣ ਤੋਂ ਅਸਮਰੱਥ ਹਨ।

ਬਹੁਤੇ ਅਧਿਆਪਕ ਅਕਸਰ ਗੱਲ ਕਰਦੇ ਹਨ ਕਿ ਉਹ ਕਿਤਾਬਾਂ ਤਾਂ ਬੱਚਿਆਂ ਨੂੰ ਜਾਰੀ ਕਰ ਦਿੰਦੇ ਹਨ ਪਰ ਬੱਚੇ ਘਰ ਜਾ ਕੇ ਲਾਇਬ੍ਰੇਰੀ ਦੀਆਂ ਕਿਤਾਬਾਂ ਨਹੀਂ ਪੜ੍ਹਦੇ। ਇਸ ਦਾ ਹੱਲ ਸਕੂਲਾਂ ਨੇ ਹੀ ਕੱਢਣਾ ਹੈ। ਉਨ੍ਹਾਂ ਨੇ ਹੀ ਵਿਦਿਆਰਥੀਆਂ ਨੂੰ ਸਿਲੇਬਸ ਤੋਂ ਬਾਹਰੀ ਕਿਤਾਬਾਂ ਪੜ੍ਹਨ ਦੀ ਚੇਟਕ ਲਾਉਣੀ ਹੈ। ਬੱਚਿਆਂ ਵਿਚ ਸਿਲੇਬਸ ਤੋਂ ਬਾਹਰੀ ਕਿਤਾਬਾਂ ਪੜ੍ਹਨ ਦੀ ਅਣਹੋਂਦ ਦਾ ਮੁੱਖ ਕਾਰਨ ਲਾਇਬ੍ਰੇਰੀਆਂ ਲਈ ਅਧਿਆਪਕਾਂ ਦੀ ਅਣਹੋਂਦ ਅਤੇ ਅਧਿਆਪਕਾਂ ਦੇ ਨਾਲ ਨਾਲ ਮਾਪਿਆਂ ਅਤੇ ਸਮਾਜ ਦਾ ਅਵੇਸਲਾਪਣ ਹੈ।

ਵਿਦਿਆਰਥੀਆਂ ਵਿਚ ਕਿਤਾਬਾਂ ਪੜ੍ਹਨ ਦੀ ਰੁਚੀ ਨੂੰ ਪ੍ਰਫੁੱਲਿਤ ਕਰਨ ਅਤੇ ਲਾਇਬ੍ਰੇਰੀਆਂ ਨੂੰ ਲਾਹੇਵੰਦ ਬਣਾਉਣ ਲਈ ਸਕੂਲਾਂ ਵਿਚ ਕਈ ਉਪਰਾਲੇ ਸੰਭਵ ਹੋ ਸਕਦੇ ਹਨ ਬਸ਼ਰਤੇ ਉਨ੍ਹਾਂ ਨੂੰ ਸੰਜੀਦਗੀ ਨਾਲ ਲਾਗੂ ਕੀਤਾ ਜਾਵੇ। ਸਕੂਲ ਮੁਖੀਆਂ ਦੁਆਰਾ ਆਪਣੇ ਸਕੂਲਾਂ ਵਿਚੋਂ ਭਾਸ਼ਾ ਅਧਿਆਪਕਾਂ ਜਾਂ ਸਾਹਿਤਕ ਰੁਚੀਆਂ ਰੱਖਣ ਵਾਲੇ ਅਧਿਆਪਕਾਂ, ਲਾਇਬ੍ਰੇਰੀ ਸਟਾਫ (ਜੇ ਉਪਲਬਧ ਹੋਵੇ) ਦੇ ਨਾਲ ਨਾਲ ਵਿਦਿਆਰਥੀਆਂ ਦੇ ਕਲਾਸਵਾਈਜ਼ ਗਰੁੱਪ ਬਣਾਏ ਜਾਣ। ਸਮਾਜਿਕ ਭਾਈਚਾਰੇ ਵਿਚੋਂ ਸਾਹਿਤਕ ਰੁਚੀਆਂ ਵਾਲੇ ਵਿਅਕਤੀਆਂ ਦੀ ਮਦਦ ਨਾਲ ਵਿਦਿਆਰਥੀਆਂ ਤੇ ਅਧਿਆਪਕਾਂ ਦੀ 'ਲਾਇਬ੍ਰੇਰੀ ਕਮੇਟੀ' ਦਾ ਗਠਨ ਸਕੂਲ ਪੱਧਰ 'ਤੇ ਕੀਤਾ ਜਾਵੇ। ਕਮੇਟੀ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਨਾਲ ਜੋੜਨਾ ਹੀ ਨਹੀਂ ਬਲਕਿ ਉਨ੍ਹਾਂ ਵਾਸਤੇ ਸਾਹਿਤਕ ਮਾਹੌਲ ਦੀ ਸਿਰਜਣਾ ਕਰਨਾ ਹੋਵੇ। ਲਾਇਬ੍ਰੇਰੀ ਕਮੇਟੀ ਦੀ ਕਾਰਜਪ੍ਰਣਾਲੀ ਤਹਿਤ ਸਮੂਹ ਮੈਂਬਰਾਂ ਵੱਲੋਂ ਵਿਦਿਆਰਥੀ ਮੈਂਬਰਾਂ ਦੀ ਸਹਾਇਤਾ ਨਾਲ ਸਕੂਲ ਵਿਚ ਵੱਖ-ਵੱਖ ਪ੍ਰਕਾਰ ਦੀਆਂ ਸਾਹਿਤਕ ਕਿਰਿਆਵਾਂ ਕਰਵਾਉਣਾ ਮੁੱਖ ਜ਼ਿੰਮਾ ਹੋਵੇ। ਜਿੱਥੇ ਲਾਇਬ੍ਰੇਰੀ ਸਟਾਫ ਮੈਂਬਰ ਲਾਇਬ੍ਰੇਰੀ ਦੀ ਸਾਂਭ ਸੰਭਾਲ ਕਰੇਗਾ, ਉੱਥੇ ਅਧਿਆਪਕ ਮੈਂਬਰ ਵਿਦਿਆਰਥੀਆਂ ਵਿਚੋਂ ਇਸ ਗਿਆਨ ਮੰਦਰ ਦੇ ਅਜਿਹੇ ਭਗਤਾਂ ਦੀ ਖੋਜ ਕਰਨਗੇ ਜੋ ਇਸ ਦੇ ਸੰਚਾਲਨ ਵਿਚ ਉਨ੍ਹਾਂ ਦੀ ਸਹਾਇਤਾ ਕਰਨ ਦੇ ਪਾਬੰਦ ਹੋਣਗੇ।

ਕਮੇਟੀ ਮੈਂਬਰਾਂ ਵੱਲੋਂ ਆਪਣੇ ਅਣਥੱਕ ਯਤਨਾਂ ਅਤੇ ਪ੍ਰੇਰਨਾ ਰਾਹੀਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਨਾਲ ਜੋੜਨਾ, ਉਨ੍ਹਾਂ ਵਿਚ ਸਾਹਿਤਕ ਰੁਚੀਆਂ ਪੈਦਾ ਕਰਨਾ, ਸਾਹਿਤਕ ਰਚਨਾਵਾਂ ਲਿਖਣ ਦੇ ਸਮਰੱਥ ਬਣਾਉਣਾ, ਅਖ਼ਬਾਰਾਂ, ਰਸਾਲਿਆਂ, ਮੈਗਜ਼ੀਨਾਂ ਅਤੇ ਵੱਖ ਵੱਖ ਪ੍ਰਕਾਰ ਦੀਆਂ ਸਾਹਿਤਕ ਵੰਨਗੀਆਂ ਨੂੰ ਪੜ੍ਹਨ ਵਾਸਤੇ ਯਤਨ ਕਰਨੇ, ਸਾਹਿਤਕ ਮੁਕਾਬਲੇ ਕਰਾਉਣੇ, ਕਿਤਾਬਾਂ ਦੇ ਰਿਵੀਊ ਲਿਖਣ ਦੀ ਚੇਟਕ ਲਗਾਉਣਾ, ਬੁੱਕ ਬੈਂਕ ਦਾ ਵਿਸਤਾਰ ਕਰਨਾ ਆਦਿ ਅਨੇਕਾਂ ਹੀ ਟੀਚੇ ਇਸ ਕਮੇਟੀ ਵਾਸਤੇ ਮਿੱਥੇ ਜਾਣੇ ਚਾਹੀਦੇ ਹਨ।

ਲਾਇਬ੍ਰੇਰੀ ਕਮੇਟੀ ਵੱਲੋਂ ਸਕੂਲ ਵਿਚ ਮਿੱਥੇ ਟੀਚਿਆਂ ਨੂੰ ਪੂਰੇ ਕਰਨ ਵਾਸਤੇ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਕਰਵਾਈਆਂ ਜਾ ਸਕਦੀਆਂ ਹਨ। ਇੱਕ ਸੈਸ਼ਨ ਵਿਚ ਘੱਟੋ-ਘੱਟ ਦੋ ਕਿਰਿਆਵਾਂ ਵੀ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵੱਲ ਆਕਰਸ਼ਿਤ ਕਰ ਸਕਦੀਆਂ ਹਨ ਬਸ਼ਰਤੇ ਇਹ ਗਤੀਵਿਧੀਆਂ ਸਮਰਪਣ ਭਾਵਨਾ ਤੇ ਰੀਝ ਨਾਲ ਕਰਵਾਈਆਂ ਜਾਣ। ਕਵਿਤਾ, ਕਹਾਣੀ, ਲੇਖ ਅਤੇ ਗੀਤ ਆਦਿ ਲਿਖਣ ਦੇ ਮੁਕਾਬਲੇ, ਬਾਲ ਕਵੀਆਂ, ਸਾਹਿਤਕਾਰਾਂ ਨਾਲ ਵਿਦਿਆਰਥੀਆਂ ਦੀ ਮਿਲਣੀ ਦਾ ਪ੍ਰਬੰਧ, ਕਿਸੇ ਵੀ ਨਾਮਵਰ ਸਾਹਿਤਕ ਸ਼ਖ਼ਸੀਅਤ ਦੀ ਜੀਵਨੀ 'ਤੇ ਕੁਇਜ਼, ਲਿਖਤੀ ਪ੍ਰਸ਼ਨ-ਉੱਤਰ ਮੁਕਾਬਲੇ ਅਤੇ ਸਾਹਿਤਕਾਰਾਂ ਦੇ ਇੰਟਰਵਿਊ ਵਿਦਿਆਰਥੀਆਂ ਨੂੰ ਪ੍ਰੋਜੈਕਟਰ, ਟੀ.ਵੀ., ਰੇਡੀਓ ਰਾਹੀਂ ਸੁਣਾਏ ਜਾਣ।

ਲਾਇਬ੍ਰੇਰੀ ਗਤੀਵਿਧੀਆਂ ਵਿਚ ਚੰਗਾ ਹੁੰਗਾਰਾ ਦੇਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨਾ, ਵਿਦਿਆਰਥੀਆਂ ਦੀਆਂ ਲਿਖਤਾਂ ਨੂੰ ਸਕੂਲ ਵਿਚ ਪ੍ਰਦਰਸ਼ਿਤ ਕਰਨਾ, ਹੱਥ ਲਿਖਤ ਸਕੂਲ ਮੈਗਜ਼ੀਨ, ਰਸਾਲੇ, ਕੰਧ ਪੱਤ੍ਰਿਕਾਵਾਂ ਰਿਲੀਜ਼ ਕਰਨੀਆਂ, ਸਾਹਿਤਕ ਕਾਫ਼ਲਿਆਂ ਦਾ ਪਿੰਡ ਪੱਧਰ 'ਤੇ ਪ੍ਰਬੰਧ ਕਰਨ ਤੋਂ ਇਲਾਵਾ ਵੀ ਕਈ ਪ੍ਰਕਾਰ ਦੀਆਂ ਗਤੀਵਿਧੀਆਂ ਵਿਦਿਆਰਥੀਆਂ ਵਿਚ ਆਪਣੇ ਸਿਲੇਬਸ ਤੋਂ ਇਲਾਵਾ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨਗੀਆਂ। ਜੇਕਰ ਉਕਤ ਨੂੰ ਸਕੂਲਾਂ ਵਿਚ ਗੰਭੀਰਤਾ ਨਾਲ ਕਰਵਾਇਆ ਜਾਵੇ ਤਾਂ ਸਕੂਲ ਲਾਇਬ੍ਰੇਰੀਆਂ ਆਪਣਾ ਕਾਫ਼ੀ ਹੱਦ ਤੱਕ ਮਨੋਰਥ ਪੂਰਾ ਕਰ ਸਕਣ ਦੇ ਸਮਰੱਥ ਹੋਣਗੀਆਂ। ਇਸ ਨਾਲ ਵਿਦਿਆਰਥੀ ਗਿਆਨ ਦਾ ਖ਼ਜ਼ਾਨਾ ਹਾਸਲ ਕਰਕੇ ਆਪਣਾ ਭਵਿੱਖ ਰੋਸ਼ਨ ਕਰ ਸਕਣਗੇ।

# ਸੁਲਤਾਨਪੁਰ ਲੋਧੀ

***ਇਹ ਲਿਖਤ ਪੂਨਾ ਨਿਵਾਸੀ ਡਾ. ਰਣਜੀਤ ਸਿੰਘ ਨੇ ਹਿੰਦੀ ਵਿਚ ਭੇਜੀ, ਜੋ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੈ। ਸ. ਹਰਪਾਲ ਸਿੰਘ ਪੰਨੂ ਵਲੋਂ ਕੀਤਾ ਇਸਦਾ ਪੰਜਾਬੀ ਅਨੁਵਾਦ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਪੇਸ਼ ਹੈ।***


ਮੋਦੀਖਾਨਾ ਫਾਰਸੀ ਬੋਲੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਰਾਜ ਵਿਚ ਪੈਦਾ ਕੀਤੀਆਂ ਰਸਦਾਂ ਨੂੰ ਵਾਜਬ ਮੁੱਲ 'ਤੇ ਜ਼ਰੂਰਤ ਅਨੁਸਾਰ ਆਮ ਲੋਕਾਂ ਤਕ ਪੁਚਾਉਣਾ।

1332 ਈਸਵੀ ਵਿਚ ਪੰਜਾਬ ਦੇ ਸੂਬੇਦਾਰ ਮੁਹੰਮਦ ਖਾਨ ਦੇ ਬੇਟੇ ਸੁਲਤਾਨ ਖਾਨ ਨੇ ਆਪਣੇ ਨਾਮ ਉਪਰ ਸੁਲਤਾਨਪੁਰ ਵਸਾਇਆ। ਦਿੱਲੀ ਦੇ ਬਾਦਸ਼ਾਹ ਇਬਰਾਹਿਮ ਲੋਧੀ ਨੇ ਦੌਲਤ ਖਾਨ ਨੂੰ ਪੰਜਾਬ ਦਾ ਸੂਬੇਦਾਰ ਥਾਪਿਆ।

**ਮੂਲ: ਡਾ. ਰਣਜੀਤ ਸਿੰਘ**
**ਅਨੁਵਾਦ: ਹਰਪਾਲ ਸਿੰਘ ਪੰਨੂ**

ਅਕਬਰਨਾਮਾ ਅਨੁਸਾਰ ਦਿੱਲੀ ਤੋਂ ਲਾਹੌਰ ਜਾਣ ਦਾ ਸ਼ਾਹਰਾਹ ਸੁਲਤਾਨਪੁਰ ਕੋਲੋਂ ਦੀ ਲੰਘਿਆ ਕਰਦਾ ਸੀ। ਸੁਲਤਾਨਪੁਰ ਵਪਾਰ ਦਾ ਬਹੁਤ ਵੱਡਾ ਕੇਂਦਰ ਹੁੰਦਾ ਸੀ। ਇਸ ਸ਼ਹਿਰ ਵਿਚ 32 ਬਾਜ਼ਾਰ ਅਤੇ ਪੰਜ ਹਜ਼ਾਰ ਦੁਕਾਨਾਂ ਸਨ। ਪ੍ਰਮੁੱਖ ਸਰਾਫਾ ਬਾਜ਼ਾਰ, ਪਸਾਰਖਾਨਾ, ਅਦਿਲੰਬੀਆ, ਫਰੋਸ਼ਾ ਬਾਜ਼ਾਰ ਆਦਿਕ ਸਨ। ਫਰੋਸ਼ਾ ਬਾਜ਼ਾਰ ਦੇਸੀ ਦਵਾਈਆਂ ਦੇ ਵਪਾਰ ਦਾ ਭਾਰੀ ਕੇਂਦਰ ਸੀ। ਖੁਸ਼ਰੋਮੀ ਹਲਵਾਈਆਂ ਦਾ ਬਾਜ਼ਾਰ, ਇਬ੍ਰੇਸ਼ਨ, ਬਜਾਜਾਂ ਦਾ ਬਾਜ਼ਾਰ ਸੀ, ਜਿੱਥੇ ਕੱਪੜੇ ਦਾ ਵਪਾਰ ਹੁੰਦਾ ਸੀ। ਇਸ ਤਰ੍ਹਾਂ ਅਨੇਕ ਕਾਰੋਬਾਰਾਂ ਦੀਆਂ ਮੰਡੀਆਂ ਸਨ।

ਉਸ ਵਕਤ ਦੀਆਂ ਕੀਮਤਾਂ ਦਾ ਅੰਦਾਜ਼ਾ ਕੁਝ ਕੁ ਜਿਣਸਾਂ ਤੋਂ ਲੱਗ ਜਾਵੇਗਾ। ਕਣਕ ਅੱਠ ਆਨੇ ਦੀ ਮਣ (40 ਸੇਰ), ਚੌਲ ਦਸ ਆਨੇ ਮਣ, ਘਿਉ ਸਾਢੇ ਤਿੰਨ ਰੁਪਏ ਮਣ ਹੁੰਦਾ ਸੀ। ਵਧੀਆ ਕਿਸਮ ਦਾ ਸੂਤੀ ਕੱਪੜਾ ਤਿੰਨ ਰੁਪਏ ਦਾ 30 ਗਜ਼ ਮਿਲਦਾ ਸੀ। ਉਸ ਵੇਲੇ ਦੇ ਪੰਜਾਬ ਵਿਚ ਚੱਲਦੀ ਕਰੰਸੀ ਦਾ ਨਾਮ ਬਹਿਲੋਲੀ ਦੀਨਾਰ ਸੀ।



ਇਸ ਵਪਾਰਕ ਕੇਂਦਰ ਵਿਚ ਨਵਾਬ ਦੌਲਤ ਖਾਨ ਦਾ ਮੋਦੀਖਾਨਾ ਮੌਜੂਦ ਸੀ। ਇਸ ਮੋਦੀਖਾਨੇ ਵਿਚ ਖੇਤੀ ਉਤਪਾਦਾਂ ਦੀ ਖਰੀਦ-ਵੇਚ ਹੁੰਦੀ ਸੀ। ਟੈਕਸਾਂ ਦੀ ਉਗਰਾਹੀ ਅਤੇ ਮੁਲਾਜ਼ਮਾਂ ਨੂੰ ਤਨਖਾਹਾਂ ਜਿਣਸਾਂ ਦੇ ਰੂਪ ਵਿਚ ਲਈਆਂ ਦਿੱਤੀਆਂ ਜਾਂਦੀਆਂ ਸਨ। ਅੱਜ ਦੇ ਮੁਹਾਵਰੇ ਵਿਚ ਇਸਨੂੰ ਸਟੇਟ ਦਾ ਫੂਡ ਐਂਡ ਸਪਲਾਈ ਵਿਭਾਗ ਕਹਾਂਗੇ।

ਬੇਬੇ ਨਾਨਕੀ ਜੀ ਦੇ ਪਤੀ ਭਾਈਆ ਜੈ ਰਾਮ ਜੀ ਨਵਾਬ ਦੇ ਦੀਵਾਨ, ਯਾਨੀ ਕਿ ਮਾਲ ਅਫਸਰ ਵਜੋਂ ਤੈਨਾਤ ਸਨ। ਨਵਾਬ ਦੌਲਤ ਖਾਨ ਨੇ ਭਾਈ ਜੈ ਰਾਮ ਜੀ ਨੂੰ ਮੋਦੀਖਾਨੇ ਦਾ ਵਾਜਬ ਪ੍ਰਬੰਧਕ ਲੱਭਣ ਦੀ ਜ਼ਿੰਮੇਵਾਰੀ ਸੌਂਪੀ। ਇਸ ਫਰਜ਼ ਦੀ ਪੂਰਤੀ ਹਿਤ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੇ ਨਾਮ ਦੀ ਸਿਫਾਰਿਸ਼ ਕੀਤੀ। ਨਵਾਬ ਨੇ ਮਹਾਰਾਜ ਦੀ ਇੰਟਰਵਿਊ ਲਈ।

ਪੁੱਛਿਆ- ਕਿੰਨੀ ਤਾਲੀਮ ਹਾਸਲ ਕੀਤੀ ?

ਗੁਰੂ ਸਾਹਿਬ ਨੇ ਦੱਸਿਆ - ਜੀ ਤੋਰਕੀ ਜਾਣਦਾ ਹਾਂ, ਹਿੰਦਕੀ ਜਾਣਦਾ ਹਾਂ, ਵਹੀਖਾਤੇ ਦਾ ਪੂਰਾ ਗਿਆਨ ਹੈ। ਯਾਨੀ ਕਿ ਫਾਰਸੀ, ਹਿੰਦੀ ਅਤੇ ਲੇਖਾ-ਜੋਖਾ, ਅਕਾਊਂਟੈਂਸੀ। ਗੁਰੂ ਜੀ ਨੂੰ ਮੋਦੀ, ਮੁੱਖ ਪ੍ਰਬੰਧਕ ਥਾਪ ਦਿੱਤਾ। ਜਿੰਨੀ ਦੇਰ ਕਾਰਜਰਤ ਰਹੇ ਗੁਰੂ ਸਾਹਿਬ ਨੇ ਉਤਮ ਪ੍ਰਬੰਧ ਕੀਤਾ। ਫਾਲਤੂ ਖਰਚਿਆਂ ਉਪਰ ਰੋਕ ਲਗਾ ਦਿੱਤੀ। ਕੁਝ ਘਰਾਂ ਵਿਚ ਮੁਫਤ ਜਾਂਦਾ ਰਾਸ਼ਨ ਬੰਦ ਕਰ ਦਿੱਤਾ। ਫਾਲਤੂ ਸਿਪਾਹੀ ਦਿੱਲੀ ਭੇਜ ਦਿੱਤੇ। ਮੋਦੀਖਾਨਾ ਮੁਨਾਫੇ ਵਿਚ ਜਾਣ ਲੱਗਾ। ਭਾਈ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਸਾਹਿਬ ਤੋਂ ਪਹਿਲੇ ਅਧਿਕਾਰੀ ਦਸ ਫੀਸਦੀ ਹਿੱਸਾ ਕੱਟ ਕੇ ਰਾਸ਼ਨ ਦਿਆ ਕਰਦੇ ਸਨ ਜਿਸ ਨਾਲ ਜਨਤਾ ਨਾਰਾਜ਼ ਸੀ। ਮੋਦੀਖਾਨੇ ਦਾ ਲੇਖਾਕਾਰ ਮੁਨੀਮ ਭਵਾਨੀਦਾਸ ਸੀ। ਗੁਰੂ ਜੀ ਉਸ ਪਾਸ ਸਾਰਾ ਹਿਸਾਬ ਲਿਖਵਾਉਂਦੇ ਰਹਿੰਦੇ। ਗਰੀਬਾਂ ਲੋੜਵੰਦਾਂ ਨੂੰ ਜਿਹੜਾ ਰਾਸ਼ਨ ਮੁਫਤ ਦੇ ਦਿੰਦੇ ਉਹ ਉਨ੍ਹਾਂ ਦੀ ਆਪਣੀ ਨਿਸ਼ਚਿਤ ਤਨਖਾਹ ਵਿਚੋਂ ਹਿੱਸਾ ਹੋਇਆ ਕਰਦਾ। ਗੁਰੂ ਸਾਹਿਬ ਦਾ ਜਸ ਹੋਣਾ ਹੀ ਸੀ। ਭ੍ਰਿਸ਼ਟ ਅਫਸਰਾਂ ਦੀ ਕਮਾਈ ਬੰਦ ਹੋ ਗਈ ਤਦ ਉਹਨਾਂ ਦੀ ਨਾਰਾਜ਼ਗੀ ਹੋਣੀ ਕੁਦਰਤੀ ਸੀ। ਜਾਦੂਰਾਇ ਨੇ ਗੁਰੂ ਜੀ ਦੀ ਸ਼ਿਕਾਇਤ ਨਵਾਬ ਕੋਲ ਕੀਤੀ ਕਿ ਨਾਨਕ ਮੋਦੀਖਾਨਾ ਉਜਾੜ ਰਿਹਾ ਹੈ। ਨਵਾਬ ਨੇ ਲੇਖੇ ਦੀ ਪੜਤਾਲ ਦਾ ਹੁਕਮ ਦੇ ਦਿੱਤਾ ਤੇ ਤਿੰਨ ਦਿਨ ਗੁਰੂ ਜੀ ਨੂੰ ਨਜ਼ਰਬੰਦ ਕਰ ਦਿੱਤਾ। ਤਿੰਨ ਦਿਨ ਦੀ ਪੜਤਾਲ ਪਿੱਛੋਂ ਹਿਸਾਬ ਇਹ ਨਿਕਲਿਆ ਕਿ ਗੁਰੂ ਸਾਹਿਬ ਨੇ ਸਰਕਾਰ ਪਾਸੋਂ 321 ਬਹਿਲੋਲੀ ਦੀਨਾਰ ਲੈਣੇ ਹਨ।

ਗੁਰੂ ਜੀ ਨੂੰ ਰਿਹਾ ਕਰਕੇ ਨਵਾਬ ਨੇ ਬਕਾਇਆ ਪੈਸੇ ਲਿਜਾਣ ਲਈ ਕਿਹਾ ਤਾਂ ਗੁਰੂ ਜੀ ਨੇ ਕਿਹਾ - ਲੋੜਵੰਦਾਂ ਨੂੰ ਦੇ ਦਿਓ, ਪੁੰਨ ਦਾਨ ਦੀ ਖੁਸ਼ੀ ਦਾ ਤੁਹਾਨੂੰ ਵੀ ਪਤਾ ਲੱਗੇ। ਇਸ ਘਟਨਾ ਪਿੱਛੋਂ ਗੁਰੂ ਜੀ ਨੇ ਮੋਦੀਖਾਨੇ ਦੀ ਨੌਕਰੀ ਛੱਡ ਦਿੱਤੀ।

ਅੱਜ ਦੀਆਂ ਸਰਕਾਰਾਂ ਅਤੇ ਵਪਾਰੀ ਗੁਰੂ ਜੀ ਤੋਂ ਅਸੀਸ ਲੈ ਕੇ ਜੇ ਯੋਗ ਮੁੱਲ, ਯੋਗ ਵਜ਼ਨ ਅਤੇ ਯੋਗ ਗੁਣਵੱਤਾ ਦਾ ਅਸੂਲ ਅਪਣਾ ਲੈਣ ਤਦ ਮਨੁੱਖਤਾ ਦਾ ਕਲਿਆਣ ਹੋ ਸਕਦਾ ਹੈ।

ਗੁਰਪੁਰਬ ਮੁਬਾਰਕ ॥

# ਗੁਰੂ ਨਾਨਕ ਬਾਣੀ ਦਾ ਵਰਤਮਾਨ ਪ੍ਰਸੰਗ

ਸੰਨ 2019 ਵਿਚ ਪੈਂਦੀ ਗੁਰੂ ਨਾਨਕ ਆਗਮਨ ਦੇ 550ਵੇਂ ਵਰ੍ਹੇ ਮੌਕੇ 'ਤੇ ਉਨ੍ਹਾਂ ਦੀ ਬਾਣੀ ਦੀ ਵਰਤਮਾਨ ਸਮੇਂ 'ਚ ਸਾਰਥਿਕਤਾ, ਪ੍ਰਸੰਗਕਤਾ ਜਾਂ ਮਹੱਤਵ ਬਾਰੇ ਕਾਫੀ ਖੋਜ ਪੱਤਰ ਲਿਖੇ ਤੇ ਲਿਖਾਏ, ਪੜ੍ਹੇ ਤੇ ਪੜ੍ਹਾਏ, ਛਾਪੇ ਤੇ ਛਪਾਏ ਗਏ। ਖੋਜਿਆ ਉਸ ਨੂੰ ਜਾਂਦਾ ਹੈ ਜੋ ਲੁਕਿਆ, ਛਿਪਿਆ ਜਾਂ ਗੁਆਚਿਆ ਹੋਇਆ ਹੋਵੇ। ਜੇ ਗੁਰੂ ਨਾਨਕ ਜਾਂ ਗੁਰੂ ਨਾਨਕ



**ਜਸਵੰਤ ਸਿੰਘ ਜ਼ਫਰ**

ਬਾਣੀ ਦਾ ਮਹੱਤਵ ਸਾਡੀ ਸਮਝ, ਜਾਣਕਾਰੀ ਅਤੇ ਬੋਲ-ਬਾਣੀ ਦਾ ਹਿੱਸਾ ਨਹੀਂ ਹੈ ਜਾਂ ਇਹ ਸਾਡੇ ਵਿਹਾਰ ਅਤੇ ਵਤੀਰੇ ਵਿਚੋਂ ਸੁੱਤੇ ਸਿੱਧ ਨਹੀਂ ਝਲਕਦਾ ਤਾਂ ਇਸ ਨੂੰ ਸੱਚਮੁਚ ਗੁਆਚਿਆ ਹੋਇਆ ਹੀ ਕਹਿਣਾ ਬਣਦਾ ਹੈ। ਅਸਲ ਵਿਚ ਗੁਰੂ ਨਾਨਕ ਦੀ ਵਡਿਆਈ ਜਾਂ ਗੁਰੂ ਨਾਨਕ ਬਾਣੀ ਦਾ ਮਹੱਤਵ ਨਾਨਕ ਨਾਮ ਲੇਵਾ ਲੋਕਾਂ ਅਰਥਾਤ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਸਾਡੇ ਭਾਈਚਾਰੇ ਦੇ ਆਮ ਵਿਹਾਰ ਅਤੇ ਵਿਚਰਨ ਸ਼ੈਲੀ ਤੋਂ ਜਿਸ ਤਰ੍ਹਾਂ ਸਹਿਜ ਸੁਭਾਏ ਜਗਤ ਸਨਮੁਖ ਪ੍ਰਸਤੁਤ ਹੋਣਾ ਚਾਹੀਦੀ ਹੈ, ਸ਼ਾਇਦ ਉਸ ਤਰ੍ਹਾਂ ਨਹੀਂ ਹੋ ਰਿਹਾ। ਸਾਡੇ ਲਈ ਇਹ ਜਾਨਣਾ ਜ਼ਰੂਰੀ ਹੋ ਜਾਂਦਾ ਹੈ ਕਿ ਗੁਰੂ ਨਾਨਕ ਬਾਣੀ ਦੀ ਮਹਾਨਤਾ 'ਤੇ ਪਰਦਾ ਕਿਸ ਚੀਜ਼ ਦਾ ਪਿਆ ਹੋਇਆ ਹੈ? ਉਹ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਨੇ ਗੁਰੂ ਨਾਨਕ ਜੋਤ ਦੀ ਰੌਸ਼ਨੀ ਦਾ ਪਸਾਰਾ ਰੋਕਿਆ ਹੋਇਆ ਹੈ ਜਿਨ੍ਹਾਂ ਕਾਰਨ ਗੁਰੂ ਨਾਨਕ ਹੋਣ ਦੇ ਮਹੱਤਵ ਨੂੰ ਲੱਭਣਾ ਅਤੇ ਖੋਜਣਾ ਮਿਹਨਤ ਜਾਂ ਉਚੇਚ ਭਰਿਆ ਕਾਰਜ ਬਣ ਗਿਆ ਹੈ।

ਗੁਰੂ ਨਾਨਕ ਵਿਚਾਰਧਾਰਾ ਦੇ ਪ੍ਰਸਾਰ ਸਾਹਮਣੇ ਸਭ ਤੋਂ ਵੱਡਾ ਅੜਿਕਾ ਜਾਂ ਸਾਡੇ ਵਿਹਾਰ ਵਿਚੋਂ ਇਸ ਦੀ ਗੈਰ-ਹਾਜ਼ਰੀ ਦਾ ਸਭ ਤੋਂ ਵੱਡਾ ਕਾਰਨ ਗੁਰੂ ਨਾਨਕ ਦਾ ਬਿਰਧ ਪੈਗ਼ੰਬਰੀ ਬਿੰਬ ਹੈ। ਗੁਰੂ ਨਾਨਕ ਸਰੀਰਕ ਤੌਰ 'ਤੇ 1538-1469 = 69 ਸਾਲ ਸੰਸਾਰ ਵਿਚ ਰਹੇ ਪਰ ਉਨ੍ਹਾਂ ਦੇ ਸਾਰੇ ਪ੍ਰਚਲਤ ਪੋਰਟਰੇਟ 80 ਸਾਲ ਤੋਂ ਵੱਧ ਉਮਰ ਦੇ ਬਿਰਧ ਬਾਬੇ ਵਾਲੇ ਹਨ। ਇਹ ਇਕੱਲੀ ਪੋਰਟਰੇਟ ਚਿਤਰਾਂ ਦੀ ਗੱਲ ਨਹੀਂ, ਉਨ੍ਹਾਂ ਦੀਆਂ ਜੀਵਨ ਘਟਨਾਵਾਂ ਜਾਂ ਸਾਖੀਆਂ ਨਾਲ ਸੰਬੰਧਿਤ ਚਿਤਰਾਂ ਵਿਚ ਵੀ ਉਨ੍ਹਾਂ ਨੂੰ ਬਜ਼ੁਰਗ ਰੂਪ ਵਿਚ ਦਰਸਾਇਆ ਹੁੰਦਾ ਹੈ। ਸੁਲਤਾਨਪੁਰ ਵਿਖੇ ਆਪ ਅਠਾਰਾਂ ਸਾਲ ਦੀ ਉਮਰ ਵਿਚ ਗਏ। ਇਸ ਲਈ ਮੋਦੀਖਾਨੇ ਵਿਚ ਨੌਕਰੀ ਕਰਨ ਜਾਂ ਬੇਈਂ ਨਦੀ ਨਾਲ ਸੰਬੰਧਿਤ ਘਟਨਾਵਾਂ ਦਾ ਸੰਬੰਧ ਉਨ੍ਹਾਂ ਦੀ ਚੜ੍ਹਦੀ ਜਵਾਨੀ ਵਾਲੀ ਉਮਰ ਨਾਲ ਹੈ।

ਪਹਿਲੀ ਉਦਾਸੀ ਅਠਾਈ ਸਾਲ ਦੀ ਉਮਰ ਵਿਚ ਆਰੰਭ ਹੋਈ ਜਿਸ ਦੌਰਾਨ ਆਪ ਹਰਿਦੁਆਰ, ਕੁਰਕਸ਼ੇਤਰ, ਕਾਸ਼ੀ, ਗਯਾ, ਢਾਕਾ, ਪੁਰੀ ਆਦਿ ਸਥਾਨਾਂ 'ਤੇ ਗਏ। ਇਸ ਲਈ ਚੜ੍ਹਦੇ ਵੱਲ ਸੂਰਜ ਦੀ ਥਾਂ ਲਹਿੰਦੇ ਵੱਲ ਪਾਣੀ ਦੇਣ, ਪਾਂਡਿਆਂ ਨਾਲ ਗਿਆਨ ਚਰਚਾ ਜਾਂ ਜਗਨਨਾਥ ਦੀ ਆਰਤੀ ਨਾਲ ਸੰਬੰਧਿਤ ਘਟਨਾਵਾਂ ਵੇਲੇ ਗੁਰੂ ਨਾਨਕ ਭਰ ਜੁਆਨੀ ਵਿਚ ਸਨ ਪਰ ਉਪਰੋਕਤ ਸਾਖੀਆਂ ਨਾਲ ਸੰਬੰਧਿਤ ਸਾਰੇ ਪ੍ਰਚਲਤ ਚਿਤਰਾਂ ਵਿਚ ਗੁਰੂ ਨਾਨਕ ਨੂੰ ਬਜ਼ੁਰਗ ਬਾਬਾ ਹੀ ਦਿਖਾਇਆ ਹੁੰਦਾ ਹੈ। ਚੌਥੀ ਅਤੇ ਆਖਰੀ ਉਦਾਸੀ 51 ਸਾਲ ਦੀ ਉਮਰ ਵਿਚ ਸਮਾਪਤ ਹੋਈ ਅਤੇ ਭਾਈ ਮਰਦਾਨਾ ਜੀ ਦਾ ਚਲਾਣਾ ਵੀ ਚੌਥੀ ਉਦਾਸੀ ਤੋਂ ਵਾਪਸੀ ਵੇਲੇ ਦਾ ਦੱਸਿਆ ਜਾਂਦਾ ਹੈ। ਇਸ ਲਈ ਜਦ ਤੱਕ ਭਾਈ ਮਰਦਾਨੇ ਦਾ ਗੁਰੂ ਨਾਨਕ ਨਾਲ ਸਾਥ ਰਿਹਾ, ਗੁਰੂ ਨਾਨਕ ਦੀ ਉਮਰ 50 ਸਾਲ ਤੋਂ ਘੱਟ ਹੀ ਸੀ ਪਰ ਇਹਨਾਂ ਦੋਨਾਂ ਦੇ ਸਾਂਝੇ ਸਾਰੇ ਪ੍ਰਚੱਲਤ ਚਿਤਰਾਂ ਵਿਚ ਗੁਰੂ ਨਾਨਕ ਬਿਰਧ ਉਮਰ ਦੇ ਹੀ ਦਿਖਾਏ ਹੁੰਦੇ ਹਨ।

ਬਾਬਰ ਦਾ ਹਿੰਦੁਸਤਾਨ 'ਤੇ ਹਮਲਾ 1526 ਵਿਚ ਹੋਇਆ ਅਤੇ ਬਾਬਰ ਬਾਣੀ ਰਚਣ ਵਾਲੇ ਗੁਰੂ ਨਾਨਕ ਦੀ ਉਮਰ ਉਸ ਵੇਲੇ 56-57 ਸਾਲ ਸੀ ਜੋ ਉਸ ਵੇਲੇ ਏਮਨਾਬਾਦ ਗਏ ਹੋਏ ਸਨ ਜਿਥੇ ਉਨ੍ਹਾਂ ਦਾ ਭਾਈ ਲਾਲੋ ਅਤੇ ਮਲਿਕ ਭਾਗੋ ਨਾਲ ਮੇਲ ਹੋਇਆ ਪਰ ਬਾਬਰ ਦੀ ਜੇਲ੍ਹ, ਚੱਕੀ ਪੀਹਣ ਅਤੇ ਭਾਈ ਲਾਲੋ, ਮਲਿਕ ਭਾਗੋ ਤੇ ਬਾਬਰ ਨਾਲ ਮਿਲਾਪ ਸੰਬੰਧੀ ਬਹੁਤੇ ਚਿਤਰਾਂ ਵਿਚ ਗੁਰੂ ਨਾਨਕ ਨੂੰ 70-80 ਸਾਲ ਦਾ ਬਜ਼ੁਰਗ ਦਿਖਾਇਆ ਹੁੰਦਾ ਹੈ। ਇਸ ਤਰ੍ਹਾਂ ਸਾਡੇ ਕਮਸ਼ੀਅਲ ਚਿਤਰਕਾਰਾਂ ਨੇ ਆਪਣੀ ਹੂੜਮੱਤ ਜਾਂ ਬਾਜ਼ਾਰੀ ਲੋੜਾਂ ਕਾਰਨ ਊਰਜਾ ਭਰਪੂਰ, ਸਰਗਰਮ ਅਤੇ ਸਿਰੜੀ ਨੌਜਵਾਨ ਦੀ ਬਜਾਇ ਗੁਰੂ ਨਾਨਕ ਦਾ ਪਿਲਪਿਲੇ, ਭਾਰੀ ਭਰਕਮ ਅਤੇ ਆਰਾਮ ਪ੍ਰਸਤ ਬਿਰਧ ਉਪਦੇਸ਼ਕ ਵਾਲਾ ਬਿੰਬ ਸਥਾਪਤ ਕੀਤਾ। ਇਸ ਗੱਲ ਨੂੰ ਮੇਰੀ ਪਹਿਲੀ ਵਾਰਤਕ ਪੁਸਤਕ 'ਸਿਖੁ ਸੁ ਖੋਜਿ ਲਹੈ' ਵਿਚ 'ਗੁਰੂ ਨਾਨਕ ਬੁੱਢੇ ਨਹੀਂ ਸਨ' ਸਿਰਲੇਖ ਹੇਠ ਵਿਸਥਾਰ ਨਾਲ ਵਿਚਾਰਿਆ ਗਿਆ ਸੀ।

ਸਾਡੇ ਘਰਾਂ ਵਿਚ ਬਿਰਧਾਂ, ਬੁੱਢਿਆਂ ਜਾਂ ਬਜ਼ੁਰਗਾਂ ਨੂੰ ਸਤਿਕਾਰ ਸਹਿਤ ਮੱਥੇ ਟੇਕੇ ਜਾਂਦੇ ਹਨ, ਅਸੀਸਾਂ ਲਈਆਂ ਜਾਂਦੀਆਂ ਹਨ, ਉਨ੍ਹਾਂ ਦੇ ਭੋਗਾਂ 'ਤੇ ਵੱਡੇ ਵੱਡੇ 'ਕੱਠ ਕਰਕੇ ਉਨ੍ਹਾਂ ਦਾ ਗੁਣਗਾਨ ਜਾਂ ਮਹਿਮਾ ਕੀਤੀ ਜਾਂਦੀ ਹੈ, ਆਪਣੇ ਪੁਰਖੇ ਹੋਣ ਦਾ ਮਾਣ ਕੀਤਾ ਜਾਂਦਾ ਹੈ, ਹਾਰ ਪਾ ਕੇ ਤਸਵੀਰਾਂ ਸਜਾਈਆਂ ਜਾਂਦੀਆਂ ਹਨ ਪਰ ਕਾਰ ਵਿਹਾਰ ਜਾਂ ਪਰਿਵਾਰ ਦੇ ਫੈਸਲਿਆਂ ਵਿਚ ਉਨ੍ਹਾਂ ਦੇ ਵਿਚਾਰਾਂ ਦਾ ਕੋਈ ਦਖਲ ਨਹੀਂ ਹੁੰਦਾ, ਉਨ੍ਹਾਂ ਦੇ ਅਸੂਲਾਂ ਦੀ ਕੋਈ ਵੁੱਕਤ ਨਹੀਂ ਹੁੰਦੀ, ਉਨ੍ਹਾਂ ਦੀ ਰਾਇ ਲਈ ਕੋਈ ਥਾਂ ਨਹੀਂ ਹੁੰਦੀ। ਉਨ੍ਹਾਂ ਦੀ ਸੋਚ ਅਤੇ ਅਨੁਭਵਾਂ ਨੂੰ ਸਮੇਂ ਦੇ ਹਾਣ ਦੇ ਜਾਂ ਸਮੇਂ ਮੁਤਾਬਕ ਢੁੱਕਵੇਂ ਨਹੀਂ ਸਮਝਿਆ ਜਾਂਦਾ। ਬਹੁਤ ਸਾਰੀਆਂ ਗੱਲਾਂ ਵਿਚ ਤਾਂ ਉਨ੍ਹਾਂ ਤੋਂ ਓਹਲਾ-ਪਰਦਾ ਵੀ ਰੱਖਿਆ ਜਾਂਦਾ ਹੈ, ਭਾਵ ਉਨ੍ਹਾਂ ਦੇ ਸੁਭਾਅ ਅਤੇ ਵਿਚਾਰਾਂ ਤੋਂ ਉਲਟ ਗੱਲਾਂ ਕੀਤੀਆਂ ਜਾਂਦੀਆਂ ਹਨ। ਗੁਰੂ ਨਾਨਕ ਨੂੰ ਵੀ ਬਿਰਧ ਬਾਬੇ ਵਾਂਗ ਸਥਾਪਤ ਕਰਕੇ ਉਨ੍ਹਾਂ ਦੀ ਸ਼ਖ਼ਸੀਅਤ, ਬਾਣੀ, ਉਪਦੇਸ਼ ਅਤੇ ਵਿਚਾਰਧਾਰਾ ਪ੍ਰਤੀ ਅਸੀਂ ਬਿਲਕੁਲ ਇਹੋ ਰਵੱਈਆ ਅਖ਼ਤਿਆਰ ਕੀਤਾ ਹੈ। ਸੁਆਰਥ ਭਰਪੂਰ ਅਤੇ ਵਿਅਕਤੀ ਕੇਂਦਰਤ ਭ੍ਰਿਸ਼ਟ ਵੋਟਤੰਤਰੀ ਸਿਆਸਤ ਅਤੇ ਸਿੱਖੀ ਦੇ ਪਾਠੀ-ਪੁਜਾਰੀ ਪ੍ਰਬੰਧ ਨੂੰ ਵੀ ਇਹੋ ਸੂਤ ਬੈਠਦਾ ਹੈ।

ਸਮੁੱਚੇ ਵਿਸ਼ਵ ਭਾਈਚਾਰੇ ਲਈ ਵੀ ਗੁਰੂ ਨਾਨਕ ਓਹਲੇ ਵਿਚ ਹਨ। ਗੁਰੂ ਨਾਨਕ ਰੌਸ਼ਨੀ ਦੇ ਵਿਸ਼ਵ ਦੇ ਹੋਰ ਭਾਈਚਾਰਿਆਂ ਤੱਕ ਪਹੁੰਚ ਦੇ ਰਸਤੇ ਵਿਚ ਬਣਿਆ ਮੁੱਖ ਅੜਿਕਾ ਸਾਡੀ ਗੁਰੂ ਨਾਨਕ ਪ੍ਰਤੀ ਹਉਮੈ ਭਰੀ ਮੇਰ ਹੈ। ਜਦੋਂ ਕੋਈ ਬੱਚਾ ਆਪਣੇ ਖਿਡਾਉਣੇ ਨੂੰ ਬਹੁਤਾ ਮੇਰਾ-ਮੇਰਾ ਕਰੇ ਤਾਂ ਹੋਰ ਬੱਚੇ ਉਸ ਨਾਲ ਖੇਡਣਾ ਪਸੰਦ ਨਹੀਂ ਕਰਦੇ। ਉਹ ਇਹ ਕਹਿ ਕੇ ਉਸ ਨਾਲੋਂ ਆਪਣਾ ਫਾਸਲਾ ਬਣਾ ਲੈਂਦੇ ਹਨ ਕਿ ਚੱਲ, ਤੂੰ ਆਪਣਾ ਆਪਣੇ ਕੋਲ ਹੀ ਰੱਖ। ਗੁਰੂ ਨਾਨਕ ਤੋਂ ਥੋੜ੍ਹਾ ਜਿਹਾ ਸਮਾਂ ਮਗਰੋਂ ਪੈਦਾ ਹੋਏ ਜਾਂ ਉਨ੍ਹਾਂ ਦੇ ਸਮਕਾਲੀ ਸ਼ੇਕਸਪੀਅਰ ਦਾ ਸਾਹਿਤ ਦੁਨੀਆ ਦੀ ਹਰ ਯੂਨੀਵਰਸਿਟੀ ਅਤੇ ਕਾਲਜ ਵਿਚ ਪੜ੍ਹਿਆ, ਪੜ੍ਹਾਇਆ ਅਤੇ ਵਿਚਾਰਿਆ ਜਾਂਦਾ ਹੈ ਪਰ ਸਾਡੀ ਮੇਰ ਅਤੇ ਗੁਰੂ ਨਾਨਕ 'ਤੇ ਸਾਡੇ ਨਾਜਾਇਜ਼ ਕਬਜ਼ੇ ਨੇ ਗੁਰੂ ਨਾਨਕ ਚਿੰਤਨ ਨੂੰ ਮੇਰੀ ਜਾਣਕਾਰੀ ਮੁਤਾਬਕ ਦਿੱਲੀ ਤੋਂ ਅੱਗੇ ਟੱਪਣ ਨਹੀਂ ਦਿੱਤਾ।

ਗੁਰੂ ਨਾਨਕ ਦੀ ਸ਼ਖ਼ਸੀਅਤ ਅਤੇ ਸਰਗਰਮੀ ਦੇ ਦੋ ਮੁੱਖ ਪਹਿਲੂ ਹਨ: 1) ਯਾਤਰਾ ਅਤੇ 2) ਸੰਵਾਦ। ਗੁਰਮਤਿ ਦਰਸ਼ਨ ਕੋਈ ਇਕਹਿਰਾ, ਵਕਤੀ ਜਾਂ ਪੈਗ਼ੰਬਰੀ ਇਲਹਾਮ ਜਾਂ ਉਪਦੇਸ਼ ਨਹੀਂ। ਇਹ ਅਜਿਹਾ ਪ੍ਰਵਚਨ ਹੈ ਜਿਸ ਦੀਆਂ ਜੜ੍ਹਾਂ ਸਮੇਂ ਅਤੇ ਸਥਾਨ ਦੇ ਲਿਹਾਜ਼ ਨਾਲ ਬਹੁਤ ਦੂਰ-ਦੂਰ ਤੱਕ ਅਤੇ ਬਹੁਤ ਡੂੰਘੀਆਂ ਫੈਲੀਆਂ ਹੋਈਆਂ ਹਨ। ਜੇ ਗੁਰੂ ਨਾਨਕ ਦੇ ਜੀਵਨ ਕਾਲ ਨੂੰ ਸਮੇਂ ਦਾ ਅਤੇ ਪੰਜਾਬ ਦੀ ਧਰਤੀ ਨੂੰ ਸਥਾਨ ਦਾ ਰੈਫਰੈਂਸ ਬਿੰਦੂ ਮੰਨ ਲਈਏ ਤਾਂ ਅਸੀਂ ਦੇਖ ਸਕਦੇ ਹਾਂ ਕਿ ਗੁਰੂ ਗਰੰਥ ਸਾਹਿਬ ਦੇ ਪਹਿਲੇ ਬਾਣੀਕਾਰਾਂ ਵਿਚੋਂ ਬਾਬਾ ਫਰੀਦ, ਭਗਤ ਜੈਦੇਵ ਅਤੇ ਭਗਤ ਸਦਨਾ ਜੀ ਗੁਰੂ ਨਾਨਕ ਤੋਂ ਤਕਰੀਬਨ ਤਿੰਨ ਸਦੀਆਂ ਪਹਿਲਾਂ ਪੈਦਾ ਹੋਏ ਅਤੇ ਆਖਰੀ ਬਾਣੀਕਾਰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਗੁਰੂ ਨਾਨਕ ਆਗਮਨ ਤੋਂ ਦੋ ਸਦੀਆਂ ਬਾਅਦ ਹੋਈ। ਭਗਤ ਜੈਦੇਵ ਜੀ ਭਾਰਤ ਦੇ ਧੁਰ ਪੂਰਬ ਦੇ ਇਲਾਕੇ ਬੰਗਾਲ ਵਿਚ ਗਾਉਂਦੇ ਸਨ। ਭਗਤ ਪੀਪਾ ਜੀ ਗੁਜਰਾਤ ਦੇ ਦਵਾਰਕਾ ਇਲਾਕੇ ਦਾ ਭ੍ਰਮਣ ਕਰਦੇ ਸਨ। ਸਦਨਾ ਜੀ ਸਿੰਧ ਦੇ ਵਾਸੀ ਸਨ। ਨਾਮਦੇਵ ਜੀ, ਤ੍ਰਿਲੋਚਨ ਜੀ ਅਤੇ ਪਰਮਾਨੰਦ ਜੀ ਮਹਾਰਾਸ਼ਟਰ ਨਾਲ ਸੰਬੰਧਿਤ ਸਨ। ਬਾਬਾ ਫ਼ਰੀਦ ਜੀ ਨੇ ਤੁਰਕੀ ਭਾਵ ਮੱਧ ਏਸ਼ੀਆ ਤੱਕ ਘੁੰਮਦਿਆਂ ਬਾਣੀ ਰਚੀ। ਇਸ ਤਰ੍ਹਾਂ ਗੁਰਮਤਿ ਦਰਸ਼ਨ ਦੀ ਉਤਪਤੀ ਦਾ ਸਥਾਨ ਜਿਥੇ ਏਸ਼ੀਆ ਦੇ ਵੱਡੇ ਖੇਤਰਫਲ ਵਿਚ ਫੈਲਿਆ ਹੋਇਆ ਹੈ ਉਥੇ ਇਸ ਦੇ ਉਦੈ ਅਤੇ ਸੰਯੁਕਤ ਹੋਣ ਦਾ ਸਮਾਂ ਲਗਪਗ ਪੰਜ ਸਦੀਆਂ ਬਣਦਾ ਹੈ। ਸਮੇਂ ਅਤੇ ਸਥਾਨ ਦੀ ਏਨੀ ਵਿਭਿੰਨਤਾ ਦੇ ਨਾਲ-ਨਾਲ ਗੁਰਮਤਿ ਵਿਚਾਰਧਾਰਾ ਦੀ ਉਤਪਤੀ ਕਿਸੇ ਇਕ ਵਰਗ, ਜਾਤ ਜਾਂ ਜਮਾਤ ਵਿਚ ਨਹੀਂ ਹੋਈ। ਇਹ ਬਾਣੀਕਾਰ ਵੱਖ-ਵੱਖ ਕਿੱਤਿਆਂ, ਜਾਤਾਂ ਅਤੇ ਵੰਨ-ਸੁਵੰਨੇ ਸਮਾਜਿਕ ਪਿਛੋਕੜ ਵਾਲੇ ਸਨ। ਕੋਈ ਰਾਜ ਘਰਾਣੇ ਨਾਲ ਸੰਬੰਧਿਤ ਸੀ, ਕੋਈ ਬ੍ਰਾਹਮਣ, ਕੋਈ ਖੱਤਰੀ, ਕੋਈ ਜੱਟ, ਕੋਈ ਜੁਲਾਹਾ, ਕੋਈ ਛੀਂਬਾ, ਕੋਈ ਚਮਾਰ, ਕੋਈ ਨਾਈ ਆਦਿ ਸੀ।

ਵਰਤਮਾਨ ਸਿੱਖ ਸੰਸਥਾਵਾਂ ਅਤੇ ਸਿੱਖ ਸੰਗਠਨ ਗੁਰੂ ਨਾਨਕ ਵਲੋਂ ਲਿਸ਼ਕਾਏ ਗਏ ਗੁਰਮਤਿ ਦੇ ਸ਼ੀਸ਼ੇ ਵਿਚ ਆਪਣਾ ਚਿਹਰਾ ਨਿਹਾਰ ਸਕਦੇ ਹਨ ਜਿਸ ਨੂੰ ਕਿਸੇ ਇਕ ਜਾਤ, ਇਕ ਵਰਗ, ਇਕ ਸੱਭਿਆਚਾਰ, ਇਕ ਬੋਲੀ, ਇਕ ਖਿੱਤੇ ਆਦਿ ਦੀ ਚੌਧਰ ਜਾਂ ਦਬਦਬਾ ਪ੍ਰਵਾਨ ਨਹੀਂ। ਗੁਰੂ ਨਾਨਕ ਦੀ ਮਿਹਨਤ ਨਾਲ ਵੱਖ-ਵੱਖ ਕਿੱਤਿਆਂ ਅਤੇ ਖਿੱਤਿਆਂ, ਜਾਤਾਂ ਅਤੇ ਜਮਾਤਾਂ, ਵਿਭਿੰਨ ਸਮਾਜਾਂ ਅਤੇ ਰਿਵਾਜਾਂ ਨਾਲ ਸੰਬੰਧਿਤ ਵਿਭਿੰਨ ਵਕਤਾਂ ਅਤੇ ਵਕਤਿਆਂ ਦੇ ਅਨੁਭਵ ਅਤੇ ਸੁਪਨਿਆਂ ਦੇ ਅਧਾਰਤ ਵਿਚਾਰਾਂ ਦੀ ਰਗੜ ਅਤੇ ਸੰਯੁਕਤੀ ਨਾਲ ਗੁਰਮਤਿ ਦਰਸ਼ਨ ਜਾਂ ਗੁਰਮਤਿ ਵਿਚਾਰਧਾਰਾ ਸਾਹਮਣੇ ਆਈ।

ਵਿਚਾਰਾਂ ਦੀ ਰਗੜ ਅਤੇ ਸੰਯੁਕਤੀ ਲਈ ਸਾਂਝਾ ਸ਼ਬਦ ਹੈ 'ਸੰਵਾਦ'। ਸੰਵਾਦ ਦੇ ਮਹੱਤਵ ਨੂੰ ਉਘਾੜਦੇ ਹੋਏ ਗੁਰੂ ਨਾਨਕ ਸਥਾਪਤ ਕਰਦੇ ਹਨ ਕਿ ਇਕਪਾਸੜ ਨਿਰਣੇ, ਫੈਸਲੇ ਜਾਂ ਫਤਵੇ ਦੀ ਬਜਾਇ ਸੰਵਾਦ ਦੀ ਪ੍ਰਕਿਰਿਆ ਰਾਹੀਂ ਹੀ ਹੰਢਣਸਾਰ ਅਤੇ ਸਰਬ ਕਲਿਆਣਮੁਖੀ ਸੱਚ ਨੂੰ ਪਛਾਣਿਆ ਜਾ ਸਕਦਾ ਹੈ। ਪਹਿਲੀ ਉਦਾਸੀ ਦੌਰਾਨ ਕਾਸ਼ੀ ਤੋਂ ਲਿਆਂਦੀ ਗਈ ਕਬੀਰ ਬਾਣੀ ਦੇ ਉਹ ਦੋ ਸਲੋਕ ਵੀ ਸ਼ਾਮਲ ਹਨ ਜਿਹਨਾਂ ਰਾਹੀਂ ਕਬੀਰ ਜੀ ਆਪਣੇ ਤੋਂ ਸਦੀ-ਸਵਾ ਸਦੀ ਪਹਿਲਾਂ ਮਹਾਰਾਸ਼ਟਰ ਵਿਚ ਪੈਦਾ ਹੋਏ ਭਗਤ ਨਾਮਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਦਾ ਸੰਵਾਦ ਦਰਸਾਉਂਦੇ ਹਨ। ਪਹਿਲੇ ਸਲੋਕ ਵਿਚ ਭਗਤ ਤ੍ਰਿਲੋਚਨ ਜੀ ਆਪਣੇ ਮਿੱਤਰ ਨਾਮਦੇਵ ਨੂੰ ਸੰਬੋਧਤ ਹੋ ਆਖਦੇ ਹਨ:

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ (ਕਬੀਰ ਜੀ , 1375)

ਕਬੀਰ ਜੀ ਦੁਆਰਾ ਰਚੇ ਅਗਲੇ ਸਲੋਕ ਵਿਚ ਨਾਮਦੇਵ ਜੀ ਵਲੋਂ ਇਸ ਦਾ ਉਤਰ ਦਿੱਤਾ ਗਿਆ ਹੈ:

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ (ਕਬੀਰ ਜੀ, 1375)

ਇੰਜ ਪੰਜਾਬ, ਉਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਚਾਰ ਸੁਖ਼ਨਵਰਾਂ ਦੀ ਸੰਵਾਦੀ ਭਾਗੀਦਾਰੀ ਨਾਲ ਗੁਰਮਤਿ ਦਾ ਪਹਿਲਾ ਬੁਨਿਆਦੀ ਉਪਦੇਸ਼ 'ਕਿਰਤ ਕਰੋ' ਅਤੇ ਦੂਸਰਾ 'ਨਾਮ ਜਪੋ' ਸਥਾਪਤ ਹੋਣ ਲੱਗਦਾ ਹੈ। ਇਸ ਉਪਦੇਸ਼ ਰਾਹੀਂ ਅਜਿਹੇ ਸਮਾਜ ਦਾ ਮਾਡਲ ਪ੍ਰਸਤੁਤ ਹੋ ਰਿਹਾ ਹੈ ਜਿਸ ਵਿਚ ਸਭ ਨੇ ਆਪਣੇ ਵਰਤਣ-ਖਰਚਣ ਜੋਗੀ ਹੱਥੀਂ ਕਮਾਈ ਕਰਨੀ ਹੈ। ਹਰੇਕ ਨੇ ਆਪਣੀ ਜ਼ਿੰਦਗੀ ਦੀਆਂ ਜ਼ਰੂਰਤਾਂ ਨੂੰ ਆਪਣੀ ਕਿਰਤ ਨਾਲ ਪੂਰਾ ਕਰਨਾ ਹੈ ਨਾ ਕਿ ਹੋਰਾਂ ਦੀ ਲੁੱਟ-ਖਸੁੱਟ ਜਾਂ ਸ਼ੋਸ਼ਣ ਨਾਲ। ਜ਼ਿੰਦਗੀ ਨੂੰ ਸੋਹਣਾ, ਸੁਹਾਵਣਾ ਅਤੇ ਰੰਗੀਨ ਬਣਾਉਣ ਲਈ ਸਭ ਨੇ ਬਣਦੀ ਜ਼ਿੰਮੇਵਾਰੀ ਨਿਭਾਉਣੀ ਹੈ ਪਰ ਆਪੋ-ਆਪਣਾ ਕੰਮ-ਧੰਦਾ ਅਤੇ ਰੁਝੇਵਾਂ ਕਿਸੇ ਨੂੰ ਨਿੱਜ-ਮੁਖੀ ਜਾਂ ਕੇਵਲ ਆਪਣੇ-ਆਪ ਦਾ ਫਿਕਰ ਕਰਨ ਜਾਂ ਸੋਚਣ ਵਾਲਾ ਨਾ ਬਣਾਵੇ ਸਗੋਂ ਚਿੱਤ ਨਿਰੰਜਨ ਨਾਲ ਰਹੇ ਭਾਵ ਸਾਂਝੀਵਾਲਤਾ ਦਾ ਖਿਆਲ ਰਹੇ। ਬੰਦੇ ਨੇ ਆਪਣੇ-ਆਪ ਨੂੰ ਜੀਵ ਦੇ ਤੌਰ 'ਤੇ ਪੂਰੀ ਸ੍ਰਿਸ਼ਟੀ ਦਾ ਅਤੇ ਮਨੁੱਖ ਦੇ ਤੌਰ 'ਤੇ ਮਾਨਵੀ ਸਮਾਜ ਦਾ ਅੰਗ ਸਮਝਣਾ ਹੈ। ਇਸ 'ਇਕ ਨਿਰੰਜਨ' ਦੇ ਸੰਕਲਪ ਨੂੰ ਕੇਵਲ ਅਧਿਆਤਮਕ ਦ੍ਰਿਸ਼ਟੀ ਤੋਂ ਹੀ ਨਹੀਂ ਸਗੋਂ ਇਸ ਦੇ ਮਹੱਤਵ ਨੂੰ ਸਮਾਜਿਕ ਦ੍ਰਿਸ਼ਟੀ ਤੋਂ ਸਮਝਣਾ, ਵਿਚਾਰਨਾ ਅਤੇ ਮੰਨਣਾ ਵੀ ਬਣਦਾ ਹੈ।

ਗੁਰੂ ਨਾਨਕ ਨੇ ਸਮਾਜ ਨੂੰ ਸਮਝਣ, ਸੁਪਨਣ ਅਤੇ ਸਿਰਜਣ ਦੀ ਭਾਵਨਾ ਨਾਲ ਓਤ-ਪੋਤ ਗੁਰਮਤਿ ਦਰਸ਼ਨ ਨੂੰ ਸੰਗਠਿਤ ਅਤੇ ਪ੍ਰਸਤੁਤ ਕੀਤਾ। ਗੁਰੂ ਨਾਨਕ ਦੁਆਰਾ ਵੱਖ-ਵੱਖ ਸਰੋਤਾਂ ਤੋਂ ਕੀਤੀ ਗਈ ਬਾਣੀ ਦੀ ਖੋਜ-ਭਾਲ ਦੇ ਨਾਲ-ਨਾਲ ਆਪ ਬਾਣੀ ਰਚਨ ਦੀ ਦੁਵੱਲੀ ਪ੍ਰਕਿਰਿਆ ਨੂੰ ਗੁਰੂ ਅਮਰਦਾਸ ਨੇ ਸੱਚ ਦੀ ਪ੍ਰਾਪਤੀ ਕਿਹਾ:

ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ ॥
ਵਾਹੁ ਵਾਹੁ ਸਬਦੇ ਉਚਰੈ ਵਾਹੁ ਵਾਹੁ ਹਿਰਦੈ ਨਾਲਿ ॥ (514, ਮ.3)

ਗੁਰੂ ਨਾਨਕ ਇਸ ਬਾਣੀ ਦੀ ਰੌਸ਼ਨੀ ਵਿਚ ਸਚਿਆਰੇ ਮਨੁੱਖ ਅਤੇ ਹੱਕ, ਸੱਚ ਤੇ ਨਿਆਂ ਦੇ ਬੋਲਬਾਲੇ ਵਾਲੇ ਸਮਾਜ ਦੀ ਸਿਰਜਣਾ ਕਰਨਾ ਲੋਚਦੇ ਸਨ। ਇਸ ਬਾਣੀ ਦੀ ਗੂੰਜ ਨਾਲ ਆਪ ਲੋਕਾਈ ਨੂੰ ਜਾਗ੍ਰਿਤ ਕਰਨਾ ਚਾਹੁੰਦੇ ਸਨ। ਇਕ ਪਰਮਾਤਮਾ ਦੀ ਸਰਬ ਵਿਆਪਕਤਾ ਦੇ ਸਿਧਾਂਤ ਨੂੰ ਦ੍ਰਿੜ ਕਰਵਾ ਕੇ ਸਭ ਨੂੰ ਮੁਹੱਬਤ ਭਰੀ ਏਕਤਾ ਵਿਚ ਪਰੋਣਾ ਲੋੜਦੇ ਸਨ:

ਜਾਗੁ ਸਲੋਨੜੀਏ ਬੋਲੈ ਗੁਰਬਾਣੀ ਰਾਮ ॥
ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ ॥ (844, ਮ.1)

ਵਿਭਿੰਨ ਵਿਚਾਰਾਂ, ਸੰਕਲਪਾਂ ਅਤੇ ਅਭਿਆਸਾਂ ਸੰਬੰਧੀ ਸੰਵਾਦ ਦੀ ਸਭ ਤੋਂ ਉਘੜਵੀਂ ਉਦਾਹਰਣ ਗੁਰੂ ਨਾਨਕ ਦੀ

*(ਬਾਕੀ ਅਗਲੇ ਸਫੇ 'ਤੇ)*

# ਸਿਰਫ਼ ਅਧਿਆਤਮਕ ਗੁਰੂ ਨਹੀਂ ਸਨ - ਗੁਰੂ ਨਾਨਕ ਦੇਵ ਜੀ

ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਮੋਢੀ ਅਤੇ ਪਹਿਲੀ ਪਾਤਸ਼ਾਹੀ ਹਨ। ਉਨ੍ਹਾਂ ਨੇ ਪ੍ਰੰਪਰਕ ਧਰਮਾਂ ਵਿਚਲੇ ਵਿਕਾਰਾਂ ਅਤੇ ਕੁਰਹਿਤਾਂ ਤੋਂ ਨਿਜਾਤ ਦਿਵਾਉਣ ਲਈ ਨਵੀਂ ਸੋਚ ਤੇ ਸਿਧਾਂਤ ਨੂੰ ਲੋਕਾਈ ਸਾਹਮਣੇ ਪ੍ਰਚਾਰਨ ਲਈ 40 ਹਜ਼ਾਰ ਕਿੱਲੋਮੀਟਰ ਤੋਂ ਵੱਧ ਦਾ ਪੈਦਲ ਸਫ਼ਰ ਕੀਤਾ। ਆਪਣੀਆਂ ਪੰਜ ਉਦਾਸੀਆਂ ਰਾਹੀਂ ਨਵੀਂ ਰੂਹਾਨੀ ਵਿਚਾਰਧਾਰਾ ਨੂੰ ਦੁਨੀਆ ਭਰ ਦੇ ਵੱਖ-ਵੱਖ ਖ਼ਿੱਤਿਆਂ ਵਿਚ ਪਹੁੰਚਾਇਆ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਅਤੇ ਇਨ੍ਹਾਂ 'ਤੇ ਚੱਲ ਕੇ ਜੀਵਨ-ਜਾਚ ਨੂੰ ਨਰੋਈ ਅਤੇ ਵਿਲੱਖਣ ਸੇਧ ਦਿੱਤੀ ਅਤੇ ਵਿਸ਼ਵ ਭਰ ਵਿਚ ਸਿੱਖੀ ਸਿਧਾਂਤਾਂ ਦਾ ਬੋਲਬਾਲਾ ਹੋਇਆ। ਪਰ ਉਨ੍ਹਾਂ ਦੇ ਪੈਰੋਕਾਰ ਗੁਰੂ ਜੀ ਨੂੰ ਸਿਰਫ਼ ਇਕ ਅਧਿਆਤਮਕ ਗੁਰੂ ਵਜੋਂ ਪੂਜਣ ਤੀਕ ਹੀ ਸੀਮਤ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਜਾਂ ਪਾਏ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਪੂਰਨਿਆਂ 'ਤੇ ਤੁਰਨ ਤੋਂ ਅਕਸਰ ਹੀ ਆਨਾਕਾਨੀ ਕਰਦੇ ਹਨ। ਲੋੜ ਹੈ ਉਨ੍ਹਾਂ ਦੀ ਅਜ਼ੀਮ ਸ਼ਖ਼ਸੀਅਤ ਅਤੇ ਦਿੱਬ ਦ੍ਰਿਸ਼ਟੀ ਦੀਆਂ ਤਹਿਆਂ ਫਰੋਲਨ ਦੀ। ਗੁਰੂ ਜੀ ਦੇ ਸਮੁੱਚੇ ਜੀਵਨ 'ਤੇ ਝਾਤੀ ਮਾਰਿਆਂ ਬਹੁਤ ਕੁਝ ਸਾਡੀ ਸੰਵੇਦਨਾ ਨੂੰ ਝੰਜੋੜਦਾ ਕਿ ਗੁਰੂ ਜੀ ਦੇ ਬਹੁਤ ਸਾਰੇ ਅਜੇਹੇ ਕ੍ਰਿਸ਼ਮਾਮਈ ਪੱਖ ਸਨ ਜਿਨ੍ਹਾਂ ਬਾਰੇ ਸਾਨੂੰ ਚੇਤੰਨ ਹੋਣ ਅਤੇ ਇਨ੍ਹਾਂ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ।

**ਸਮਾਜਿਕ ਚਿੰਤਕ ਅਤੇ ਸੁਧਾਰਕ:** ਗੁਰੂ ਜੀ ਬਹੁਤ ਵੱਡੇ ਸਮਾਜ ਚਿੰਤਕ ਸਨ। ਜਦ ਉਨ੍ਹਾਂ ਨੇ ਸਮਾਜ ਵਿਚ ਔਰਤ ਦੀ ਤਰਾਸਦੀ ਅਤੇ ਮਰਦ ਪ੍ਰਧਾਨ ਸਮਾਜ ਵਿਚ ਉਨ੍ਹਾਂ ਪ੍ਰਤੀ ਮਾਨਸਿਕ ਘਟੀਆਪਣ ਨੂੰ ਦੇਖਿਆ ਤਾਂ ਉਨ੍ਹਾਂ ਨੇ ਔਰਤ ਦੀ ਮਹਾਨਤਾ ਅਤੇ ਬਰਾਬਰਤਾ ਦੀ ਬਰਕਰਾਰੀ ਲਈ ਗੁਰਵਾਕ ਉਚਾਰਿਆ;

"ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"

ਕੀ ਸਾਡਾ ਅਜੋਕਾ ਸਮਾਜ ਵੀ ਔਰਤ ਨੂੰ ਬਰਾਬਰ ਦੇ ਹੱਕ ਦਿੰਦਾ ਹੈ? ਕੀ ਕੁੱਖ ਵਿਚ ਕਤਲ ਕੀਤੀਆਂ ਜਾ ਰਹੀਆਂ ਧੀਆਂ ਦੇ ਕਾਤਲ ਗੁਰਸਿੱਖ ਹੋ ਸਕਦੇ ਹਨ? ਕੀ ਅਸੀਂ ਔਰਤ ਦੇ ਸਵੈਮਾਣ ਦੀ ਕਦੇ ਗੱਲ ਕੀਤੀ ਹੈ? ਇਹ ਕੇਹੀ ਵਿਡੰਬਨਾ ਹੈ ਕਿ ਬਹੁਤ ਸਾਰੀਆਂ ਮਹਾਨ ਕੀਰਤਨੀ ਔਰਤਾਂ ਹੋਣ ਦੇ ਬਾਵਜੂਦ ਵੀ ਕੋਈ ਔਰਤ ਹਰਿਮੰਦਰ ਸਾਹਿਬ ਵਿਚ ਕੀਰਤਨ ਨਹੀਂ ਕਰ ਸਕਦੀ। ਕੀ ਅਜੋਕੇ ਧਾਰਮਿਕ ਆਗੂ ਇਸਦਾ ਜਵਾਬ ਦੇਣਗੇ? ਕੀ ਉਹ ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਬੇਮੁੱਖ ਤਾਂ ਨਹੀਂ ਹੋ ਰਹੇ?

**ਵਿਗਿਆਨਕ ਚੇਤਨਾ-ਮੁਖੀ ਪ੍ਰਵਚਨਕਾਰ:** ਗੁਰੂ ਨਾਨਕ ਜੀ ਵੱਲੋਂ ਰਚੀ ਗੁਰਬਾਣੀ ਨੂੰ ਜੇਕਰ ਨੀਝ ਨਾਲ ਘੋਖਿਆ ਜਾਵੇ ਤਾਂ ਉਸ ਵਿਚ ਬਹੁਤ ਸਾਰੀਆਂ ਅਜੇਹੀਆਂ ਉਦਾਹਰਨਾਂ ਮਿਲ ਜਾਣਗੀਆਂ ਜਿਨ੍ਹਾਂ ਵਿਚੋਂ ਉਨ੍ਹਾਂ ਦੀ ਸੋਚ ਵਿਚ ਵਿਗਿਆਨਕ ਧਾਰਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਆਪਣੇ ਸ਼ਬਦਾਂ ਰਾਹੀਂ ਪੈਰੋਕਾਰਾਂ ਵਿਚ ਪ੍ਰਚਾਰਨ ਦਾ ਸਰਫ਼ ਹਾਸਲ ਹੈ। ਗੁਰੂ ਜੀ ਫ਼ਰਮਾਉਂਦੇ ਹਨ:

"ਧਰਤੀ ਹੋਰ ਪਰੈ ਹੋਰੁ ਹੋਰੁ
ਤਿਸ ਤੇ ਭਾਰ ਤਲੈ ਕਵਣੁ ਜੋਰ।"
ਜਾਂ
"ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥੧॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥੨॥"

ਇਹ ਅਜੋਕੇ ਵਿਗਿਆਨੀਆਂ ਵੱਲੋਂ ਸਮੁੱਚੇ ਬ੍ਰਹਿਮੰਡ ਦੀ ਉਤਪਤੀ ਨੂੰ ਜਾਣਨ ਲਈ ਬਿਗ-ਬੈਂਗ ਥਿਊਰੀ ਦਾ ਬਹੁਤ ਹੀ ਸਰਲ ਰੂਪ ਹੈ। ਇਸ ਸੰਸਾਰ ਦੀ ਸਿਰਜਣਾ ਤੋਂ ਪਹਿਲਾਂ ਇੱਥੇ ਸਾਰੇ ਪਾਸੇ ਹਨੇਰ ਛਾਇਆ ਹੋਇਆ ਸੀ ਅਤੇ ਬਿਗ ਬੈਂਗ ਰਾਹੀਂ ਹੀ ਸਮੁੱਚੇ ਬ੍ਰਹਿਮੰਡ, ਚੰਨ, ਤਾਰੇ, ਸੂਰਜ, ਧਰਤੀਆਂ ਅਤੇ ਅਕਾਸ਼ ਮੰਡਲ ਦੀ ਸਿਰਜਣਾ ਹੋਈ ਸੀ। ਇਸ ਸ਼ਬਦ ਨੂੰ ਸਮਝ ਕੇ ਵਿਗਿਆਨ ਦੀਆਂ ਬਹੁਤ ਸਾਰੀਆਂ ਪਰਤਾਂ ਉੱਘੜਦੀਆਂ ਹਨ।

**ਮਹਾਨ ਮਨੋ-ਵਿਗਿਆਨੀ:** ਗੁਰੂ ਨਾਨਕ ਦੇਵ ਜੀ ਬਹੁਤ ਵੱਡੇ ਮਨੋ-ਵਿਗਿਆਨੀ ਸਨ। ਉਨ੍ਹਾਂ ਵੱਲੋਂ ਜਪੁਜੀ ਸਾਹਿਬ ਦੀ 28ਵੀਂ ਪੌੜੀ ਵਿਚ ਉਚਾਰਿਆ ਸ਼ਬਦ

"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।
ਆਈ ਪੰਥੀ ਸਗਮ ਜਮਾਤੀ ਮਨਿ ਜੀਤੈ ਜਗੁ ਜੀਤੁ।"

ਮਨੋ-ਵਿਗਿਆਨ ਦਾ ਮੂਲ ਸਿਧਾਂਤ 'ਮਨਿ ਜੀਤੈ ਜਗੁ ਜੀਤੁ' ਹੈ ਕਿਉਂਕਿ ਸਾਡੀਆਂ ਅੱਛਾਈਆਂ/ਬੁਰਾਈਆਂ ਜਾਂ ਚੰਗੇ/ਮਾੜੇ ਗੁਣ ਸਾਡੇ ਮਨ ਦੀ ਉਪਜ ਹਨ। ਅਸੀਂ ਆਪਣੇ ਮਨ ਨੂੰ ਕਿਸ ਪਾਸੇ ਲਾਉਣਾ, ਕਿਹੜੀ ਉਸਾਰੂ/ਢਾਹੂ ਬਿਰਤੀ ਨੂੰ ਸਮਰਪਿਤ ਹੋਣਾ ਜਾਂ ਸਕਾਰਾਤਮਿਕ ਜਾਂ ਨਕਾਰਾਤਮਿਕ ਹੋਣਾ, ਇਹ ਹੀ ਸਾਡੇ ਮਨ ਦੇ ਦਿਸ਼ਾ-ਨਿਰਦੇਸ਼ ਹੁੰਦੇ। ਸਾਡੀਆਂ ਕੋਸ਼ਿਸ਼ਾਂ ਤੇ ਯਤਨ ਉਸ ਦੀ ਪ੍ਰਾਪਤੀ ਵੱਲ ਸੇਧਤ ਹੋ ਜਾਂਦੇ। ਇਸ ਲਈ ਗੁਰੂ ਜੀ ਨੇ ਆਪਣੇ ਪੈਰੋਕਾਰਾਂ ਨੂੰ ਮਨ ਨੂੰ ਸਾਧਣ ਅਤੇ ਇਸ ਵਿਚੋਂ ਹੀ ਪਰਮ-ਸੁੱਖ ਦੀ ਪ੍ਰਾਪਤੀ ਦਾ ਰਾਹ ਦਿਖਾਇਆ।

**ਜ਼ੁਲਮ ਖ਼ਿਲਾਫ਼ ਬੇਖ਼ੌਫ਼ ਅਵਾਜ਼ ਤੇ ਇਤਿਹਾਸਕਾਰ:** ਗੁਰੂ ਜੀ ਨੇ ਆਪਣੀਆਂ ਅੱਖਾਂ ਸਾਹਵੇਂ ਬਾਬਰ ਦੇ ਹਮਲੇ ਦੌਰਾਨ ਹੋਏ ਜ਼ੁਲਮਾਂ ਦੀ ਦਾਸਤਾਨ ਨੂੰ ਬਾਬਰ ਬਾਣੀ ਵਿਚ ਚਿਤਰਿਆ ਹੀ ਨਹੀਂ ਸਗੋਂ ਇਸ ਵਿਰੁੱਧ ਅਵਾਜ਼ ਵੀ ਉਠਾਈ ਜਦ ਉਹ ਬਾਣੀ ਵਿਚ ਉਚਾਰਦੇ ਹਨ;

"ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।
........................................................"

ਬਾਬਰ ਦੀ ਫੌਜ ਨੂੰ ਪਾਪ ਦੀ ਜੰਞ ਕਹਿਣ ਦੀ ਜੁਰਅਤ ਕਰਨਾ ਅਤੇ ਉਸ ਦੀ ਕੈਦ ਵਿਚ ਵਿਰੋਧਤਾ ਦੀ ਬੁਲੰਦਗੀ ਨੂੰ ਕਾਇਮ ਰੱਖਣਾ, ਉਨ੍ਹਾਂ ਦੀ ਬੇਬਾਕੀ ਹੈ। ਇਸ ਦੇ ਨਾਲ ਇਸ ਹਮਲੇ ਵਿਚ ਹੋਏ ਕਤਲੇਆਮ ਦੀ ਤਸਵੀਰ, ਇਤਿਹਾਸਕ ਪੱਖ ਤੋਂ ਵੀ ਬੜੀ ਅਹਿਮ ਹੈ। ਆਮ ਲੋਕਾਈ ਵਿਚ ਸਹਿਮ, ਡਰ ਅਤੇ ਪੀੜਾ ਗੁਰਬਾਣੀ ਵਿਚ ਇੰਝ ਉੱਕਰਿਆ ਕਿ ਇਸ ਨੂੰ ਪੜ੍ਹ ਸੁਣ ਕੇ ਅੱਖੀਂ ਨੀਰ ਵਗਣ ਲੱਗਦਾ ਹੈ।

ਬਾਬਾ ਜੀ ਸਿਰਜਣਹਾਰੇ ਨੂੰ ਵੀ ਉਲਾਂਭਾ ਦਿੰਦਿਆਂ ਉਚਾਰਦੇ ਹਨ;

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।
ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।"

ਆਪਣੇ ਕਰਤੇ ਨਾਲ ਸ਼ਿਕਵਾ ਕਰਨ ਦੀ ਦਲੇਰੀ ਸਿਰਫ਼ ਬਾਬੇ ਨਾਨਕ ਜੀ ਕੋਲ ਹੀ ਸੀ। ਕੀ ਅਜੋਕੇ ਕਿਸੇ ਧਾਰਮਿਕ ਆਗੂ ਕੋਲ ਇੰਨੀ ਜੁਰਅਤ ਹੈ ਕਿ ਉਹ ਆਪਣੇ ਆਕਾ ਸਾਹਵੇਂ ਇੰਝ ਨਿਝੱਕ ਕੁਝ ਕਹਿ ਸਕੇ?

**ਤਰਕਵਾਦੀ:** ਗੁਰੂ ਜੀ ਬਹੁਤ ਵੱਡੇ ਤਰਕਵਾਦੀ ਸਨ। ਉਹ ਜਦ ਵੀ ਕਿਸੇ ਹੋਰ ਧਰਮ ਦੇ ਆਗੂ, ਪੀਰ, ਪੰਡਤ, ਫ਼ਕੀਰ ਜਾਂ ਧਾਰਮਿਕ ਹਸਤੀ ਨੂੰ ਮਿਲਦੇ ਤਾਂ ਬਾਦਲੀਲ ਆਪਣੇ ਵਿਚਾਰ ਨੂੰ ਸਹੀ ਸਾਬਤ ਕਰਕੇ ਸਿੱਖੀ ਸਿਧਾਂਤਾਂ ਦੀ ਪ੍ਰੋੜ੍ਹਤਾ ਕਰਦੇ। ਭਾਵੇਂ ਇਹ ਬਗ਼ਦਾਦ ਵਿਚ ਮੁਸਲਮਾਨ ਪੀਰ ਦਸਤਗੀਰ ਨਾਲ ਹੋਇਆ ਵਿਚਾਰ-ਵਟਾਂਦਰਾ ਹੋਵੇ, ਜੋਗੀਆਂ ਨਾਲ ਰਚਾਈ ਸਿੱਧ-ਗੋਸ਼ਟਿ ਹੋਵੇ, ਅਸਾਮ, ਸ਼੍ਰੀ ਲੰਕਾ ਜਾਂ ਦੂਰ-ਦੁਰਾਡੇ ਇਲਾਕਿਆਂ ਵਿਚ ਉਦਾਸੀਆਂ ਦੌਰਾਨ ਰਚਾਇਆ ਸੰਵਾਦ ਹੋਵੇ, ਉਨ੍ਹਾਂ ਨੇ ਤਰਕਵਾਦੀ ਸੋਚ ਦਾ ਪੱਲਾ ਕਦੇ ਨਹੀਂ ਛੱਡਿਆ। ਤਾਂ ਹੀ ਉਹ ਆਪਣੀ ਵਿਚਾਰਧਾਰਾ ਨੂੰ ਸਰਬ ਦਿਸ਼ਾਵਾਂ ਵਿਚ ਵੱਸਦੀ ਲੋਕਾਈ ਤੀਕ ਪਹੁੰਚਾਣ ਵਿਚ ਕਾਮਯਾਬ ਰਹੇ। ਸਾਨੂੰ ਸੋਚਣ ਦੀ ਲੋੜ ਹੈ ਕਿ ਕੀ ਅਜੋਕੇ ਸਿੱਖ ਧਾਰਮਿਕ ਆਗੂ ਜਾਂ ਡੇਰੇਦਾਰ ਤਰਕਵਾਦੀ ਹਨ?

**ਸੁਚੇਤ ਜਾਣਕਾਰ:** ਗੁਰੂ ਜੀ ਉਦਾਸੀਆਂ ਦੌਰਾਨ ਸਾਰੇ ਖ਼ਿੱਤਿਆਂ ਦੇ ਲੋਕਾਂ ਬਾਰੇ ਕਮਾਲ ਦੀ ਜਾਣਕਾਰੀ ਰੱਖਦੇ ਸਨ। ਉਨ੍ਹਾਂ ਦਾ ਸਦਭਾਵਨਾ ਨਾਲ ਵਿਚਰਨਾ, ਉਨ੍ਹਾਂ ਦੇ ਰਸਮੋ ਰਿਵਾਜ਼ਾਂ ਦੀ ਕਦਰ ਕਰਨਾ ਅਤੇ ਉਨ੍ਹਾਂ ਦੇ ਲਹਿਜ਼ੇ ਤੇ ਬੋਲੀ ਵਿਚ ਸਿੱਖੀ ਸਿਧਾਂਤਾਂ ਤੇ ਅਸੂਲਾਂ ਬਾਰੇ ਪ੍ਰਵਚਨ ਦੇਣੇ। ਮਨੁੱਖੀ ਜੀਵਨ ਦੀ ਅਹਿਮੀਅਤ ਅਤੇ ਇਸ ਨੂੰ ਹੋਰ ਸੁਚਾਰੂ ਅਤੇ ਮੁਲਤਾਨ ਬਣਾਉਣ ਲਈ ਪੈਦਾ ਹੋਏ ਵਿਗਾੜਾਂ ਨੂੰ ਦੂਰ ਕਰਨ ਲਈ ਸਿੱਖਿਆ ਦੇਣ ਦਾ ਇਹ ਅਲੋਕਾਰੀ ਤਰੀਕਾ, ਉਨ੍ਹਾਂ ਦੀ ਦਿੱਬ-ਦ੍ਰਿਸ਼ਟੀ ਦਾ ਮਾਣ ਸੀ। ਸਭ ਤੋਂ ਅਹਿਮ ਇਹ ਗੱਲ ਸੀ ਕਿ ਉਨ੍ਹਾਂ ਦੀਆਂ ਉਦਾਸੀਆਂ ਦੌਰਾਨ ਕੋਈ ਵਿਰੋਧ ਨਹੀਂ ਹੋਇਆ ਕਿਉਂਕਿ ਉਹ ਕਿਸੇ ਧਰਮ ਬਾਰੇ ਕੋਈ ਟਿੱਪਣੀ ਕਰਨ ਦੀ ਬਜਾਏ ਆਮ ਜੀਵਨ ਜਿਊਂਦਿਆਂ ਧਾਰਮਿਕ ਰੰਗ ਵਿਚ ਰੰਗੇ ਜਾਣ ਲਈ ਹੀ ਪ੍ਰੇਰਤ ਕਰਦੇ ਸਨ ਜਿਸ ਦਾ ਹਾਂ-ਮੁਖੀ ਹੁੰਗਾਰਾ ਉਨ੍ਹਾਂ ਦਾ ਸਭ ਤੋਂ ਵੱਡਾ ਹਾਸਲ ਹੁੰਦਾ ਸੀ। ਅਸੀਂ ਤਾਂ ਸਿੱਖੀ ਨੂੰ ਬਾਹਰ ਤਾਂ ਕੀ ਪ੍ਰਚਾਰਨਾ ਸੀ, ਸਗੋਂ ਪੰਜਾਬ ਵਿਚ ਵੀ ਸਿੱਖੀ ਸੁੰਗੜਦੀ ਜਾ ਰਹੀ ਹੈ। ਅਸੀਂ ਤਾਂ ਬਦਲਦੇ ਹਾਲਤਾਂ ਅਤੇ ਬਦਲ ਰਹੀ ਜੀਵਨ ਜਾਚ ਅਨੁਸਾਰ ਸਿੱਖੀ ਦਾ ਪ੍ਰਚਾਰ ਕਰਨ ਵਿਚ ਅਸਫਲ ਹੋਏ ਹਾਂ।

**ਸੰਗੀਤ ਪ੍ਰੇਮੀ:** ਗੁਰੂ ਜੀ ਬਚਪਨ ਦੇ ਸਾਥੀ ਰਬਾਬੀ ਮਰਦਾਨੇ ਨੂੰ ਆਪਣੀਆਂ ਉਦਾਸੀਆਂ ਦੌਰਾਨ ਨਾਲ ਲੈ ਕੇ ਗਏ। ਰਬਾਬ ਨਾਲ ਗੁਰਬਾਣੀ ਦਾ ਕੀਰਤਨ ਸੁਣਨ ਵਾਲਿਆਂ ਨੂੰ ਮੰਤਰ ਮੁਗਧ ਕਰਦਾ ਸੀ, ਕਿਉਂਕਿ ਗੁਰੂ ਜੀ ਇਹ ਜਾਣਦੇ ਸਨ ਕਿ ਮਨੁੱਖ ਨੂੰ ਸੰਗੀਤ ਰਾਹੀਂ ਕਿਸੇ ਧਾਰਨਾ ਨਾਲ ਜੋੜਨਾ ਬਹੁਤ ਅਸਾਨ ਹੁੰਦਾ। ਸੰਗੀਤ ਤਾਂ ਰੂਹ ਦੀ ਖ਼ੁਰਾਕ ਹੁੰਦਾ ਅਤੇ ਰੂਹ ਵਿਚ ਉੱਤਰੇ ਨਾਦੀ ਪ੍ਰਵਚਨ ਸੁਣਨ ਵਾਲੇ ਦੀ ਜੀਵਨ ਜਾਚ ਦਾ ਅਨਿੱਖੜਵਾਂ ਅੰਗ ਬਣ ਜਾਂਦੇ ਹਨ। ਗੁਰਬਾਣੀ ਦੀ ਕਾਵਿਕ ਅਤੇ ਸੰਗੀਤਕ ਰੰਗਤ ਉਨ੍ਹਾਂ ਦੇ ਸੰਗੀਤ ਪ੍ਰੇਮੀ ਹੋਣ ਦੀ ਗਵਾਹੀ ਭਰਦੀ ਹੈ। ਵੈਸੇ ਵੀ ਮੌਖਿਕ ਪ੍ਰਵਚਨ ਹੀ ਪ੍ਰਚਾਰ ਦਾ ਮੁੱਖ ਰੂਪ ਸਨ ਕਿਉਂਕਿ ਉਸ ਸਮੇਂ ਲਿਖਤੀ ਵੀ ਕੁਝ ਨਹੀਂ ਸੀ।

**ਸਿਧਾਂਤਾਂ ਦੇ ਪਹਿਰੇਦਾਰ:** ਗੁਰੂ ਜੀ ਨੇ ਜੀਵਨੀ ਸਿਧਾਂਤਾਂ ਨੂੰ ਪ੍ਰਚਾਰਿਆ ਅਤੇ ਸਮੁੱਚੀ ਮਨੁੱਖਤਾ ਨੂੰ ਗੁਰਬਾਣੀ ਦੇ ਲੜ ਲਾ ਕੇ ਉਨ੍ਹਾਂ ਦੇ ਜੀਵਨ ਵਿਚ ਮਾਰਮਿਕ ਤਬਦੀਲੀਆਂ ਲਿਆਂਦੀਆਂ। ਉਨ੍ਹਾਂ ਨੇ ਸਿੱਖੀ ਦੇ ਮੂਲ ਸਿਧਾਂਤ "ਕਿਰਤ ਕਰੋ, ਵੰਡ ਕੇ ਛਕੋ ਅਤੇ ਨਾਮ ਜਪੋ' 'ਤੇ ਖ਼ੁਦ ਪਹਿਰਾ ਦਿੱਤਾ। ਉਨ੍ਹਾਂ ਲਈ ਸਭ ਤੋਂ ਪ੍ਰਮੁੱਖ ਸੀ ਸਿੱਖੀ ਸਿਧਾਂਤਾਂ ਦੀ ਪਰਪੱਕਤਾ। ਉਨ੍ਹਾਂ ਦੇ ਪੁੱਤਰ ਸ੍ਰੀ ਚੰਦ ਅਤੇ ਲਖਮੀ ਦਾਸ ਧਾਰਮਿਕ ਬਿਰਤੀ ਵਾਲੇ ਸਨ ਪਰ ਉਹ ਉਦਾਸੀ ਸੰਪਰਦਾਇ ਦੇ ਹਾਮੀ ਸਨ ਜੋ ਸਿੱਖੀ ਸਿਧਾਂਤਾਂ ਦੇ ਅਨੁਕੂਲ ਨਹੀਂ ਸੀ। ਇਸ ਲਈ ਉਨ੍ਹਾਂ ਨੇ ਸਿੱਖੀ ਸਿਧਾਂਤਾਂ ਨੂੰ ਤਰਜੀਹ ਦਿੰਦਿਆਂ, ਗੁਰਗੱਦੀ ਭਾਈ ਲਹਿਣਾ ਜੀ ਨੂੰ ਸੌਂਪੀ। ਭਾਵੇਂ ਕਿ ਗੁਰੂ ਅਮਰ ਦਾਸ ਜੀ ਦੇ ਬਾਅਦ ਗੁਰਗੱਦੀ ਪਰਿਵਾਰ ਤੀਕ ਹੀ ਸੀਮਤ ਰਹੀ। ਇਹ ਕੇਹਾ ਵਿਰੋਧਾਭਾਸ ਹੈ ਕਿ ਅਜੋਕੇ ਡੇਰੇਦਾਰ ਆਪਣੇ ਪੈਰੋਕਾਰਾਂ ਨੂੰ ਸਿੱਖਿਆ ਤਾਂ ਸਿੱਖੀ ਸਿਧਾਂਤਾਂ ਦੀ ਦਿੰਦੇ ਹਨ ਪਰ ਆਪਣੀਆਂ ਗੱਦੀਆਂ ਨੂੰ ਸਿਰਫ਼ ਆਪਣੇ ਪਰਿਵਾਰ ਤੀਕ ਹੀ ਸੀਮਤ ਰੱਖਦੇ ਹਨ। ਜ਼ਿਆਦਾਤਰ ਰਾਜਸੀ ਤੇ ਧਾਰਮਿਕ ਆਗੂ ਵੀ ਪਰਿਵਾਰਵਾਦ ਤੋਂ ਉੱਪਰ ਉੱਠ ਨਹੀਂ ਸਕੇ ਭਾਵੇਂ ਕਿ ਉਹ ਖ਼ੁਦ ਨੂੰ



ਸਿੱਖ ਹੋਣ ਦਾ ਅਡੰਬਰ ਰਚਦੇ ਹਨ।

**ਆਮ-ਖ਼ਾਸ ਤੋਂ ਨਿਰਲੇਪ:** ਗੁਰੂ ਜੀ ਨੇ ਆਪਣੀਆਂ ਉਦਾਸੀਆਂ ਤੋਂ ਬਾਅਦ ਅੰਦਾਜ਼ਨ ਪੰਦਰਾਂ ਕੁ ਸਾਲ ਕਰਤਾਰਪੁਰ ਵਿਖੇ ਖੇਤੀ ਕਰਦਿਆਂ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਇਹ ਦਰਸਾ ਦਿੱਤਾ ਕਿ ਕਿਰਤ ਕਰਦਿਆਂ ਧਰਮ ਕਮਾਇਆ ਜਾ ਸਕਦਾ ਹੈ। ਉਹ ਆਪਣੇ ਸ਼ਰਧਾਲੂਆਂ ਲਈ ਖ਼ਾਸਮ ਖ਼ਾਸ ਸਨ ਪਰ ਉਹ ਕਦੇ ਵੀ ਖ਼ਾਸ ਨਹੀਂ ਬਣੇ ਸਗੋਂ ਆਮ ਵਿਅਕਤੀ ਵਾਂਗ ਵਿਚਰਦੇ ਅਤੇ ਆਪਣੇ ਪੈਰੋਕਾਰਾਂ ਨੂੰ ਸਿੱਖਿਆਵਾਂ ਦਿੰਦੇ। ਕਿਰਤ ਦੀ ਮਹਾਨਤਾ ਦਾ ਜਾਗ ਉਨ੍ਹਾਂ ਦੀ ਚੇਤਨਾ ਵਿਚ ਅਚੇਤ ਰੂਪ ਵਿਚ ਲਾਉਂਦੇ ਰਹੇ। ਉਨ੍ਹਾਂ ਦੀ ਮਕਬੂਲੀਅਤ ਦਾ ਇਹ ਕੇਹਾ ਆਲਮ ਸੀ ਕਿ ਉਹ ਮੁਸਲਮਾਨਾਂ ਲਈ ਵੱਡੇ ਪੀਰ ਅਤੇ ਹਿੰਦੂਆਂ ਤੇ ਸਿੱਖਾਂ ਦੇ ਗੁਰੂ ਸਨ ਤਾਂ ਹੀ ਉਨ੍ਹਾਂ ਦਾ ਅੰਤਿਮ ਸਸਕਾਰ ਕਰਤਾਰਪੁਰ ਵਿਖੇ ਮੁਸਲਮਾਨ ਪਰੰਪਰਾ ਅਤੇ ਹਿੰਦੂ ਰੀਤ ਅਨੁਸਾਰ ਕੀਤਾ ਗਿਆ। ਇਹ ਦੋਵੇਂ ਅਸਥਾਨ ਬਿਲਕੁਲ ਨਾਲ ਨਾਲ ਸੁਸ਼ੋਭਿਤ ਹਨ ਤੇ ਭਾਈਚਾਰਕ ਸਾਂਝ ਦਾ ਸਭ ਤੋਂ ਵੱਡਾ ਪ੍ਰਤੀਕ ਹਨ। ਇਸ ਅਸਥਾਨ ਪ੍ਰਤੀ ਹਰ ਮੁਸਲਮਾਨ, ਹਿੰਦੂ ਅਤੇ ਸਿੱਖ ਦੀ ਸ਼ਰਧਾ ਬਾਕਮਾਲ ਹੈ।

ਪਰ ਕੀ ਅਜੋਕੇ ਡੇਰੇਦਾਰਾਂ ਜਾਂ ਸਿੱਖ ਧਾਰਮਿਕ ਆਗੂਆਂ ਤੋਂ ਆਸ ਕੀਤੀ ਜਾ ਸਕਦੀ ਹੈ ਕਿ ਉਹ ਆਮ ਵਿਅਕਤੀ ਵਾਂਗ ਵਿਚਰਨ। ਮਹਿਲ-ਨੁਮਾ ਘਰਾਂ ਵਿਚ ਰਹਿੰਦੇ ਅਤੇ ਵੱਡੀਆਂ ਗੱਡੀਆਂ ਤੇ ਜਹਾਜ਼ਾਂ ਵਿਚ ਸਫ਼ਰ ਕਰਦੇ ਨੇ। ਆਪਣੇ ਹਰ ਧਾਰਮਿਕ ਇਕੱਠ ਦੀ ਕੀਮਤ ਵਸੂਲਣ ਵਾਲੇ ਇਹ ਡੇਰੇਦਾਰ ਤਾਂ ਗੁਰੂ ਜੀ ਦਾ ਨਾਮ ਵੇਚ ਕੇ ਕਮਾਈਆਂ ਕਰ ਰਹੇ ਹਨ। ਸ਼ਾਇਦ ਇਸ ਕਰਕੇ ਅਜੋਕੇ ਸਮੇਂ ਵਿਚ ਡੇਰੇ ਤਾਂ ਵਧ ਰਹੇ ਹਨ, ਪ੍ਰਚਾਰਕ ਵੀ ਲੋੜ ਤੋਂ ਜ਼ਿਆਦਾ ਹੋ ਗਏ ਹਨ ਪਰ ਸਿੱਖੀ ਦਾ ਨਿਘਾਰ ਹੋ ਰਿਹਾ ਹੈ। ਜਦ ਕੋਈ ਪ੍ਰਚਾਰਕ ਨਿਰਾ ਦਿਖਾਵੇ ਤੀਕ ਸੀਮਤ ਹੋ ਜਾਵੇ ਤਾਂ ਲੋਕਾਂ ਦਾ ਸਿੱਖੀ ਤੋਂ ਉਪਰਾਮ ਹੋਣਾ ਅਵੱਸ਼ ਹੁੰਦਾ ਅਤੇ ਅਜੇਹਾ ਹੀ ਸਿੱਖ ਧਰਮ ਵਿਚ ਹੋ ਰਿਹਾ ਹੈ।

ਕਈ ਵਾਰ ਮੈਂ ਸੋਚਦਾਂ :
ਬਾਬਾ ਜੀ ਦੱਸਿਓ!
ਤੁਹਾਨੂੰ ਕੋਈ ਸੱਚਾ ਸਿੱਖ ਨਜ਼ਰ ਆਉਂਦਾ ਏ?
ਤੁਹਾਡੀ ਸ਼ਬਦ ਜੋਤ
ਕੀਮਤੀ ਰੁਮਾਲਿਆਂ 'ਚ ਦੁੱਬਕੀ
ਲੈ ਰਹੀ ਏ ਔਖੇ ਸਾਹ
ਕੋਈ ਨਹੀਂ ਸੁਣਦਾ ਉਸ ਦੀ ਆਹ

ਕਿਉਂਕਿ ਉਹਦਾ ਸੱਚ
ਮਸੰਦਾਂ ਨੂੰ ਰਿਹਾ ਏ ਡਰਾਅ।
ਭਾਈ ਲਾਲੋ ਦੀ ਕੋਠੜੀ
ਸੰਗਮਰਮਰ 'ਚ ਲਪੇਟੀ
ਤੁਹਾਡੀ ਛੋਹ ਨੂੰ ਕਿੰਝ ਸੰਭਾਲੇ
ਲਾਲੋ ਸੰਗ ਬੋਲਾਂ ਦੇ ਚਿਰਾਗ਼ ਕਿਵੇਂ ਬਾਲ਼ੇ
ਤਾਂ ਕਿ ਆਲੇ-ਦੁਆਲੇ ਛਾਏ
ਛੁੱਟ ਜਾਣ ਇਹ ਬੱਦਲ ਕਾਲੇ।

ਬਾਬਾ ਜੀ
ਤੁਹਾਡੀ ਆਰਤੀ
ਘੰਟੀਆਂ ਅਤੇ ਟੱਲਾਂ ਦੇ ਸ਼ੋਰ 'ਚ ਗਵਾਚੀ
ਭਾਲਦੀ ਏ ਆਪਣੀ ਹਯਾਤੀ
ਜੋ ਜਗਾਉਂਦੀ ਸੀ ਤਾਰੇ ਰਾਤੀਂ
ਤੇ ਮਨਾਂ ਦੇ ਵਿਹੜਿਆਂ 'ਚ
ਕਿਰਨਾਂ ਦੀ ਕਿਣ-ਮਿਣ ਹੁੰਦੀ ਸੀ ਪ੍ਰਭਾਤੀ।

ਬਾਬਾ ਜੀ
ਤੁਸਾਂ ਤਾਂ ਗੋਸ਼ਟਿ ਪਰੰਪਰਾ ਨਾਲ
ਤਰਕ ਤੇ ਦਲੀਲ ਦਾ ਜਾਗ ਸੀ ਲਾਇਆ
ਪਰ ਅਜੋਕੇ ਸਾਧਾਂ ਕੇਹਾ ਜੱਗ ਭਰਮਾਇਆ
ਕਿ ਸ਼ਬਦ ਦਾ ਸੱਚ
ਭਰਮ-ਭੁਲੇਖਿਆਂ ਦੀ ਕਬਰੀਂ ਦਫ਼ਨਾਇਆ।

ਨਾਨਕ ਜੀ
ਤੁਸਾਂ ਲੋਕਾਈ ਦੇ ਮੱਥੇ 'ਚ ਲੋਅ ਧਰਨ ਲਈ
ਕਰਤਾਰਪੁਰ ਦੇ ਖੇਤੀਂ ਪਾਣੀ ਲਾਇਆ
ਮੂੜ੍ਹ ਮਨਾਂ ਨੂੰ ਬਹੁਤ ਸਮਝਾਇਆ
ਪਰ ਪਾਪੀਆਂ ਦੇ ਪਾਪ ਢੋਂਦੀ ਗੰਗਾ ਨੇ
ਦੇਖ ਲੈ ਆਪਣਾ ਹੀ ਵਜੂਦ ਗਵਾਇਆ।

ਬਾਬਾ ਜੀ
ਜੇ ਤੁਹਾਡੀ ਸ਼ਬਦ-ਜੋਤ ਨੂੰ
ਤੁਹਾਡੇ ਆਪਣਿਆਂ ਹੀ ਬੁਝਾਉਣਾ ਸੀ
ਤਾਂ ਤੁਸੀਂ ਕਾਹਤੋਂ ਆਉਣਾ ਸੀ??

ਸੋ ਲੋੜ ਹੈ ਗੁਰੂ ਜੀ ਨੂੰ ਅਧਿਆਤਮਕ ਗੁਰੂ ਦੇ ਨਾਲ-ਨਾਲ, ਉਨ੍ਹਾਂ ਵਲੋਂ ਗੁਰਬਾਣੀ ਵਿਚ ਉਚਾਰੀਆਂ ਵਿਲੱਖਣਤਾਵਾਂ ਨੂੰ ਆਪਣੇ ਜੀਵਨ ਵਿਚ ਅਪਣਾਈਏ ਤਾਂ ਕਿ ਅਸੀਂ ਸੱਚੇ-ਸੁੱਚੇ ਸਿੱਖ ਬਣ ਕੇ ਇਨਸਾਨੀਅਤ ਦਾ ਮਾਰਗੀ ਬਣ ਸਕੀਏ।

---

## ਗੁਰੂ ਨਾਨਕ ਬਾਣੀ

***(ਪਿਛਲੇ ਸਫੇ ਦਾ ਬਾਕੀ)***

ਸਿਧ ਗੋਸਟਿ ਦੀ ਬਾਣੀ ਹੈ। ਇਸ ਵਿਚ ਆਪ ਦੋ ਪੂਰਬੀ ਪ੍ਰੰਪਰਾਵਾਂ ਯੋਗ ਮੱਤ ਅਤੇ ਭਗਤੀ ਮਾਰਗ ਦੇ ਸੰਵਾਦ ਵਿਚੋਂ ਗੁਰਮੁਖ ਜਾਂ ਸਚਿਆਰੇ ਮਨੁੱਖ ਦਾ ਮਾਡਲ ਪੇਸ਼ ਕਰਦੇ ਹਨ। ਗੁਰੂ ਨਾਨਕ ਦੀਆਂ ਉਦਾਸੀਆਂ ਦਾ ਵੱਡਾ ਉਦੇਸ਼ ਗੁਰਮਤਿ ਦਰਸ਼ਨ ਜਾਂ ਗੁਰਮਤਿ ਵਿਚਾਰਧਾਰਾ ਦੀ ਸੰਗਠਨਕਾਰੀ ਹੈ। ਇਸ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਗੁਰੂ ਨਾਨਕ ਦੇ ਲੜੀਵਾਰ ਉਤਰਾਧਿਕਾਰੀ ਗੁਰੂਆਂ ਨੇ ਸਿੱਖ ਲਹਿਰ ਖੜ੍ਹੀ ਕੀਤੀ।

ਰੂਪਕ ਪੱਖੋਂ ਗੁਰੂ ਨਾਨਕ ਚਿੰਤਨ ਕਾਵਿ ਰੂਪ ਵਿਚ ਹੈ। ਸਾਧਾਰਨ ਕਾਵਿ ਵਿਚ ਵੀ ਅਰਥਾਂ ਦੀ ਬਹੁਲਤਾ ਹੁੰਦੀ ਹੈ। ਮਹਾਨ ਕਾਵਿ ਦੀ ਮਹਾਨਤਾ ਉਸ ਦੇ ਅਰਥਾਂ ਦੀ ਵਿਸ਼ਾਲਤਾ ਅਤੇ ਸਰਬ ਕਾਲਿਕਤਾ ਵਿਚ ਹੁੰਦੀ ਹੈ। ਹਰ ਪਲ ਤਬਦੀਲੀ ਅਤੇ ਗਤੀਸ਼ੀਲ ਸੰਸਾਰ ਵਿਚ ਗੁਰੂ ਨਾਨਕ ਬਾਣੀ ਨੂੰ ਯੁਗੋ-ਯੁਗ ਅਟੱਲ ਕਹਿਣ ਦਾ ਭਾਵ ਹੈ ਕਿ ਸਰਬ ਸਮਿਆਂ ਵਿਚ ਸਰਬ ਸਥਿਤੀਆਂ ਅਤੇ ਪ੍ਰਸਥਿਤੀਆਂ ਨਾਲ ਨਜਿੱਠਣ ਲਈ ਇਸ ਨੂੰ ਅਰਥਾਇਆ ਜਾ ਸਕਦਾ ਹੈ, ਇਸ ਤੋਂ ਰੌਸ਼ਨੀ ਲਈ ਜਾ ਸਕਦੀ ਹੈ। ਕੋਈ ਪ੍ਰਵਚਨ ਇਕਹਿਰੇ ਅਰਥਾਂ ਵਿਚ ਬੱਝ ਕੇ ਜੜ੍ਹ ਹੋ ਜਾਂਦਾ ਹੈ। ਅਟੱਲਤਾ ਦਾ ਭਾਵ ਅਰਥਾਂ ਦੀ ਲਗਾਤਾਰਤਾ ਅਤੇ ਅਨੰਤਤਾ ਹੈ। ਸ਼ਬਦ ਅਭਿਆਸੀਆਂ ਦਾ ਫਰਜ਼ ਬਣਦਾ ਹੈ ਕਿ ਸੰਸਾਰ ਵਿਚ ਪੈਦਾ ਹੋ ਰਹੇ ਹਰ ਨਵੇਂ ਗਿਆਨ, ਵਿਗਿਆਨ ਅਤੇ ਸੂਚਨਾਵਾਂ ਦੇ ਸੰਦਰਭ ਵਿਚ ਨਾਨਕ ਬਾਣੀ ਨੂੰ ਲਾਹੇਵੰਦ ਅਤੇ ਨਵੀਨਤਮ ਸੰਵਾਦੀ ਲੀਹਾਂ 'ਤੇ ਨਵੇਂ ਦਿਸਹੱਦਿਆਂ ਤੱਕ ਅਰਥਾਇਆ ਜਾਵੇ। ਇਸ ਨਾਲ ਹੀ ਗੁਰੂ ਨਾਨਕ ਬਾਣੀ ਦੀ ਵਰਤਮਾਨ ਵਿਚ ਪ੍ਰਸੰਗਿਕਤਾ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ। ਸ਼ਬਦ ਗੁਰੂ ਦੀ ਇਹੀ ਅਸਲ ਸੇਵਾ ਹੈ।

# ਬਾਤਾਂ 'ਚੋਂ ਨਿੱਕਲੀ ਬਾਤ 'ਲੂਣ ਦਾ ਜਜ਼ੀਰਾ'

ਕਲਾ ਪਰਿਕਰਮਾ

**ਜਸਬੀਰ ਭੁੱਲਰ**

ਨਿੱਕੇ ਹੁੰਦਿਆਂ ਬਾਤ ਸੁਣਦਾ-ਸੁਣਦਾ ਮੈਂ ਬਾਤ ਦਾ ਹੀ ਹੋ ਜਾਂਦਾ ਸਾਂ, ਬਾਤ ਵਿਚ ਤੁਰਨ ਲੱਗ ਪੈਂਦਾ ਸਾਂ, ਕਲਪਨਾ ਵਿਚ ਬਾਤ ਨੂੰ ਜਿਊਣ ਲੱਗ ਪੈਂਦਾ ਸਾਂ।

ਬਾਤ ਮੁੱਕਣ ਪਿੱਛੋਂ ਵੀ ਮੁੱਕਦੀ ਨਹੀਂ ਸੀ।

ਉਹ ਬਾਤਾਂ ਹੁਣ ਵੀ ਤੁਰ ਰਹੀਆਂ ਨੇ ਮੇਰੇ ਅੰਦਰ।

ਨਿੱਕੇ ਹੁੰਦਿਆਂ ਮੈਂ ਪ੍ਰਾਹੁਣੇ ਉਡੀਕਦਾ ਸਾਂ। ਪ੍ਰਾਹੁਣਾ ਆਵੇ ਤਾਂ ਕੋਈ ਨਵੀਂ ਬਾਤ ਸੁਣਾਵੇ ਜਿਹੜੀ ਪਹਿਲੋਂ ਕਦੀ ਵੀ ਨਾ ਸੁਣੀ ਹੋਵੇ।

ਬਾਤਾਂ ਦੀ ਵੀ ਅਜੀਬ ਬਿਰਤੀ ਹੈ, ਮੇਰੇ ਅੰਦਰ ਬੈਠੀਆਂ ਰੁਣ-ਝੁਣ ਕਰਦੀਆਂ ਰਹਿੰਦੀਆਂ ਨੇ। ਗੂੜ੍ਹੀਆਂ ਸਹੇਲੀਆਂ ਵਾਂਗੂੰ ਗੱਲਾਂ ਮੁੱਕਣ ਨਹੀਂ ਦਿੰਦੀਆਂ। ਪਤਾ ਹੀ ਨਹੀਂ ਲੱਗਦਾ, ਕਦੋਂ ਉਹ ਨਵੇਂ ਨੈਣ-ਨਕਸ਼, ਨਵੇਂ ਰੰਗ-ਰੂਪ ਵਾਲੀਆਂ ਹੋ ਜਾਂਦੀਆਂ ਨੇ।

ਕਈ ਵਾਰ ਇਸ ਤਰ੍ਹਾਂ ਵੀ ਹੋਇਆ ਹੈ, ਭੁੱਲੀ-ਵਿਸਰੀ ਹੋਈ ਕੋਈ ਬਾਤ ਮੇਰੇ ਅੰਦਰੋਂ ਅੱਖਾਂ ਖੋਲ੍ਹ ਲੈਂਦੀ ਹੈ। ਉਸ ਅਧੂਰੀ ਜਿਹੀ ਬਾਤ ਨੂੰ ਮੈਂ ਪਛਾਨਣ ਦੀ ਕੋਸ਼ਿਸ਼ ਕਰਦਾ ਹਾਂ। ਬੇਵੱਸ ਜਿਹਾ ਹੋ ਕੇ ਆਖਦਾ ਹਾਂ, ਬਾਤ ਪੂਰੀ ਦੀ ਪੂਰੀ ਮੇਰੇ ਅੰਦਰ ਹੀ ਹੈ ਕਿਧਰੇ। ਆਪੇ ਜਾਗ ਪਊ, ਵੇਲੇ-ਸੁਵੇਲੇ।

ਨੀਂਦ ਵਿਚ ਵੀ ਹੋਵਾਂ ਤਾਂ ਬਾਤ ਹਲੂਣ ਦਿੰਦੀ ਹੈ ਮੈਨੂੰ, "ਸੁਣ, ਤੂੰ ਹਰ ਵੇਲੇ ਖੰਭਾਂ ਵਾਲੇ ਘੋੜੇ ਉੱਤੇ ਸਵਾਰ ਹੋਇਆ ਰਹਿੰਨਾ ਏਂ, ਇਕ ਅਧੂਰੀ ਬਾਤ ਦੀ ਖਬਰ ਵੀ ਤਾਂ ਲੈ।"

ਉਹ ਬਾਤ ਇਕ ਪੁਰਾਣੀ ਤੇ ਖਸਤਾ ਹਾਲ ਕਿਤਾਬ ਵਿਚ ਦਰਜ ਸੀ। ਉਸ ਕਿਤਾਬ ਦਾ ਕੋਈ ਨਾਮ ਨਹੀਂ ਸੀ।

ਉਸ ਕਿਤਾਬ ਦੇ ਮੁੱਢਲੇ ਸਫ਼ੇ ਪਾਟੇ ਹੋਏ ਸਨ। ਮੈਂ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਉਸ ਕਿਤਾਬ ਦਾ ਅਸਲੀ ਨਾਂ ਕੀ ਸੀ। ਸ਼ਾਇਦ ਉਹ ਕਿਤਾਬ ਅਲਿਫ਼-ਲੈਲਾ ਹੋਵੇ।

ਵਕਤ ਦੀ ਮਾਰ ਝੱਲਣ ਤੋਂ ਪਿੱਛੋਂ ਉਸ ਕਿਤਾਬ ਦੇ ਵਰਕੇ ਬਿਸਕੁਟੀ ਰੰਗ ਦੇ ਹੋ ਚੁੱਕੇ ਸਨ, ਭੁਰ-ਭੁਰ ਪੈਂਦੇ ਸਨ।

ਉਰਦੂ ਅੱਖਰਾਂ ਵਾਲੀ ਉਹ ਕਿਤਾਬ ਮੇਰੇ ਬਾਪੂ ਜੀ ਦੀ ਸੀ। ਉਸ ਕਿਤਾਬ ਨੇ ਘਰ ਦੇ ਜੀਆਂ ਉਪਰ ਜਾਦੂ ਧੂੜਿਆ ਹੋਇਆ ਸੀ। ਸ਼ਾਮ ਢਲੇ ਘਰ ਦੇ ਸਾਰੇ ਨਿੱਕੇ-ਵੱਡੇ ਬਾਪੂ ਜੀ ਦੁਆਲੇ ਘੇਰਾ ਘੱਤ ਕੇ ਬੈਠ ਜਾਂਦੇ ਸਨ। ਉਸ ਕਿਤਾਬ ਦੀ ਕੋਈ ਕਹਾਣੀ ਸੁਣਾਉਣ ਲਈ ਆਖਦੇ ਸਨ। ਕਈ ਵਾਰ ਜ਼ਿੱਦ ਪੁੱਗ ਵੀ ਜਾਂਦੀ ਸੀ। ਕਈ ਵਾਰ ਰੁਝੇਵਿਆਂ ਕਾਰਨ ਬਾਪੂ ਜੀ ਨਾਂਹ ਕਰ ਦਿੰਦੇ ਸਨ।

ਉਹਨਾਂ ਅਨੇਕ ਕਹਾਣੀਆਂ ਵਿਚੋਂ ਹੀ ਇਕ ਕਹਾਣੀ ਜਾਦੂ ਦੀ ਚੱਕੀ ਦੀ ਸੀ। ਉਹ ਚੱਕੀ ਕਿਸੇ ਸੌਦਾਗਰ ਕੋਲ ਸੀ। ਮੰਤਰ ਪੜ੍ਹਿਆਂ ਜਦੋਂ ਉਹ ਚਲਦੀ ਸੀ ਤਾਂ ਉਸ ਵਿਚੋਂ ਪੀਸਿਆ ਹੋਇਆ ਲੂਣ ਨਿਕਲਣ ਲੱਗ ਪੈਂਦਾ ਸੀ।






*ਉਘੇ ਲਿਖਾਰੀ ਜਸਬੀਰ ਭੁੱਲਰ ਦੇ ਨਵੇਂ ਛਪੇ ਨਾਵਲ 'ਲੀਣ ਦਾ ਜਜ਼ੀਰਾ' ਦਾ ਸਰਵਰਕ ਅਤੇ ਪਿਛਲਾ ਪਾਸਾ।*

ਉਹ ਸੌਦਾਗਰ ਸਮੁੰਦਰ ਦੇ ਸਫ਼ਰ ਉੱਤੇ ਸੀ।

ਉਹਨੇ ਮੰਤਰ ਪੜ੍ਹਿਆ ਤਾਂ ਜਾਦੂਈ ਚੱਕੀ ਲੂਣ ਪੀਹਣ ਲੱਗ ਪਈ। ਛੇਤੀ ਹੀ ਜਹਾਜ਼ ਵਿਚ ਲੂਣ ਦੇ ਢੇਰ ਲੱਗਣੇ ਸ਼ੁਰੂ ਹੋ ਗਏ। ਸੌਦਾਗਰ ਨੇ ਲਾਲਚ ਵੱਸ ਚੱਕੀ ਨੂੰ ਚਾਲੂ ਹੀ ਰਹਿਣ ਦਿੱਤਾ।

ਲੂਣ ਦੇ ਭਾਰ ਨਾਲ ਜਹਾਜ਼ ਡੋਲਣ ਲੱਗ ਪਿਆ। ਸੌਦਾਗਰ ਨੇ ਚੱਕੀ ਬੰਦ ਕਰਨੀ ਚਾਹੀ ਤਾਂ ਉਹਨੂੰ ਮੰਤਰ ਯਾਦ ਹੀ ਨਾ ਆਇਆ।

ਲੂਣ ਦੇ ਅੰਬਾਰ ਵਾਲੇ ਉਸ ਜਹਾਜ਼ ਦੀ ਬੱਸ ਏਨੀ ਕੁ ਹੀ ਕਹਾਣੀ ਸੀ।

ਉਸ ਕਹਾਣੀ ਨੇ ਲੂਣ ਦੀ ਤਸ਼ਰੀਹ ਨਹੀਂ ਸੀ ਕੀਤੀ।

ਉਹ ਚੱਕੀ ਮਨੁੱਖ ਦੀਆਂ ਲਾਲਸਾਵਾਂ ਦੀ ਚੱਕੀ ਸੀ। ਉਹ ਚੱਕੀ ਲੂਣ ਦੇ ਰੂਪ ਵਿਚ ਲਾਲਸਾਵਾਂ ਪੈਦਾ ਕਰ ਰਹੀ ਸੀ। ਆਦਮੀ ਦੇ ਮਨ ਨੂੰ ਸਬਰ ਸੰਤੋਖ ਦਾ ਮੰਤਰ ਭੁੱਲਿਆ ਹੋਇਆ ਸੀ।

ਉਸ ਚੱਕੀ ਨੇ ਮਨੁੱਖ ਦੇ ਜੀਵਨ ਨੂੰ ਖਾਰਾ ਕਰ ਦਿੱਤਾ ਸੀ। ਮਿੱਠਾ ਨਹੀਂ ਸੀ ਰਹਿਣ ਦਿੱਤਾ।

ਸੋਚਿਆ, ਹਰ ਹੋਸ਼ਮੰਦ ਆਦਮੀ ਨੂੰ ਕਹਾਂ, ਉਸ ਚੱਕੀ ਦੇ ਲੂਣ ਤੋਂ ਆਪਣੇ ਆਪ ਨੂੰ ਬਚਾਵੇ।

ਇਹੋ ਉਹ ਵੇਲਾ ਸੀ ਜਦੋਂ ਨਾਵਲ 'ਲੂਣ ਦਾ ਜਜ਼ੀਰਾ' ਦਾ ਬੀਅ ਫੁੱਟਿਆ ਸੀ।

ਇਹੀ ਉਹ ਵੇਲਾ ਸੀ ਜਦੋਂ ਬਚਪਨ ਵਿਚ ਸੁਣੀਆਂ ਹੋਈਆਂ ਬਾਤਾਂ ਦੇ ਮੇਰੇ ਸਾਹਵੇਂ ਪਹਾੜ ਉੱਸਰ ਗਏ ਸਨ।

... ਤੇ ਫਿਰ ਅਗਲੇ ਪਲ ਉਹ ਪਹਾੜ ਸਿਆਹੀ ਦੀ ਦਵਾਤ ਵਿਚ ਘੁਲ ਵੀ ਗਏ ਸਨ।

ਕਲਮ ਨੂੰ ਸਿਆਹੀ ਵਿਚ ਡੋਬਣ ਤੋਂ ਪਹਿਲਾਂ ਮੈਂ ਨਾਵਲ ਦੀ ਬੁਣਤੀ ਬੁਣਨ ਲੱਗ ਪਿਆ।

ਜਾਦੂਈ ਚੱਕੀ ਸਮੁੰਦਰ ਦੀ ਥਾਵੇਂ ਧਰਤੀ ਉੱਤੇ ਡਿੱਗ ਪਈ। ਉਸ ਆਖਿਆ, "ਆਪਣੀਆਂ ਅੱਖਾਂ ਨਾਲ ਦੇਖ ਲਵੀਂ, ਮੇਰੇ ਲੂਣ ਨਾਲ ਧਰਤੀ ਉੱਤੇ ਕਿੰਨਾ ਕੁ ਭਿਆਨਕ ਨਰਕ ਬਣੂੰ!"

ਕਲਮ ਚੁੱਕਣ ਵੇਲੇ ਮੈਂ ਡਰਿਆ ਹੋਇਆ ਵੀ ਸਾਂ, ਵਡੇਰੀ ਉਮਰ ਨੇ ਮੇਰੀ ਕਲਪਨਾ ਦੇ ਖੰਭ ਕਿਧਰੇ ਕੁਤਰ ਤਾਂ ਨਹੀਂ ਦਿੱਤੇ!

ਕੋਈ ਵੀ ਵੇਲਾ ਢੇਰੀ ਢਾਹ ਕੇ ਬੈਠਣ ਲਈ ਨਹੀਂ ਹੁੰਦਾ। ਮੈਂ ਖੁਦ ਨੂੰ ਸਮਝਾਇਆ ਤੇ ਕਲਮ ਚੁੱਕ ਲਈ।


ਦਵਾਤ ਦੀ ਸਿਆਹੀ ਵਿਚ ਕਲਮ ਡੋਬ ਕੇ ਮੈਂ ਪਹਿਲਾ ਅੱਖਰ ਲਿਖਿਆ ਤਾਂ ਕਲਪਨਾ ਨੇ ਉਡਾਰੀ ਭਰ ਲਈ।

ਇਹ ਨਾਵਲ ਲਿਖਣ ਵੇਲੇ ਮੇਰੇ ਕੋਲ ਠੋਸ ਜ਼ਮੀਨ ਨਹੀਂ ਸੀ। ਮੇਰੀ ਨਿਰਭਰਤਾ ਕਲਪਨਾ ਦੇ ਜਲੌਅ ਉੱਤੇ ਸੀ। ਉਦੋਂ ਕਲਪਨਾ ਨੇ ਵੀ ਯਥਾਰਥ ਨਾਲੋਂ ਵੱਡੇ ਹੋਣ ਦੀ ਸ਼ਾਹਦੀ ਭਰੀ।

ਅੰਬਰ ਵੱਲ ਦੀ ਮੇਰੀ ਉਡਾਣ ਦਾ ਵਕਤ ਸ਼ੁਰੂ ਹੋ ਚੁੱਕਿਆ ਸੀ।

## ਜਸਬੀਰ ਭੁੱਲਰ ਦਾ ਰਚਨਾ ਜਗਤ

*ਮੁਹਾਲੀ ਵੱਸਦੇ ਬਹੁ-ਵਧਾਈ ਲਿਖਾਰੀ ਜਸਬੀਰ ਭੁੱਲਰ ਆਪਣੇ ਨਵੇਂ ਨਾਵਲ 'ਲੂਣ ਦਾ ਜਜ਼ੀਰਾ' ਤੋਂ ਪਹਿਲਾਂ 9 ਨਾਵਲਾਂ ਦੀ ਰਚਨਾ ਕਰ ਚੁੱਕੇ ਹਨ। ਇਹੀ ਨਹੀਂ, ਉਨ੍ਹਾਂ 13 ਨਾਵਲ ਬੱਚਿਆਂ ਲਈ ਵੀ ਲਿਖੇ ਹਨ। ਇਸ ਤੋਂ ਇਲਾਵਾ ਉਨ੍ਹਾਂ 8 ਕਹਾਣੀ ਸੰਗ੍ਰਹਿ, 12 ਤੋਂ ਉਪਰ ਬਾਲ ਕਹਾਣੀ ਸੰਗ੍ਰਹਿ, 2 ਕਾਵਿ ਸੰਗ੍ਰਹਿ, 6 ਵਾਰਤਕ ਸੰਗ੍ਰਹਿ ਅਤੇ ਸਵੈ-ਜੀਵਨੀ ਦੀਆਂ 2 ਕਿਤਾਬਾਂ 'ਧੁੱਪ-ਛਾਂ ਦੀਆਂ ਕਾਤਰਾਂ' ਅਤੇ 'ਖੰਭਾਂ ਵਾਲਾ ਘੋੜਾ' ਲਿਖੀਆਂ ਹਨ। ਮੁਲਾਕਾਤਾਂ ਵਾਲੀਆਂ 3 ਕਿਤਾਬਾਂ 'ਲਿਖਣ ਵੇਲਾ', 'ਗੁਫਤਗੂ' ਅਤੇ 'ਸਿਰਜਣਾ ਦੀ ਜੂਹ' ਵੱਖਰੀਆਂ ਹਨ। ਉਹ ਫੌਜੀ ਅਫਸਰ ਰਹੇ ਹਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਫੌਜੀ ਜੀਵਨ ਬਹੁਤ ਸ਼ਿੱਦਤ ਨਾਲ ਪੇਸ਼ ਹੋਇਆ ਹੈ। ਉਂਝ, ਉਨ੍ਹਾਂ ਮਨੁੱਖਾ ਜ਼ਿੰਦਗੀ ਦੇ ਅਣਗਿਣਤ ਵਰਕੇ ਆਪਣੇ ਹੀ ਢੰਗ ਨਾਲ ਫਰੋਲੇ ਹਨ। ਉਨ੍ਹਾਂ ਦੀਆਂ ਰਚਨਾਵਾਂ ਅੰਦਰ ਕਾਵਿਕ-ਸੁਰ ਠਾਠਾਂ ਮਾਰਦੇ ਹਨ।*



# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਨਵੰਬਰ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-665



*ਪੁਰਾਣੇ ਸਮਿਆਂ ਦੀ ਇੱਕ ਝਾਕੀ, ਹੈ ਇਹ ਤਸਵੀਰ ਦਿਖਾਉਂਦੀ,*
*ਗੁਰਬਤ ਦੇ ਵਿਚ ਮਾਰੇ ਸੀ ਲੋਕੀਂ, ਜੂੰ ਕੱਢਣ ਦੇ ਢੰਗ ਸਿਖਾਉਂਦੀ।*
*ਮੈ.ਲ-ਕੁਚੈ.ਲੇ ਲੀੜੇ ਗ.ਲ ਨੂੰ ਜੁੜਦੇ, ਸ਼ੈਂਪੂਆਂ ਦਾ ਬਜ਼ਾਰ ਨਹੀਂ ਸੀ,*
*ਨਾ ਤਨ ਨੂੰ ਸਾ.ਫ ਰੱਖਣ ਦੀ ਸੋਝੀ, ਸੰਗ ਸ਼ਰਮ ਭਰਮਾਰ ਨ੍ਹੀਂ ਸੀ।*

## ਕੈਪਸ਼ਨ ਮੁਕਾਬਲਾ-663



ਕਬਾੜ ਨਾਲ ਕਬਾੜ ਹੋ ਗਿਆ
ਜੀਵਨ ਜੋ ਵੀ ਹਿੱਸੇ ਆਇਆ।
ਨਾ ਚੱਜ ਦਾ ਖਾ ਕੇ ਵੇਖਿਆ
ਨਾ ਚੱਜ ਦਾ ਕਦੇ ਹੰਢਾਇਆ।
ਪੰਜੀਂ ਸਾਲੀਂ ਲਾਰੇ ਲਾ ਜਾਣ
ਚਿੱਤੋਂ ਕਿਸੇ ਨਾ ਦੁੱਖ ਵੰਡਾਇਆ।
ਲੱਗਦੈ ਹੁਣ ਕੁੱਝ ਪਊ ਸੋਚਣਾ
ਬੁੱਲ੍ਹ ਊਠ ਦਾ ਥੱਲੇ ਨਾ ਆਇਆ।
***-ਜਗਮੀਤ ਸਿੰਘ ਪੰਧੇਰ***

---

ਭੁੱਖਾ ਢਿੱਡ ਤਾਂ ਝੁਲਕਾ ਮੰਗਦਾ,
ਤਰਸਣ ਮੂੰਹ ਤੇ ਜੀਭ।
ਸਾਰੀ ਉਮਰਾ ਭਾਰ ਮੈਂ ਢੋਇਆ,
ਭੁੱਖ ਦੇ ਰਿਹਾਂ ਕਰੀਬ।
ਪੜ੍ਹ ਕਿਤਾਬਾਂ ਅੱਖਾਂ ਖੋਈਆਂ,
ਖ਼ਿੱਸਿਓਂ ਰਿਹਾ ਗਰੀਬ।
ਅੰਦਰ ਚਾਨਣ, ਬਾਹਰ ਨ੍ਹੇਰਾ,
ਕੇਹਾ ਸੰਜੋਗ ਅਜੀਬ।
ਉਂਜ ਸੰਗੀ ਮੇਰੇ ਦਿਲ ਦੇ ਮਹਿਰਮ,
ਆਖਣ ਮੈਨੂੰ ਅਦੀਬ।
ਪਰ ਸਰਕਾਰ ਅੰਨ੍ਹੀ ਬੋ.ਲੀ ਨੂੰ,
ਮੈਂ ਦਿੱਸਾਂ ਬੇਤਰਤੀਬ।
ਸਰਕਾਰੇ! ਨੀ ਕਰਤਵ ਭੁੱਲੀਏ!
ਫੁੱਟ ਗਏ ਮੇਰੇ ਨਸੀਬ।
ਉੱਤੇ ਟੰਗਦੇ ਮੈਨੂੰ ਸਲੀਬ।
ਉੱਤੇ ਟੰਗਦੇ ਮੈਨੂੰ ਸਲੀਬ।
***-ਗੁਰਬਖ਼ਸ਼ ਸਿੰਘ 'ਨਾਕਾਮ'***
***+1 864-318-5500***

ਨੌਕਰੀ ਮਿਲੀ, ਨਾ ਪ੍ਰਾਈਵੇਟ,
ਨਾ ਸਰਕਾਰੀ
ਆਪਣੇ ਕੰਮ ਦੀ ਟੌਹਰ ਸਰਦਾਰੀ।
ਸਾਈਕਲ 'ਤੇ ਹੀ ਜੁਗਾੜ
ਫਿੱਟ ਕਰ ਲਿਆ
ਚਾਕੂ, ਕੈਂਚੀਆਂ ਤਿੱਖੀਆਂ
ਕਰੀਏ ਨਾਲੇ ਸਵਾਰੀ।
ਘੁੰਮ ਫਿਰ ਗਲੀਆਂ
ਤੁਰੰਤ ਕੰਮ ਮੁਕਾਈਏ।
ਧੰਦੇ ਸਾਡੇ ਖਤਮ ਕਰਨ ਲਈ
ਰੋਬੋਟ ਆ ਗਏ
ਪੁੱਠੇ ਗੇੜ 'ਚ ਪਾਈਏ।
ਰਾਤੋ-ਰਾਤ ਲੱਖਾਂ ਕਮਾ ਕੇ
ਕਰੋੜਾਂ ਦੇ ਬਣ ਜਾਈਏ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਜਦ ਚੜ੍ਹੀ ਜਵਾਨੀ
ਚੜ੍ਹ ਗਈ ਖੁਮਾਰੀ,
ਲਹਿੰਦੀ ਉਮਰੇ ਝੱਟ
ਲਹਿ ਗਈ ਸਾਰੀ।
ਜੱਗ ਵਿੱਚ ਗੁਰਬੱਤ ਹੈ
ਵੱਡੀ ਬਿਮਾਰੀ,
ਕਰੋ ਮੁਸ਼ੱਕਤ ਰੁੱਖੀ ਸੁੱਖੀ
ਖਾਓ ਸਾਰੀ।
***-ਸੇਵਾ ਸਿੰਘ ਨੂਰਪੁਰੀ***

---

ਸ਼ਰਮ ਨਹੀਂ ਇਸ 'ਚ ਕੋਈ
ਇਹੀ ਤਾਂ ਹੈ ਮਜ਼ਦੂਰ ਦਾ ਅਸਲ ਚਿਹਰਾ
ਕਰਦਾ ਜੋ ਦਸਾਂ ਨਹੁੰਆਂ ਦੀ ਕਿਰਤ
ਰੀਸ ਨਹੀਂ ਉਸ ਵਰਗੀ ਕੋਈ।
ਕਿਸੇ ਦਾ ਹੱਕ ਤਾਂ ਨਹੀਂ ਮਾਰ ਰਿਹਾ
ਲੈ ਆਪਣਾ ਸਾਈਕਲ ਹੀ
ਛਾਣ-ਬੂਰਾ ਟੁੱਟਾ ਭੱਜਾ
ਲੋਹਾ ਇਕੱਠਾ ਕਰ ਰਿਹਾ
ਚੋਰੀ ਤਾਂ ਨਹੀਂ ਕਰ ਰਿਹਾ।
ਹੱਕ ਓਸ ਨੂੰ ਕਿਸੇ ਨਹੀਂ ਦੇਣਾ
ਉਹ ਤਾਂ ਇਕੱਠੇ ਹੋ ਕੇ ਹੀ ਮੰਗਣਾ ਪੈਣਾ।
***-ਦਰਸ਼ਨ ਪਾਲ ਦੋਸਾਂਝ***

---

ਗੁਰਬਤ ਦਾ ਮਾਰਿਆ ਮੈਂ
ਫਿਰਾਂ ਮਾਰਿਆ ਮਾਰਿਆ ਮੈਂ
ਕੋਈ ਤਾਂ ਕਬਾੜ ਦੇ ਦਵੇ
ਰੋਟੀ ਦਾ ਜੁਗਾੜ ਹੋ ਜਾਵੇ
ਸੋਚਾਂ ਵਿਚ ਤੁਰਿਆ ਜਾ ਰਿਹਾਂ ਮੈਂ।
***-ਅੰਮ੍ਰਿਤ ਕੌਰ***

*ਵਿਕਾਸਸ਼ੀਲ ਮੁਲਕਾਂ ਦੀ ਤੁਲਨਾ ਵਿਚ ਵਿਕਸਿਤ ਪੂੰਜੀਵਾਦੀ ਮੁਲਕਾਂ ਵਿਚ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਸੰਕਟ ਬਹੁਤੀ ਦਫ਼ਾ 'ਆਮ ਵਰਤਾਰਾ' ਨਹੀਂ ਰਹੇ ਪਰ ਵਿਸ਼ਵੀਕਰਨ ਅਧੀਨ ਸੰਸਾਰ ਦੇ ਲਗਾਤਾਰ ਤੇਜ਼ੀ ਨਾਲ ਹੋ ਰਹੇ ਪੂੰਜੀਵਾਦੀ ਵਿਕਾਸ ਅਤੇ ਇਸ ਤੋਂ ਪੈਦਾ ਹੋਏ ਵਿਨਾਸ਼ ਕਾਰਨ, ਵਿਸ਼ਵ ਤਾਕਤਾਂ ਵੀ ਪੂੰਜੀਵਾਦੀ ਉਜਾੜੇ ਦੇ ਦੁਰਪ੍ਰਭਾਵਾਂ ਦੀ ਲਪੇਟ ਵਿਚ ਆ ਰਹੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਗਿਣਤੀ ਦੇ ਘੱਟ-ਵੱਧ ਅੰਤਰ ਨਾਲ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਆਦਿ ਮੁਲਕਾਂ ਵਿਚ ਬੇਸ਼ੁਮਾਰ ਪਰਵਾਸ ਦੇ ਬਾਵਜੂਦ ਬੇਰੁਜ਼ਗਾਰੀ ਆਮ ਵਰਤਾਰਾ ਨਹੀਂ ਰਹੀ। ਇਸ ਦੇ ਉਲਟ ਇਨ੍ਹਾਂ ਮੁਲਕਾਂ ਵਿਚ ਵੱਖ-ਵੱਖ ਖੇਤਰਾਂ ਵਿਚ ਹੁਨਰਮੰਦ ਕਾਮਿਆਂ ਦੀ ਵਕਤੀ-ਬੇਵਕਤੀ ਘਾਟ ਰਹੀ ਹੈ।*

# ਸੰਸਾਰ ਵਿਚ ਰੁਜ਼ਗਾਰ ਦੇ ਘਟਦੇ ਮੌਕੇ ਅਤੇ ਵਧਦੀ ਬੇਚੈਨੀ

ਕਰੋਨਾ ਮਹਾਮਾਰੀ ਤੋਂ ਬਾਅਦ ਮੱਧ ਪੂਰਬੀ ਖ਼ਿੱਤੇ ਦੇ ਜੰਗੀ/ਸਰਹੱਦੀ ਕਲੇਸ਼ ਦਾ ਅਸਰ ਦਿਨ-ਬ-ਦਿਨ ਕੁੱਲ ਆਲਮ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਰੂਸ ਯੂਕਰੇਨ ਅਤੇ ਇਜ਼ਰਾਈਲ ਫ਼ਲਸਤੀਨ ਜੰਗ ਜਿੱਥੇ ਹੋਰ ਲੰਮੀ ਖਿੱਚੀ ਜਾ ਰਹੀ ਹੈ ਉੱਥੇ ਮੱਧ ਪੂਰਬੀ ਖ਼ਿੱਤੇ ਦੇ ਇਰਦ-ਗਿਰਦ ਜੰਗੀ ਕਲੇਸ਼ ਦਾ ਘੇਰਾ ਲਗਾਤਾਰ ਵਧ ਰਿਹਾ ਹੈ। ਸੰਸਾਰ ਦੀਆਂ ਮਹਾਂ ਸ਼ਕਤੀਆਂ ਦੀ ਸਰਪ੍ਰਸਤੀ ਹੇਠ ਚੱਲ



ਮਨਦੀਪ
ਫੋਨ: +1-438-924-2052

ਰਹੀਆਂ ਜੰਗਾਂ ਵਿਚ ਉਲਝੇ ਦੇਸ਼ਾਂ ਦੁਆਲੇ ਕਈ ਖੇਤਰੀ ਝਗੜੇ ਹੋਰ ਤਿੱਖੇ ਹੋ ਰਹੇ ਹਨ। ਸੰਸਾਰ ਦੇ ਦੋ ਵੱਡੇ ਤੇ ਪੁਰਾਣੇ ਵਿਰੋਧੀ ਧੜੇ ਦੁਨੀਆ ਦੇ ਸਾਰੇ ਮੁਲਕਾਂ ਨੂੰ ਇਨ੍ਹਾਂ ਜੰਗਾਂ ਦੇ ਇਰਦ-ਗਿਰਦ ਵੰਡਣ ਅਤੇ ਲਾਮਬੰਦ ਕਰਨ ਵਿਚ ਮਸਰੂਫ਼ ਹਨ।

ਇੱਕ ਪਾਸੇ ਅਮਰੀਕਾ ਦੀ ਅਗਵਾਈ ਵਾਲੀਆਂ ਪੱਛਮੀ ਤਾਕਤਾਂ ਦਾ ਗੱਠਜੋੜ ਹੈ ਅਤੇ ਦੂਜੇ ਪਾਸੇ ਰੂਸ ਤੇ ਉਸ ਦੇ ਕਮਜ਼ੋਰ ਭਾਈਵਾਲਾਂ ਦਾ ਧੜਾ ਹੈ। ਚੀਨ ਭਾਵੇਂ ਸਿੱਧੀ-ਅਸਿੱਧੀ ਫ਼ੌਜੀ ਕਾਰਵਾਈ ਜਾਂ ਜੰਗ ਦਾ ਹਿੱਸਾ ਨਹੀਂ ਬਣ ਰਿਹਾ ਪਰ ਆਲਮੀ ਵਪਾਰਕ ਜੰਗ ਦੇ ਹਿੱਤਾਂ ਦੀ ਰਾਖੀ ਲਈ ਉਸ ਦਾ ਅਮਰੀਕਾ ਵਿਰੋਧੀ ਤਾਕਤਾਂ ਨੂੰ ਕੂਟਨੀਤਕ ਅਤੇ ਵਿੱਤੀ-ਵਪਾਰਕ ਸਹਿਯੋਗ ਬੇਰੋਕ ਜਾਰੀ ਹੈ। ਸੰਸਾਰ ਦੇ ਦੋਵੇਂ ਧੜੇ ਆਪੋ-ਆਪਣੇ ਕੌਮਾਂਤਰੀ ਪਸਾਰਵਾਦੀ ਆਰਥਿਕ-ਸਿਆਸੀ ਹਿੱਤਾਂ ਲਈ ਜ਼ੋਰ-ਅਜ਼ਮਾਇਸ਼ ਕਰ ਰਹੇ ਹਨ।

ਇਨ੍ਹਾਂ ਤਾਕਤਾਂ ਦੀ ਨੂਰਾ ਕੁਸ਼ਤੀ ਵਿਚਕਾਰ ਸੰਸਾਰ ਦੇ ਆਮ ਲੋਕ ਪਿਸ ਰਹੇ ਹਨ। ਸਾਮਰਾਜੀ ਜੰਗਾਂ-ਝਗੜਿਆਂ ਅਤੇ ਇਨ੍ਹਾਂ ਤਾਕਤਾਂ ਦੀਆਂ ਆਰਥਿਕ-ਸਿਆਸੀ ਤੇ ਕੂਟਨੀਤਕ ਨੀਤੀਆਂ ਕਰ ਕੇ ਕੁੱਲ ਸੰਸਾਰ ਵਿਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਰਿਹਾਇਸ਼ੀ ਘਰਾਂ ਦਾ ਸੰਕਟ, ਟੈਕਸ ਬੋਝ, ਨਸਲੀ ਵਿਤਕਰੇਬਾਜ਼ੀ, ਸ਼ਰਨਾਰਥੀ ਤੇ ਪਰਵਾਸ ਸੰਕਟ ਲਗਾਤਾਰ ਹੋਰ ਗਹਿਰਾ ਹੋ ਰਿਹਾ ਹੈ। ਜਿੱਥੇ ਇਸ ਸਾਮਰਾਜੀ ਉਜਾੜੇ ਦਾ ਸਭ ਤੋਂ ਵੱਧ ਸ਼ਿਕਾਰ ਸੰਸਾਰ ਦੇ ਵਿਕਾਸਸ਼ੀਲ ਮੁਲਕਾਂ ਦੇ ਲੋਕ ਹੋ ਰਹੇ ਹਨ, ਉੱਥੇ ਇਸ ਦੇ ਦੁਰਪ੍ਰਭਾਵ ਦੇ ਚਿੰਨ੍ਹ ਵਿਕਾਸਸ਼ੀਲ ਮੁਲਕਾਂ ਵਿਚ ਵੀ ਉੱਘੜ ਰਹੇ ਹਨ।

ਵਿਕਾਸਸ਼ੀਲ ਮੁਲਕਾਂ ਦੀ ਤੁਲਨਾ ਵਿਚ ਵਿਕਸਿਤ ਪੂੰਜੀਵਾਦੀ ਮੁਲਕਾਂ ਵਿਚ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਸੰਕਟ ਬਹੁਤੀ ਦਫ਼ਾ 'ਆਮ ਵਰਤਾਰਾ' ਨਹੀਂ ਰਹੇ ਪਰ ਵਿਸ਼ਵੀਕਰਨ ਅਧੀਨ ਸੰਸਾਰ ਦੇ ਲਗਾਤਾਰ ਤੇਜ਼ੀ ਨਾਲ ਹੋ ਰਹੇ ਪੂੰਜੀਵਾਦੀ ਵਿਕਾਸ ਅਤੇ ਇਸ ਤੋਂ ਪੈਦਾ ਹੋਏ ਵਿਨਾਸ਼ ਕਾਰਨ, ਵਿਸ਼ਵ ਤਾਕਤਾਂ ਵੀ ਪੂੰਜੀਵਾਦੀ ਉਜਾੜੇ ਦੇ ਦੁਰਪ੍ਰਭਾਵਾਂ ਦੀ ਲਪੇਟ ਵਿਚ ਆ ਰਹੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ ਗਿਣਤੀ ਦੇ ਘੱਟ-ਵੱਧ ਅੰਤਰ ਨਾਲ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਆਦਿ ਮੁਲਕਾਂ ਵਿਚ ਬੇਸ਼ੁਮਾਰ ਪਰਵਾਸ ਦੇ ਬਾਵਜੂਦ ਬੇਰੁਜ਼ਗਾਰੀ ਆਮ ਵਰਤਾਰਾ ਨਹੀਂ ਰਹੀ। ਇਸ ਦੇ ਉਲਟ ਇਨ੍ਹਾਂ ਮੁਲਕਾਂ ਵਿਚ ਵੱਖ-ਵੱਖ ਖੇਤਰਾਂ ਵਿਚ ਹੁਨਰਮੰਦ ਕਾਮਿਆਂ ਦੀ ਵਕਤੀ-ਬੇਵਕਤੀ ਘਾਟ ਰਹੀ ਹੈ। ਵੱਖ-ਵੱਖ ਖੇਤਰਾਂ ਵਿਚ ਲੇਬਰ ਦੀ ਇਸੇ ਘਾਟ ਦੀ ਪੂਰਤੀ ਲਈ ਇਨ੍ਹਾਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਵਿਕਾਸਸ਼ੀਲ ਮੁਲਕਾਂ ਦੇ ਹੁਨਰਮੰਦ ਕਾਮਿਆਂ ਲਈ ਵੱਖ-ਵੱਖ ਤਰ੍ਹਾਂ ਦੇ ਇਮੀਗ੍ਰੇਸ਼ਨ ਪ੍ਰੋਗਰਾਮ ਚਲਾ ਕੇ ਆਪਣੇ ਮੁਲਕਾਂ ਦੇ ਪੈਦਾਵਾਰੀ ਖੇਤਰਾਂ ਨੂੰ ਹੋਰ ਵੱਧ ਨਿਪੁੰਨ ਤੇ ਵਿਕਸਿਤ ਕੀਤਾ ਹੈ।

ਸਾਮਰਾਜੀ ਮੁਲਕਾਂ ਦੇ ਇਨ੍ਹਾਂ ਪੈਦਾਵਾਰੀ ਖੇਤਰਾਂ ਦੀਆਂ ਪੈਦਾਵਾਰੀ ਵਸਤੂਆਂ ਦੀਆਂ ਮੰਡੀਆਂ ਵੀ ਮੋਕਵੇਂ ਰੂਪ ਵਿਚ ਵਿਕਾਸਸ਼ੀਲ ਮੁਲਕ ਹੀ ਬਣਦੇ ਰਹੇ ਹਨ। ਪਿਛਲੇ ਇੱਕ ਦਹਾਕੇ ਵਿਚ ਇਨ੍ਹਾਂ ਮੁਲਕਾਂ ਦੇ ਪੈਦਾਵਾਰੀ ਖੇਤਰ ਵਿਚ ਆਈ ਤੇਜ਼ੀ ਵਿਚ ਜਿੱਥੇ ਸਾਮਰਾਜੀ ਸਰਮਾਏ ਤੇ ਨਵੀਂ ਤਕਨੀਕ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ, ਉੱਥੇ ਸਸਤੀ ਤੇ ਹੁਨਰਮੰਦ ਪਰਵਾਸੀ ਕਿਰਤ ਦੀ ਵਰਤੋਂ ਨਾਲ ਇਨ੍ਹਾਂ ਸਾਮਰਾਜੀ ਮੁਲਕਾਂ ਨੇ ਮੰਡੀ ਦੀਆਂ ਲੋੜਾਂ ਤੋਂ ਵੱਧ ਪੈਦਾਵਾਰ ਕਰ ਕੇ ਵੱਖ-ਵੱਖ ਜਿਣਸਾਂ ਦੇ ਅੰਬਾਰ ਲਾ ਲਏ। ਇਸ ਵਾਧੂ ਪੈਦਾਵਾਰ ਦੀ ਖਪਤ ਲਈ ਸਾਮਰਾਜੀ ਤਾਕਤਾਂ ਵਿਚਕਾਰ ਵਪਾਰਕ ਜੰਗ ਦੇ ਚੱਲਦਿਆਂ ਸੰਸਾਰ ਭਰ ਵਿਚ ਮੰਡੀਆਂ ਦੇ ਪਸਾਰ ਦੀ ਹੋੜ ਲੱਗ ਗਈ। ਜਿਣਸਾਂ ਦੀ ਖਪਤ, ਮੰਡੀ ਦੇ ਪਸਾਰ ਅਤੇ ਸੰਸਾਰ ਚੌਧਰ ਲਈ ਇੱਕ ਤੋਂ ਬਾਅਦ ਇੱਕ ਜੰਗਾਂ ਤੇ ਖੇਤਰੀ-ਸਰਹੱਦੀ ਝਗੜਿਆਂ-ਵਿਵਾਦਾਂ ਦੀ ਲੜੀ ਸ਼ੁਰੂ ਕੀਤੀ ਗਈ।

ਸਰਹੱਦੀ ਵਿਵਾਦਾਂ, ਜੰਗਾਂ ਤੇ ਖੇਤਰੀਆਂ ਝਗੜਿਆਂ ਕਾਰਨ ਵਪਾਰਕ ਸਬੰਧਾਂ ਅਤੇ ਆਰਥਿਕ-ਵਪਾਰਕ ਰੋਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੱਛਮੀ ਖੇਮੇ ਦੇ ਦੇਸ਼ਾਂ ਨੇ ਮਿਲ ਕੇ ਰੂਸ ਉੱਤੇ ਆਰਥਿਕ ਰੋਕਾਂ ਲਗਾ ਦਿੱਤੀਆਂ। ਰੂਸ ਨੇ ਭਾਰਤ-ਚੀਨ ਸਮੇਤ ਅਮਰੀਕਾ ਵਿਰੋਧੀ ਮੱਧ-ਪੂਰਬੀ ਤੇ ਖੱਬੇ ਪੱਖੀ ਅਤੀਤ ਵਾਲੇ ਕਈ ਲਾਤੀਨੀ ਮੁਲਕਾਂ ਨਾਲ ਵਪਾਰਕ ਸਾਂਝ ਦਾ ਹੱਥ ਵਧਾ ਦਿੱਤਾ। ਰੂਸ ਨਾਲ ਵਪਾਰਕ ਸਾਂਝ ਰੱਖਣ ਵਾਲੇ ਦੇਸ਼ਾਂ ਨੂੰ ਲਗਾਤਾਰ ਅਮਰੀਕੀ ਸਾਮਰਾਜੀ ਵਿਰੋਧ ਤੇ ਕੂਟਨੀਤਕ ਘੁਰਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਾਮਰਾਜੀ ਤਾਕਤਾਂ ਦੀ ਧੜੇਬੰਦੀ ਕਾਰਨ ਵਿਸ਼ਵ ਵਪਾਰਕ ਆਵਾਜਾਈ ਲਈ ਅਹਿਮ ਲਾਲ ਸਾਗਰ, ਕਾਲਾ ਸਾਗਰ ਅਤੇ ਹਿੰਦ ਪ੍ਰਸ਼ਾਂਤ ਮਹਾਸਾਗਰ ਦੇ ਆਲੇ-ਦੁਆਲੇ ਦਾ ਖੇਤਰ ਵਿਸ਼ਵ ਵਪਾਰ ਨੂੰ ਬੁਰੇ ਰੁਖ ਪ੍ਰਭਾਵਿਤ ਕਰ ਰਿਹਾ ਹੈ। ਇਨ੍ਹਾਂ ਜੰਗਾਂ ਤੇ ਝਗੜਿਆਂ ਤੋਂ ਪ੍ਰਭਾਵਿਤ ਵਿਸ਼ਵ ਵਪਾਰ ਕਾਰਨ ਵਸਤਾਂ ਦੀ ਸਪਲਾਈ ਦੀ ਘਾਟ ਅਤੇ ਸਪਲਾਈ ਦੀ ਇਸ ਘਾਟ ਵਿਚੋਂ ਪੈਦਾ ਹੋਈ ਮੰਗ ਕਾਰਨ ਕੀਮਤਾਂ ਵਿਚ ਹੋਏ ਬੇਸ਼ੁਮਾਰ ਵਾਧੇ ਕਰ ਕੇ ਕੁੱਲ ਆਲਮ ਮਹਿੰਗਾਈ ਦੀ ਮਾਰ ਹੇਠ ਆ ਗਿਆ ਹੈ। ਇਸੇ ਕਰ ਕੇ ਕਰੋਨਾ ਕਾਲ ਤੋਂ ਲੈ ਕੇ ਮੌਜੂਦਾ ਜੰਗਾਂ-ਝਗੜਿਆਂ ਦੇ ਚੱਲਦਿਆਂ ਆਮ ਲੋਕਾਂ ਦਾ ਗੁਜ਼ਰ-ਬਸਰ ਬੇਹੱਦ ਮੁਸ਼ਕਿਲ ਹੋ ਰਿਹਾ ਹੈ ਅਤੇ ਸੰਸਾਰ ਕਾਰਪੋਰੇਟ ਘਰਾਣਿਆਂ ਦੇ ਸੁਪਰ ਮੁਨਾਫਿਆਂ ਵਿਚ ਕਈ-ਕਈ ਸੌ ਫੀਸਦੀ ਇਜ਼ਾਫਾ ਹੋ ਰਿਹਾ ਹੈ।

ਸਾਮਰਾਜੀ ਨੀਤੀਆਂ ਕਾਰਨ ਧੀਮੀ ਹੋਈ ਗਲੋਬਲ ਆਰਥਿਕਤਾ ਕਾਰਨ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਲਗਾਤਾਰ ਘਟੀ ਹੈ ਜਿਸ ਨਾਲ ਵੱਡੇ ਕਾਰੋਬਾਰੀਆਂ ਨੇ ਇੱਕ ਤਾਂ ਆਪਣੇ ਕਾਮਿਆਂ ਦੀ ਛਾਂਟੀ ਕਰ ਕੇ ਲਾਗਤਾਂ ਨੂੰ ਘੱਟ ਕੀਤਾ ਹੈ; ਦੂਸਰਾ ਨਵੀਂ ਤਕਨੀਕ (ਖਾਸਕਰ ਮਸਨੂਈ ਬੁੱਧੀ) ਦੇ ਵਾਧੇ ਨਾਲ ਰਵਾਇਤੀ ਉਦਯੋਗ ਅਤੇ ਰਵਾਇਤੀ ਕਾਮੇ ਕਿਰਤ ਮੰਡੀ ਵਿਚ ਬੇਮੇਚੇ ਹੁਨਰ ਕਰਕੇ ਮੁਕਾਬਲੇ ਵਿਚੋਂ ਬਾਹਰ ਹੋ ਗਏ ਹਨ ਜਿਸ ਨਾਲ ਰੁਜ਼ਗਾਰ ਸੰਕਟ ਹੋਰ ਗਹਿਰਾ ਹੋ ਗਿਆ ਹੈ। ਸਾਮਰਾਜੀ ਮੁਲਕਾਂ ਵਿਚੋਂ ਕ੍ਰਮਵਾਰ ਅਮਰੀਕਾ, ਆਸਟਰੇਲੀਆ ਅਤੇ ਇੰਗਲੈਂਡ ਵਿਚ ਸਾਲ 2024 (ਅਗਸਤ-ਸਤੰਬਰ) ਵਿਚ ਬੇਰੁਜ਼ਗਾਰੀ ਦਰ 4.1% ਰਹੀ ਹੈ। ਨਿਊਜ਼ੀਲੈਂਡ ਵਿਚ ਬੇਰੁਜ਼ਗਾਰੀ ਦਰ 4.3% ਅਤੇ ਸਤੰਬਰ 2024 ਦੇ ਤਾਜ਼ਾ ਅੰਕੜਿਆਂ ਮੁਤਾਬਕ ਕੈਨੇਡਾ ਵਿਚ ਸਭ ਤੋਂ ਵੱਧ 6.5% ਰਹੀ ਹੈ। ਇਨ੍ਹਾਂ ਦੇਸ਼ਾਂ ਵਿਚ ਹਕੀਕੀ ਹਾਲਾਤ ਬੇਰੁਜ਼ਗਾਰੀ ਦੇ ਸਰਕਾਰੀ ਅੰਕੜਿਆਂ ਤੋਂ ਕਿਤੇ ਬਦਤਰ ਹਨ। ਇਨ੍ਹਾਂ ਮੁਲਕਾਂ ਵਿਚ ਨਵੇਂ ਪਰਵਾਸੀਆਂ ਤੇ ਆਮ ਲੋਕਾਂ ਕੋਲ ਨੌਕਰੀ ਜਾਂ ਛੋਟਾ-ਮੋਟਾ ਧੰਦਾ ਨਾ ਹੋਣ ਦਾ ਅਰਥ ਜ਼ਿੰਦਗੀ ਦੀ ਬਰਬਾਦੀ। ਵੱਡੀਆਂ ਕੰਪਨੀਆਂ ਦੀ ਇਜਾਰੇਦਾਰੀ, ਧੀਮੀ ਹੋਈ ਗਲੋਬਲ ਆਰਥਿਕਤਾ ਤੇ ਮੁਕਾਬਲੇਬਾਜ਼ੀ ਕਾਰਨ ਛੋਟੇ-ਮੋਟੇ ਕਾਰੋਬਾਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ ਬਲਕਿ ਛੋਟੇ ਕਾਰੋਬਾਰ ਲਗਾਤਾਰ ਬੰਦ ਹੋ ਰਹੇ ਹਨ। ਦੂਸਰਾ ਇਨ੍ਹਾਂ ਮੁਲਕਾਂ ਵਿਚ ਰੋਟੀ-ਕੱਪੜਾ-ਮਕਾਨ, ਸਿੱਖਿਆ, ਸਿਹਤ, ਕਾਰ ਆਦਿ ਜਿਹੀਆਂ ਮਹਿੰਗੀਆਂ ਤੇ ਬੁਨਿਆਦੀ ਲੋੜਾਂ ਲਈ ਰੁਜ਼ਗਾਰ ਅਣਸਰਦੀ ਲੋੜ ਹੈ।

> **ਵਿਦੇਸ਼ਾਂ ਵਿਚ ਚੰਗੇ ਭਵਿੱਖ ਤੇ ਬਿਹਤਰ ਜੀਵਨ ਲਈ ਸਥਾਨਕ ਕਿਰਤੀ ਕਾਮਿਆਂ, ਮੂਲ ਨਿਵਾਸੀਆਂ, ਕੌਮਾਂਤਰੀ ਵਿਦਿਆਰਥੀਆਂ, ਪਰਵਾਸੀਆਂ, ਬਹੁਕੌਮੀ ਲੋਕਾਂ ਵਿਚਕਾਰ ਏਕਤਾ ਤੇ ਸਾਂਝੀਵਾਲਤਾ ਬੇਹੱਦ ਜ਼ਰੂਰੀ ਹੈ। ਇਸੇ ਏਕਤਾ ਤੇ ਚੇਤਨਾ ਦੇ ਆਧਾਰ 'ਤੇ ਸਰਕਾਰਾਂ ਦੇ ਲੋਕ ਵਿਰੋਧੀ ਫੈਸਲਿਆਂ ਖਿਲਾਫ ਸੰਘਰਸ਼ ਦੀ ਆਵਾਜ਼ ਉਠਾਈ ਜਾਣੀ ਚਾਹੀਦੀ ਹੈ।**

ਅਰਧ ਬੇਰੁਜ਼ਗਾਰੀ ਵਿਚ ਸ਼ੁਮਾਰ ਅਸਥਾਈ ਨੌਕਰੀਆਂ, ਘੱਟ ਉਜਰਤਾਂ ਤੇ ਘੱਟ ਸਹੂਲਤਾਂ ਵਾਲੀਆਂ ਨੌਕਰੀਆਂ, ਅਸੁਰੱਖਿਅਤ ਤੇ ਬਿਨਾਂ ਲਾਭ ਵਾਲੀਆਂ ਨੌਕਰੀਆਂ ਅਤੇ ਪਾਰਟ-ਟਾਈਮ ਨੌਕਰੀਆਂ ਬੇਰੁਜ਼ਗਾਰੀ ਦੇ ਅੰਕੜਿਆਂ ਤੋਂ ਬਾਹਰ ਹਨ। 'ਫਾਈਵ ਆਈਜ਼' ਨਾਲ ਜਾਣੇ ਜਾਂਦੇ ਇਹੀ ਉਹ ਵਿਕਸਿਤ ਪੂੰਜੀਵਾਦੀ ਮੁਲਕ ਹਨ ਜਿਨ੍ਹਾਂ ਵੱਲ ਦੁਨੀਆ ਭਰ ਦੇ ਵੱਖ-ਵੱਖ ਮੁਲਕਾਂ ਵਿਚੋਂ ਪਰਵਾਸ ਦਾ ਵਹਿਣ ਸਭ ਤੋਂ ਵੱਧ ਵਹਿ ਰਿਹਾ ਹੈ ਅਤੇ ਇਨ੍ਹਾਂ ਮੁਲਕਾਂ ਵਿਚ ਨਵੇਂ ਪਰਵਾਸੀਆਂ ਨੂੰ ਸਭ ਤੋਂ ਵੱਧ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਪੰਜਾਂ ਮੁਲਕਾਂ ਨੇ ਪਿਛਲੇ ਦੋ-ਤਿੰਨ ਸਾਲਾਂ ਤੋਂ ਬੜੀ ਤੇਜ਼ੀ ਨਾਲ ਆਪਣੀਆਂ ਇਮੀਗ੍ਰੇਸ਼ਨ ਤੇ ਉਸ ਦੇ ਅਨੁਸਾਰੀ ਵੀਜ਼ਾ ਤੇ ਸਿੱਖਿਆ ਨੀਤੀਆਂ ਵਿਚ ਵੱਡੀਆਂ ਤੇ ਤਿੱਖੀਆਂ ਤਬਦੀਲੀਆਂ ਕੀਤੀਆਂ ਹਨ। ਇਨ੍ਹਾਂ ਮੁਲਕਾਂ ਵਿਚ ਨਸਲੀ ਵਿਤਕਰੇ, ਧੋਖਾਧੜੀ, ਸ਼ੋਸ਼ਣ ਅਤੇ ਕਿਰਤ ਲੁੱਟ ਦੇ ਸਭ ਤੋਂ ਵੱਧ ਕੇਸ ਸਾਹਮਣੇ ਆਏ ਹਨ ਅਤੇ ਕਿਰਤ ਕਰਨ ਵਾਲਿਆਂ ਵਿਚ ਬੇਗਾਨਗੀ ਤੇ ਬੇਚੈਨੀ ਦਾ ਤਿੱਖਾ ਇਜ਼ਹਾਰ ਹੋ ਰਿਹਾ ਹੈ।

ਹਾਲਤ ਦਾ ਕਰੂਰ ਪਹਿਲੂ ਇਹ ਵੀ ਹੈ ਕਿ ਕੈਨੇਡਾ ਵਰਗੇ ਮੁਲਕ ਵਿਚ 2022 ਵਿਚ ਪ੍ਰਤੀ ਵਿਅਕਤੀ ਆਮਦਨ ਵਿਚ 3% ਦਾ ਵਾਧਾ ਹੋਇਆ ਪਰ ਮਹਿੰਗਾਈ ਦਰ 6.8% ਦੀ ਗਤੀ ਨਾਲ ਛੜੱਪੇ ਮਾਰ ਕੇ ਵਧੀ। ਵਿਕਸਿਤ ਮੁਲਕਾਂ ਵਿਚ ਗੁਜ਼ਰ-ਬਸਰ ਦੀਆਂ ਕੀਮਤਾਂ, ਫੈਡਰਲ ਬੈਂਕਾਂ ਦੀਆਂ ਵਿਆਜ ਦਰਾਂ, ਰਿਹਾਇਸ਼ੀ ਘਰਾਂ ਦੇ ਕਿਰਾਏ ਤੇ ਟੈਕਸ ਲਗਾਤਾਰ ਉਪਰ ਵੱਲ ਜਾ ਰਹੇ ਹਨ ਅਤੇ ਲੋਕਾਂ ਦੀ ਆਮਦਨ, ਨੌਕਰੀਆਂ ਤੇ ਰਿਹਾਇਸ਼ੀ ਘਰਾਂ ਦੀ ਜ਼ਰੂਰਤ ਲੁੜਕ ਰਹੀ ਹੈ। ਇਨ੍ਹਾਂ ਦੇਸ਼ਾਂ ਵਿਚ ਆਰਥਿਕ ਸੰਕਟ ਦੀ ਤੇਜ਼ੀ ਨਾਲ ਹੋ ਰਹੀ ਆਮਦ ਦਾ ਸਹਿਮ ਵਧ ਰਿਹਾ ਹੈ ਅਤੇ ਸ਼ੇਅਰ ਮਾਰਕਿਟ, ਰੀਅਲ ਅਸਟੇਟ ਤੇ ਬੈਂਕਿੰਗ ਸੈਕਟਰ ਲਗਾਤਾਰ ਉਤਰਾਅ-ਚੜ੍ਹਾਅ ਦੀ ਘੁੰਮਣਘੇਰੀ ਵਿਚ ਫਸਿਆ ਹੋਇਆ ਹੈ। ਇਮੀਗ੍ਰੇਸ਼ਨ ਤੇ ਕਿਰਤ ਕਾਨੂੰਨਾਂ ਵਿਚ ਤਿੱਖੀਆਂ ਸੋਧਾਂ ਦਾ ਵਰਤਾਰਾ ਸਭਨਾਂ ਵਿਕਸਿਤ ਮੁਲਕਾਂ ਵਿਚ ਇਕਸਾਰ ਤੇਜ਼ ਹੋ ਰਿਹਾ ਹੈ।

ਸਾਮਰਾਜੀ ਦੇਸ਼ਾਂ ਵਿਚ ਨੌਜਵਾਨਾਂ ਤੇ ਕੌਮਾਂਤਰੀ ਵਿਦਿਆਰਥੀਆਂ ਲਈ ਨੌਕਰੀਆਂ ਦਾ ਸੰਕਟ ਸਭ ਤੋਂ ਵੱਧ ਚਿੰਤਾਜਨਕ ਹੈ। ਕੌਮਾਂਤਰੀ ਵਿਦਿਆਰਥੀਆਂ ਲਈ ਮਹਿੰਗੀਆਂ ਫੀਸਾਂ, ਮਹਿੰਗੇ ਰਿਹਾਇਸ਼ੀ ਕਿਰਾਏ, ਮਹਿੰਗੀ ਗਰੋਸਰੀ, ਇਕਲਾਪਾ, ਭਾਸ਼ਾ ਤੇ ਸੱਭਿਆਚਾਰਕ ਵਖਰੇਵੇਂ ਆਦਿ ਮੁਸ਼ਕਿਲਾਂ ਦੇ ਚੱਲਦਿਆਂ ਗੁਜ਼ਾਰੇ ਲਈ ਪਾਰਟ ਟਾਈਮ ਨੌਕਰੀਆਂ ਲੱਭਣਾ ਸਭ ਤੋਂ ਵੱਧ ਔਖਾ ਕਾਰਜ ਹੈ। ਸਟੈਟਿਸਟਿਕਸ ਕੈਨੇਡਾ ਦੇ ਮਈ 2023 ਦੇ ਸਰਵੇ ਮੁਤਾਬਿਕ, 15 ਤੋਂ 24 ਸਾਲ ਦੇ ਨੌਜਵਾਨਾਂ ਵਿਚ ਬੇਰੁਜ਼ਗਾਰੀ ਦਰ 10.7% ਹੈ। ਇਹੀ ਵਰਤਾਰਾ ਬਾਕੀ ਦੇ ਵਿਕਸਿਤ ਮੁਲਕਾਂ ਵਿਚ ਹੈ। ਵਿਦੇਸ਼ਾਂ ਵਿਚ ਹੋਰਾਂ ਮੁਲਕਾਂ ਦੀ ਤੁਲਨਾ ਵਿਚ ਭਾਰਤੀ ਨੌਜਵਾਨਾਂ, ਵਿਦਿਆਰਥੀਆਂ ਤੇ ਪਰਵਾਸੀਆਂ ਦੀ ਬਦਤਰ ਹਾਲਤ ਦੀਆਂ ਘਟਨਾਵਾਂ ਉੱਭਰਵੇਂ ਰੂਪ ਵਿਚ ਸੁਰਖੀਆਂ ਵਿਚ ਰਹਿੰਦੀਆਂ ਹਨ। ਇਸ ਦਾ ਉਘੜਵਾਂ ਕਾਰਨ ਭਾਰਤ ਵਿਚ ਨੌਜਵਾਨਾਂ ਵਿਚ ਸਭ ਤੋਂ ਵੱਧ ਬੇਰੁਜ਼ਗਾਰੀ ਹੈ। ਕੌਮਾਂਤਰੀ ਕਿਰਤ ਸੰਸਥਾ ਦੇ 2024 ਦੇ ਅੰਕੜੇ ਮੁਤਾਬਿਕ ਭਾਰਤ ਵਿਚ ਕੁੱਲ ਬੇਰੁਜ਼ਗਾਰਾਂ ਵਿਚੋਂ 83% ਕੇਵਲ ਨੌਜਵਾਨ ਬੇਰੁਜ਼ਗਾਰ ਹਨ। ਹਜ਼ਾਰਾਂ ਭਾਰਤੀ ਨੌਜਵਾਨਾਂ ਨੂੰ ਜੰਗ ਵਿਚ ਉਲਝੇ ਹੋਏ ਯੂਕਰੇਨ ਤੇ ਮੱਧ-ਪੂਰਬੀ ਦੇਸ਼ਾਂ ਵਿਚ ਘੱਟ ਉਜਰਤ ਤੇ ਕੰਮ ਕਰਨ ਜਾਣਾ ਪੈ ਰਿਹਾ ਹੈ। ਭਾਰਤ ਵਿਚਲੀ ਬੇਰੁਜ਼ਗਾਰੀ, ਨਸ਼ੇ, ਗਰੀਬੀ, ਅਸੁਰੱਖਿਅਤ ਭਵਿੱਖ ਤੇ ਹੋਰ ਤੰਗੀਆਂ-ਤੁਰਸ਼ੀਆਂ ਦੇ ਧੱਕੇ ਨੌਜਵਾਨ-ਵਿਦਿਆਰਥੀ ਵਿਦੇਸ਼ਾਂ ਵੱਲ ਪਰਵਾਸ ਕਰਨ ਲਈ ਮਜਬੂਰ ਹੋ ਰਹੇ ਹਨ ਪਰ ਬਦਲਦੇ ਹਾਲਾਤ ਕਰ ਕੇ ਵਿਦੇਸ਼ੀ ਧਰਤ ਵੀ ਉਨ੍ਹਾਂ ਦੇ ਸੁਫਨਿਆਂ ਦੀ ਸੈਰਗਾਹ ਨਹੀਂ ਰਹੀ।

ਤੇਜ਼ੀ ਨਾਲ ਬਦਲ ਰਹੇ ਵਿਸ਼ਵ ਆਰਥਿਕ ਸਿਆਸੀ ਹਾਲਾਤ ਕਾਰਨ ਵਿਦੇਸ਼ਾਂ ਵਿਚ ਸ਼ਰਨਾਰਥੀਆਂ, ਨੌਜਵਾਨਾਂ, ਕੌਮਾਂਤਰੀ ਵਿਦਿਆਰਥੀਆਂ ਅਤੇ ਪਰਵਾਸੀਆਂ ਨੂੰ ਵੱਡੇ ਆਰਥਿਕ-ਸਮਾਜਿਕ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਮਰਾਜੀ ਆਰਥਿਕ ਨੀਤੀਆਂ ਦੇ ਪੈਦਾ ਕੀਤੇ ਹੋਏ ਸੰਕਟ ਵਿਚ ਉਲਝੇ ਹੋਏ ਵਿਕਸਿਤ ਮੁਲਕ ਜਿੱਥੇ ਕਿਰਤ, ਸ਼ਰਨਾਰਥੀ ਤੇ ਇਮੀਗ੍ਰੇਸ਼ਨ ਕਾਨੂੰਨਾਂ ਵਿਚ ਤਿੱਖੀਆਂ ਸੋਧਾਂ ਕਰ ਰਹੇ ਹਨ ਉੱਥੇ ਇਹ ਮੁਲਕ ਆਪਣੇ ਘਰੇਲੂ ਤੇ ਕੌਮਾਂਤਰੀ ਸਿਆਸੀ ਲਾਹੇ ਲਈ ਪਰਵਾਸੀਆਂ ਨੂੰ ਸਮੁੱਚੇ ਸੰਕਟ ਦਾ ਜ਼ਿੰਮੇਵਾਰ ਬਣਾ ਕੇ ਪੇਸ਼ ਕਰ ਰਹੇ ਹਨ। ਵਿਦੇਸ਼ੀ ਸਰਕਾਰਾਂ ਵੱਲੋਂ ਪਰਵਾਸੀਆਂ ਨਾਲ ਸਖ਼ਤੀ ਨਾਲ ਪੇਸ਼ ਆਉਣ ਕਰ ਕੇ ਨਸਲੀ ਵਿਤਕਰੇਬਾਜ਼ੀ, ਸਹਿਮ ਤੇ ਸਮਾਜਿਕ-ਆਰਥਿਕ ਅਸੁਰੱਖਿਆ ਦਾ ਮਾਹੌਲ ਪਨਪ ਰਿਹਾ ਹੈ।

ਪਰਵਾਸੀਆਂ ਸਮੇਤ ਲੋਕਾਂ ਦੀਆਂ ਬੁਨਿਆਦੀ ਲੋੜਾਂ, ਮਾਨਵੀ ਅਧਿਕਾਰਾਂ ਅਤੇ ਸੁਰੱਖਿਆ ਵੱਲ ਧਿਆਨ ਕੇਂਦਰਿਤ ਕਰਨ ਦੀ ਬਜਾਇ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਜੰਗੀ ਸਹਾਇਤਾ, ਨਸਲੀ ਵਿਤਕਰੇ, ਕੂਟਨੀਤਕ ਵਿਵਾਦਾਂ, ਲੋਕ ਵਿਰੋਧੀ ਕਾਨੂੰਨ ਲਾਗੂ ਕਰਨ ਵਿਚ ਲੱਗੀਆਂ ਹੋਈਆਂ ਹਨ। ਸਾਰੇ ਸਾਮਰਾਜੀ ਦੇਸ਼ਾਂ ਅੰਦਰ ਵਧਦੀ ਬੇਰੁਜ਼ਗਾਰੀ ਕਾਰਨ ਇਮੀਗ੍ਰੇਸ਼ਨ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਪਰ ਭਾਰਤ ਦੇ ਬੇਰੁਜ਼ਗਾਰੀ ਨਾਲ ਝੰਬੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੁਫਨ-ਦੇਸ਼ ਬਣੇ ਕੈਨੇਡਾ ਵੱਲੋਂ ਵਿਦੇਸ਼ੀ ਨਾਗਰਿਕਾਂ ਉੱਤੇ ਪਾਬੰਦੀਆਂ ਲਾਉਣ ਨੇ ਭਾਰਤ ਵਿਚੋਂ ਕੈਨੇਡਾ ਪਹੁੰਚਣ ਦੀ ਆਸ ਲਾਈ ਬੈਠੇ ਲੱਖਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਚਿੰਤਾਵਾਂ ਨੂੰ ਵੱਡੇ ਪੱਧਰ ਉੱਤੇ ਵਧਾ ਦਿੱਤਾ ਹੈ। ਇਸ ਦੇ ਨਾਲ ਹੀ ਸਾਮਰਾਜੀ ਦੇਸ਼ਾਂ ਅੰਦਰ ਵੱਖ-ਵੱਖ ਹਾਕਮ ਜਮਾਤੀ ਪਾਰਟੀਆਂ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਖ਼ਿਲਾਫ਼ ਫਾਸ਼ੀਵਾਦੀ ਜਨੂਨ ਭੜਕਾਇਆ ਜਾ ਰਿਹਾ ਹੈ।

ਵਿਦੇਸ਼ਾਂ ਵਿਚ ਚੰਗੇ ਭਵਿੱਖ ਤੇ ਬਿਹਤਰ ਜੀਵਨ ਲਈ ਸਥਾਨਕ ਕਿਰਤੀ ਕਾਮਿਆਂ, ਮੂਲ ਨਿਵਾਸੀਆਂ, ਕੌਮਾਂਤਰੀ ਵਿਦਿਆਰਥੀਆਂ, ਪਰਵਾਸੀਆਂ, ਬਹੁਕੌਮੀ ਲੋਕਾਂ ਵਿਚਕਾਰ ਏਕਤਾ ਤੇ ਸਾਂਝੀਵਾਲਤਾ ਬੇਹੱਦ ਜ਼ਰੂਰੀ ਹੈ। ਇਸੇ ਏਕਤਾ ਤੇ ਚੇਤਨਾ ਦੇ ਆਧਾਰ 'ਤੇ ਸਰਕਾਰਾਂ ਦੇ ਲੋਕ ਵਿਰੋਧੀ ਫੈਸਲਿਆਂ ਖਿਲਾਫ ਸੰਘਰਸ਼ ਦੀ ਆਵਾਜ਼ ਉਠਾਈ ਜਾਣੀ ਚਾਹੀਦੀ ਹੈ।



# ਜਪੁਜੀ ਸਾਹਿਬ ਦਾ ਦਾਰਸ਼ਨਿਕ ਪਰਿਪੇਖ

ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਇਕ ਸ਼ਾਹਕਾਰ ਕਿਰਤ ਹੈ। ਇਹ ਮੰਨਿਆ ਜਾਂਦਾ ਹੈ ਕਿ ਗੁਰੂ ਜੀ ਨੇ ਇਸ ਦੀ ਰਚਨਾ ਉਦੋਂ ਕੀਤੀ ਜਦੋਂ ਜੀਵਨ ਦੀਆਂ ਉਦਾਸੀਆਂ ਅਤੇ ਜੀਵਨ ਦੇ ਵਿਸ਼ਾਲ ਅਨੁਭਵ ਦੇ ਨਾਲ ਨਾਲ ਉਨ੍ਹਾਂ ਨੇ ਪੂਰਵ ਲਿਖੇ ਹੋਏ ਧਾਰਮਿਕ ਗ੍ਰੰਥਾਂ ਦਾ ਗਹਿਰਾ ਅਧਿਐਨ ਕਰ ਕੇ ਕੁੱਝ ਜੀਵਨ ਅਤੇ ਸ੍ਰਿਸ਼ਟੀ ਦੇ ਬੁਨਿਆਦੀ ਤੱਥਾਂ ਦਾ ਨਿਚੋੜ ਉਜਾਗਰ ਕਰ ਲਿਆ ਸੀ। ਹੱਥਲੇ ਲੇਖ ਦਾ ਮਨੋਰਥ ਜਪੁਜੀ ਸਾਹਿਬ ਦੀ ਰਚਨਾ ਦੇ ਆਧਾਰ 'ਤੇ ਗੁਰੂ ਨਾਨਕ ਦੇਵ ਜੀ ਦੇ ਦਾਰਸ਼ਨਿਕ ਨੁਕਤਿਆਂ ਨੂੰ ਦ੍ਰਿਸ਼ਟੀਗੋਚਰ ਕਰਨਾ ਹੈ। ਜਪੁਜੀ ਸਾਹਿਬ ਦੀ ਰਚਨਾ ਕਾਵਿਤਾ ਦੇ ਰੂਪ ਵਿਚ ਕੀਤੀ ਗਈ ਹੈ। ਕਿਸੇ ਵੀ ਕਾਵਿ ਦਾ ਧਰਮ ਕਿਸੇ ਦਰਸ਼ਨ ਵਿਸ਼ੇਸ਼ ਦੀ ਪੇਸ਼ਕਾਰੀ ਨਹੀਂ ਹੁੰਦਾ ਪਰ ਕਾਵਿ ਵਿਚ ਦਾਰਸ਼ਨਿਕ ਝੁਕਾਵਾਂ ਦੀ ਬਿਰਤੀ ਇਸਦੇ ਕਲਾਤਮਕ ਰੂਪ ਵਿਚ ਵਾਧਾ ਕਰਦੀ ਹੈ। ਸੱਚੀ ਕਲਾ ਸਦਾ ਦਰਸ਼ਨ ਵੱਲ ਝੁਕਾਅ ਰਖਦੀ ਹੈ। ਇਹ ਵਿਸ਼ਵ ਵਿਆਪੀ ਸਮੱਸਿਆਵਾਂ ਅਤੇ ਰਹੱਸਾਂ ਦਾ ਸਮਾਧਾਨ ਭਾਲਦੀ ਹੈ ਤੇ ਸੰਸਾਰ ਨੂੰ ਸਮਝਣ ਦਾ ਯਤਨ ਕਰਦੀ ਹੈ। ਕਲਾਕਾਰ ਦਾ ਸਰੋਕਾਰ ਕੇਵਲ ਆਪਣੇ ਕਿਰਦਾਰਾਂ ਦੀ ਭਾਵੀ ਨਾਲ ਨਹੀਂ ਹੁੰਦਾ, ਸਮੁੱਚੇ ਸੰਸਾਰ ਦੀ ਖੋਜ ਨਾਲ ਹੁੰਦਾ ਹੈ। ਸਾਡੀ ਜਾਚੇ ਕਾਵਿ ਇਕ ਜਟਿਲ ਕਲਾ ਹੈ, ਇਹ ਇਕ ਅਜਿਹੀ ਸਾਧਨਾ ਹੈ, ਜਿਸ ਸਾਧਨਾ ਅਤੇ ਸਮਾਧੀ ਵਿਚ ਉਪਭਾਵੁਕਤਾ ਖ਼ਾਰਿਜ ਹੋ ਜਾਂਦੀ ਹੈ ਅਤੇ ਮਨੁੱਖ ਦੀ ਇਕਾਗਰਤਾ ਸ੍ਰਿਸ਼ਟੀ ਅਤੇ ਬ੍ਰਹਿਮੰਡ ਦੇ ਵਰਤਾਰਿਆਂ ਪਿੱਛੇ ਕਾਰਜਸ਼ੀਲ ਨੇਮਾਂ ਨੂੰ ਸਮਝਣ ਅਤੇ ਸੁਹਜਾਤਮਕ ਰੂਪ ਵਿਚ ਪ੍ਰਗਟਾਉਣ ਦਾ ਯਤਨ ਕਰਦੀ ਹੈ।



**ਸੁਹਿੰਦਰ ਬੀਰ**
**ਫੋਨ:98552-04102**

ਜਪੁਜੀ ਸਾਹਿਬ ਦੀ ਰੂਪ-ਰਚਨਾ ਇਸ ਪ੍ਰਕਾਰ ਕੀਤੀ ਗਈ ਹੈ ਕਿ ਇਸਦੇ ਆਰੰਭ ਵਿਚ 14 ਸ਼ਬਦਾਂ ਦਾ ਇਕ ਮੰਗਲਾਚਰਨ ਦਿੱਤਾ ਗਿਆ ਹੈ, ਜਿਸ ਵਿਚ ਗੁਰਮਤਿ ਸਿਧਾਂਤ ਦਾ ਬੀਜ ਰੂਪ ਵਿਚ ਉਲੇਖ ਮਿਲ ਜਾਂਦਾ ਹੈ। ਪਰਮਾਤਮਾ ਦੇ ਸਰੂਪ ਦੀ ਚਰਚਾ ਉਪਨਿਸ਼ਦਕ ਦਰਸ਼ਨ ਦੇ ਕਾਫ਼ੀ ਨੇੜੇ ਹੈ ਅਤੇ ਅਨੇਕ ਪ੍ਰਕਾਰ ਦੀਆਂ ਹੋਰ ਦਾਰਸ਼ਨਿਕ ਪਰੰਪਰਾਵਾਂ ਦਾ ਸਾਰ-ਤੱਤ ਵੀ ਇਸ ਵਿਚ ਦੇਖਿਆ ਜਾ ਸਕਦਾ ਹੈ। ਇਸ ਰਚਨਾ ਦੀਆਂ 38 ਪਉੜੀਆਂ ਹਨ। ਹਰ ਪਉੜੀ ਜਾਂ ਪਉੜੀ ਸਮੂਹ ਦਾ ਆਪਣਾ ਰਚਨਾ ਵਿਧਾਨ ਹੈ। ਇਸ ਵਿਚ ਵਰਤੇ ਗਏ ਛੰਦ ਵਿਰਾਜ, ਦੋਹਰਾ, ਸਲੋਕ, ਸੋਰਠਾ, ਚੌਪਈ, ਦਵੱਈਆ ਅਤੇ ਹੰਸ ਹਨ। ਇਸ ਦੇ ਆਦਿ ਅਤੇ ਅੰਤ ਵਿਚ ਦੋ ਸਲੋਕ ਹਨ।

ਜਪੁਜੀ ਸਾਹਿਬ ਦੇ ਆਰੰਭ ਵਿਚ ਆਇਆ ਮੂਲ ਮੰਤਰ '੧ਓ ਸਤਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ' ਮੰਗਲਾਚਰਨ ਹੀ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਨੇ ਪ੍ਰਭੂ-ਪਰਮਾਤਮਾ ਦੇ ਗੁਣਾਂ ਦੀ ਵਡਿਆਈ, ਉਸਦੀ ਮਹਾਨਤਾ ਅਤੇ ਗੌਰਵ ਨੂੰ ਸਾਕਾਰ ਕੀਤਾ ਹੈ।

ਜਪੁਜੀ ਸਾਹਿਬ ਦਾ ਪਾਠ ਕਰਨ ਉਪਰੰਤ ਜੋ ਸੰਕਲਪ ਮੂਲ ਰੂਪ ਵਿਚ ਸਾਹਮਣੇ ਆਉਂਦੇ ਹਨ ਉਨ੍ਹਾਂ ਸੰਕਲਪਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਦਾਰਸ਼ਨਿਕ ਪੱਖ ਤੋਂ ਪ੍ਰਸਤੁਤ ਕੀਤਾ ਹੈ। ਇਨ੍ਹਾਂ ਸੰਕਲਪਾਂ ਵਿਚ ਸਚਿਆਰ ਅਤੇ ਹੁਕਮ, ਹਉਮੈ, ਕਰਮ ਅਤੇ ਨਦਰ, ਪ੍ਰੇਮ ਭਗਤੀ, ਨਾਮ-ਸਿਮਰਨ, ਸਬਰ-ਸੰਤੋਖ, ਸਾਧਕ, ਮਨ, ਮਾਰਗ ਦਰਸ਼ਕ, ਸ਼ਬਦ ਦਾ ਮਹੱਤਵ, ਸ੍ਰਿਸ਼ਟੀ, ਪੰਜ ਖੰਡ ਆਦਿ ਦਾ ਜ਼ਿਕਰ ਆਉਂਦਾ ਹੈ। ਇਹ ਸਾਰੇ ਸੰਕਲਪ ਅਜਿਹੇ ਹਨ ਜਿਹੜੇ ਮੱਧਕਾਲੀ ਸੰਵੇਦਨਾ ਦੀ ਆਧਾਰਸ਼ਿਲਾ ਵਜੋਂ ਆਪਣੀ ਭੂਮਿਕਾ ਨਿਭਾਉਂਦੇ ਰਹੇ ਹਨ। ਮੱਧਕਾਲੀ ਸੰਵੇਦਨਾ ਦੀ ਖ਼ਾਸੀਅਤ ਇਹ ਸੀ ਕਿ ਇਸ ਵਿਚ ਵਿਚਰਦਾ ਹੋਇਆ ਮਨੁੱਖ ਇਕਹਿਰੀ ਜੀਵਨ ਸ਼ੈਲੀ ਨਹੀਂ ਜਿਉਂਦਾ ਬਲਕਿ ਇਹਲੌਕਿਕ ਜਗਤ ਵਿਚ ਉਹ ਜੋ ਵੀ ਕਰਮ-ਕਾਰਜ ਕਰਦਾ ਹੈ, ਉਨ੍ਹਾਂ ਦੀ ਫ਼ਲ ਭੂਮੀ ਪਾਰਲੌਕਿਕ ਬਣੀ ਰਹਿੰਦੀ ਹੈ। ਇਹ ਲੌਕਿਕ ਜਗਤ ਵਿਚ ਜੇ ਕੋਈ ਮਨੁੱਖ ਚੰਗੇ ਕਰਮ ਕਰਦਾ ਹੈ ਤਾਂ ਉਸਦਾ ਅਗਲੇਰਾ ਜਨਮ ਸੁੱਖ ਭਰਪੂਰ ਪਰ ਜੇ ਕੋਈ ਇਹ ਲੌਕਿਕ ਜਗਤ ਵਿਚ ਵਿਕਾਰੀ ਜੀਵਨ ਵਿਚ ਉਲਝਿਆ ਰਹਿੰਦਾ ਹੈ ਤਾਂ ਉਸ ਨੂੰ ਅਗਲੇ ਜੀਵਨ ਵਿਚ ਤਸੀਹਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਉਪਰੋਕਤ ਸੰਕਲਪ ਅਜਿਹੇ ਹਨ ਜਿਨ੍ਹਾਂ ਬਾਰੇ ਵਿਸਤਰਿਤ ਵਿਆਖਿਆ ਦੀ ਗੁੰਜਾਇਸ਼ ਬਣੀ ਰਹਿੰਦੀ ਹੈ ਪਰ ਸਾਡਾ ਲੇਖ ਸੀਮਿਤ ਹੋਣ ਕਾਰਨ ਅਸੀਂ ਇਨ੍ਹਾਂ ਸੰਕਲਪਾਂ ਨੂੰ ਗੁਰੂ ਨਾਨਕ ਦੇਵ ਜੀ ਨੇ ਜਿਹੜੇ ਮੁੱਖ ਨੁਕਤਿਆਂ ਰਾਹੀਂ ਉਭਾਰਨ ਦਾ ਯਤਨ ਕੀਤਾ ਹੈ, ਉਨ੍ਹਾਂ ਨੂੰ ਸੰਕੇਤਕ ਰੂਪ ਵਿਚ ਅਤੇ ਜਿਹੜੇ ਸੰਕਲਪ ਅਜੋਕੇ ਮਨੁੱਖ ਨੂੰ ਆਦਰਸ਼ਕ ਅਤੇ ਮਾਨਵ ਹਿਤੈਸ਼ੀ ਬਣਾ ਸਕਦੇ ਹਨ, ਉਨ੍ਹਾਂ ਬਾਰੇ ਵਧੇਰੇ ਵਿਚਾਰ-ਵਿਮਰਸ਼ ਕਰਨ ਬਾਰੇ ਸੋਚਦੇ ਹਨ। ਮੱਧਕਾਲੀ ਸੰਵੇਦਨਾ ਦਾ ਇਕ ਹੋਰ ਅਹਿਮ ਪਾਸਾਰ ਇਹ ਸੀ ਕਿ ਵੱਖ-ਵੱਖ ਧਾਰਮਿਕ ਫ਼ਿਰਕਿਆਂ ਵੱਲੋਂ ਮਨੁੱਖ ਨੂੰ ਪਾਰਲੌਕਿਕ ਫਲਭੂਮੀ ਦੇ ਡਰ ਵਜੋਂ ਇਹਲੌਕਿਕ ਜੀਵਨ ਵਿਚ ਕਰਮ ਕਾਂਡਾਂ, ਭੇਖਾਚਾਰਾਂ ਅਤੇ ਦਿਖਾਵੇ ਦਾ ਜੀਵਨ ਜੀਣ ਲਈ, ਇਕ ਬਣਾਉਟੀ ਜਿਹਾ ਜੀਵਨ ਜੀਣ ਲਈ ਉਲਝਾਇਆ ਜਾਂਦਾ ਸੀ। ਇਸ ਸਾਰੇ ਆਲੇ-ਦੁਆਲੇ ਦੇ ਮਾਹੌਲ ਅਤੇ ਪਰਪੰਚ ਵਿਚ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਜੋ ਮੁਖ ਸੂਤਰ ਪੇਸ਼ ਕੀਤਾ ਅਤੇ ਜਿਸਦੇ ਦੁਆਲੇ ਇਹ ਸਾਰੀ ਰਚਨਾ ਉਸਰੀ ਹੋਈ ਹੈ ਉਹ 'ਕਿਵ ਸਚਿਆਚਾ ਹੋਈਐ' ਦੇ ਪ੍ਰਸ਼ਨ ਅਤੇ 'ਹੁਕਮ ਰਜਾਈ ਚਲਣਾ' ਦੇ ਉੱਤਰ ਵਿਚ ਹੈ। ਮਨੁੱਖ ਦੇ ਸਚਿਆਰੇ ਹੋਣ ਦਾ ਪ੍ਰਸ਼ਨ ਅਜਿਹਾ ਹੈ, ਜਿਸਦਾ ਮਹੱਤਵ ਕੇਵਲ ਮੱਧਕਾਲੀ ਸਮੇਂ ਤੱਕ ਹੀ ਸੀਮਿਤ ਨਹੀਂ ਸੀ, ਇਹ ਸਰਬਕਾਲ ਵਿਚ ਵਿਚਰਨ ਵਾਲੇ ਮਨੁੱਖ ਨਾਲ ਰਾਬਤਾ ਰੱਖਦਾ ਹੈ। ਜਿੰਨੀ ਇਸ ਦੀ ਅਹਿਮੀਅਤ ਮਧਕਾਲੀ ਜੀਵਨ ਵਿਚ ਸੀ ਉਸ ਤੋਂ ਕਿਤੇ ਵਧੇਰੇ ਇਸ ਦੀ ਅਹਿਮੀਅਤ ਅੱਜ ਵੀ ਹੈ। ਪੁਰਾਣੇ ਸਮਿਆਂ ਵਿਚ ਮਨੁੱਖ ਨੂੰ ਪਰਮਾਤਮਾ ਦਾ ਭੈਅ ਅਤੇ ਦੈਵੀ ਸ਼ਕਤੀਆਂ ਦਾ ਖ਼ੌਫ਼ ਵੀ ਸੀ ਪਰ ਅਜੋਕੇ ਸਮੇਂ ਵਿਚ ਨਾ ਦੈਵੀ ਸ਼ਕਤੀਆਂ ਦਾ ਖ਼ੌਫ਼ ਰਿਹਾ ਹੈ ਅਤੇ ਨਾ ਹੀ ਪਰਮਾਤਮਾ ਦਾ ਭੈਅ, ਇਸ ਲਈ ਹੁਕਮ ਰਜਾਈ ਚੱਲਣ ਨੂੰ ਨਵੇਂ ਪ੍ਰਸੰਗਾਂ ਵਿਚ ਸਮਝਣਾ ਜ਼ਰੂਰੀ ਹੋਵੇਗਾ। ਮੱਧਕਾਲੀ ਸੰਵੇਦਨਾ ਵਿਚ ਹੁਕਮ ਰਜਾਈ ਚੱਲਣ ਤੋਂ ਭਾਵ ਆਪਣੇ ਜੀਵਨ ਵਿਚ ਉਹ ਕਰਮ ਕਰਨੇ ਹਨ ਜਿਨ੍ਹਾਂ ਨਾਲ ਮਨੁੱਖ ਦੀ ਲਿਵ ਜਾਂ ਬਿਰਤੀ ਪਰਮਾਤਮਾ ਪ੍ਰਤੀ ਇਕਾਗਰ ਹੁੰਦੀ ਹੈ ਅਤੇ ਜਿਹੜੇ ਕਾਰਜ ਸਦਾਚਾਰਕ ਜਾਂ ਨੈਤਿਕਤਾ ਦੇ ਪੈਮਾਨੇ ਉਤੇ ਪੂਰੇ ਉਤਰਦੇ ਹਨ। ਜਪੁਜੀ ਸਾਹਿਬ ਦਾ ਪਾਠ ਕਰਦਿਆਂ ਅਸੀਂ ਵਾਰ-ਵਾਰ ਇਹ ਦੇਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਦੀ ਅਪਾਰ-ਸ਼ਕਤੀ, ਉਸਦੀ ਅਸਗਾਹ ਹਸਤੀ ਅਤੇ ਉਸਨੂੰ ਇਕ ਅੰਤਿਮ ਸੱਚ ਵਜੋਂ ਸਥਾਪਿਤ ਕੀਤਾ ਹੈ। ਇਹ ਅਜਿਹੀ ਹਸਤੀ ਹੈ ਜਿਹੜੀ ਕਾਲਾਂ ਤੋਂ ਵੀ ਮੁਕਤ ਹੈ। ਗੁਰੂ ਜੀ ਅਨੁਸਾਰ ਇਹ ਹਸਤੀ ਅਜਿਹੀ ਹੈ ਜੋ ਅੰਤਮ ਅਸਲੀਅਤ ਅਤੇ ਸਰਬਕਾਲੀ ਸੱਚ ਵਾਲੀ ਹੈ। ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਜੀ ਇਸ ਹਸਤੀ ਦੀ ਵਿਰਾਟਤਾ ਦਾ ਜ਼ਿਕਰ ਵਾਰ-ਵਾਰ ਕਿਉਂ ਕਰਦੇ ਹਨ? ਸਾਡੇ ਮੁਤਾਬਿਕ ਇਸ ਦਾ ਜਵਾਬ ਇਹ ਹੈ ਕਿ ਗੁਰੂ ਜੀ ਮਨੁੱਖ ਨੂੰ ਇਸ ਸੰਸਾਰ ਦੇ ਨਾਸ਼ਮਾਨ ਅਤੇ ਮਾਇਆ ਦੇ ਪਸਾਰੇ ਨਾਲੋਂ ਤੋੜ ਕੇ ਸਰਬਕਾਲੀ ਸੱਚ ਨਾਲ ਜੋੜਨ ਦਾ ਰਸਤਾ ਦਰਸਾਉਂਦੇ ਹਨ। ਅਜਿਹੇ ਮਹਾਨ ਮਾਰਗ 'ਤੇ ਚੱਲਣ ਲਈ ਮਨੁੱਖ ਨੂੰ ਹਉਮੈ ਦਾ ਨਾਸ ਅਤੇ ਮਾਇਆ ਦੀ ਲਾਲਸਾ ਦਾ ਤਿਆਗ ਕਰਨਾ ਪਵੇਗਾ। ਇਸ ਤਿਆਗ ਨਾਲ ਹੀ ਮਨੁੱਖ "ਹੁਕਮੈ ਅੰਦਰ ਸਭ ਕੋ ਬਾਹਰ ਹੁਕਮ ਨਾ ਕੋਇ" ਦੇ ਨੇਮ ਦੀ ਪਾਲਣ ਕਰਨ ਦੇ ਯੋਗ ਹੋਵੇਗਾ। ਸਰਬ ਸ਼ਕਤੀਮਾਨ ਰੱਬ ਦੀ ਰਜ਼ਾ ਵਿਚ ਰਹਿਣ ਦਾ ਠੀਕ ਭਾਵ ਕੀ ਹੈ, ਇਹ ਜਾਣਨਾ ਕਠਿਨ ਹੈ। ਰਜ਼ਾ ਦੇ ਇਕ ਅਰਥ ਤਾਂ ਬਹੁਤ ਸਾਧਾਰਨ ਹਨ, ਜਦੋਂ ਕੋਈ ਘਟਨਾ ਸਾਡੀ ਮਰਜ਼ੀ ਜਾਂ ਹਿੱਤ ਜਾਂ ਸੁੱਖ ਦੇ ਵਿਰੁੱਧ ਵਾਪਰੇ ਉਸ ਵਿਚ ਰੱਬ ਦੀ ਖੁਸ਼ੀ ਸਮਝ ਕੇ ਸਬਰ ਕਰ ਛੱਡਣਾ, ਦੁੱਖ ਨਾ ਮਨਾਉਣਾ ਪਰ ਇਹ ਅਰਥ ਕਾਫ਼ੀ ਨਹੀਂ। ਜੇ ਦੁੱਖ ਵੇਲੇ ਸਬਰ ਕਰਨਾ ਜ਼ਰੂਰੀ ਹੈ ਤਾਂ ਸੁੱਖ ਵੇਲੇ ਸ਼ੁਕਰ ਕਰਨਾ ਵੀ ਫ਼ਰਜ਼ ਹੈ।

ਮਨੁੱਖ ਦੁਆਰਾ ਆਪਣੇ ਜੀਵਨ ਵਿਚ ਕੀਤੀਆਂ ਗਈਆਂ ਨੇਕ ਨੀਤੀਆਂ ਤੇ ਬਦ-ਨੀਤੀਆਂ ਨੂੰ ਪ੍ਰਭੂ-ਪਰਮਾਤਮਾ ਪ੍ਰਤੱਖ ਰੂਪ ਵਿਚ ਵਾਚਦਾ ਰਹਿੰਦਾ ਹੈ। ਦਾਰਸ਼ਨਿਕ ਅਰਥਾਂ ਵਿਚ ਦੇਖਿਆ ਜਾਵੇ ਤਾਂ ਇਹ ਤੱਥ ਸਹਿਜੇ ਹੀ ਸਮਝ ਵਿਚ ਆ ਜਾਂਦਾ ਹੈ ਕਿ ਮਨੁੱਖੀ ਜ਼ਮੀਰ ਜਾਂ ਆਤਮਾ ਵਿਚ ਅਧਿਆਤਮਕ ਅੰਸ਼ ਸ਼ਾਮਿਲ ਹੈ। ਮਨੁੱਖ ਜਦੋਂ ਵੀ ਆਪਣੀ ਜ਼ਿੰਦਗੀ ਵਿਚ ਵਿਅਕਤੀਗਤ ਹਿੱਤਾਂ ਅਤੇ ਸੁਆਰਥ ਖੇਤਰਾਂ ਵਿਚੋਂ ਬਾਹਰ ਨਿਕਲ ਕੇ ਮਾਨਵੀ ਕਾਰਜਾਂ ਉੱਪਰ ਆਪਣੀ ਬਿਰਤੀ ਇਕਾਗਰ ਕਰਦਾ ਹੈ ਤਾਂ ਉਸਦੀ ਆਤਮਾ ਵਿਸਮਾਦ ਅਤੇ ਖੇੜੇ ਵਿਚ ਮਹਿਕ ਉੱਠਦੀ ਹੈ ਪਰ ਜਦੋਂ ਨਿੱਜਤਾ ਦੀ ਸੁਆਰਥੀ ਦਲਦਲ ਵਿਚ ਖੁਭ ਜਾਂਦਾ ਹੈ ਤਾਂ ਉਸਦਾ ਮਾਨਵੀ ਆਪਾ ਮਲੀਨ, ਅਪਵਿੱਤਰ ਅਤੇ ਰੋਗੀ ਹੋ ਜਾਂਦਾ ਹੈ। ਇਹ ਰੋਗ ਅਜਿਹੇ ਹਨ ਜਿਹੜੇ ਮਨੁੱਖ ਦੀ ਹਸਤੀ ਨੂੰ ਖ਼ਤਮ ਕਰ ਦਿੰਦੇ ਹਨ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਹ ਕਿਹੜੀ ਸ਼ਕਤੀ ਹੈ ਜੋ ਮਨੁੱਖ ਨੂੰ ਸੁਆਰਥੀ ਜੀਵਨ ਵਿਚੋਂ ਕੱਢ ਕੇ ਆਦਰਸ਼ਕ ਜੀਵਨ ਸ਼ੈਲੀ ਨਾਲ ਜੋੜ ਦੇਵੇ। ਗੁਰੂ ਨਾਨਕ ਦੇਵ ਜੀ ਨੇ ਇਸਦੇ ਜੁਆਬ ਵਜੋਂ "ਧੌਲੁ ਧਰਮੁ ਦਇਆ ਕਾ ਪੂਤੁ, ਸੰਤੋਖੁ ਥਾਪਿ ਰਖਿਆ ਜਿਨਿ ਸੂਤਿ" ਦਾ ਹਵਾਲਾ ਦਿੱਤਾ ਹੈ। ਇਸ ਧਾਰਮਿਕ ਮਾਰਗ 'ਤੇ ਚੱਲਣ ਵਾਲੇ ਪੰਚ ਅਤੇ ਸਾਧਕ ਜੋ ਇਹਲੌਕਿਕ ਅਤੇ ਪਾਰਲੌਕਿਕ ਜਗਤ ਵਿਚ ਅਧਿਆਤਮਕ ਸਾਧਨਾ ਰਾਹੀਂ ਆਪਣੀ ਹਸਤੀ ਨੂੰ ਏਨੀ ਸਚਿਆਰੀ ਬਣਾ ਲੈਂਦੇ ਹਨ ਕਿ ਉਨ੍ਹਾਂ ਦੀ ਹਸਤੀ ਵਿਚ ਪ੍ਰਭੂ-ਪਰਮਾਤਮਾ ਦੇ ਸਰਬਕਾਲੀ ਸੱਚ ਦੇ ਅੰਸ਼ ਸ਼ਾਮਿਲ ਹੋ ਜਾਂਦੇ ਹਨ। ਉਹ ਜ਼ਿੰਦਗੀ ਦੀ ਉਲਾਰਤਾ ਵਿਚ ਖੁੱਭੇ ਹੋਏ ਮਨੁੱਖਾਂ ਨੂੰ ਨਾਮ ਸਿਮਰਨ ਰਾਹੀਂ ਸਾਵੇਂ, ਸੰਤੁਲਨ ਅਤੇ ਉਚੇਰੇ ਮਾਰਗ ਦਾ ਰਸਤਾ ਦਰਸਾ ਸਕਦੇ ਹਨ:

1.ਮੰਨੈ ਪਾਵਹਿ ਮੋਖੁ ਦੁਆਰੁ॥ਮੰਨੈ ਪਰਵਾਰੈ ਸਾਧਾਰੁ॥
ਮੰਨੈ ਤਰੈ ਤਾਰੇ ਗੁਰੁ ਸਿਖ॥ ਮੰਨੈ ਨਾਨਕ ਭਵਹਿ ਨਾ ਭਿਖ॥15॥

2. ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥

ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਵਿਆਖਿਆ ਦਇਆ ਦੇ ਰੂਪ ਵਿਚ ਕੀਤੀ ਹੈ। ਜੋ ਮਨੁੱਖ ਨੂੰ ਸਬਰ-ਸੰਤੋਖ ਅਤੇ ਸਹਿਜ ਵਿਚ ਰਹਿਣ ਦਾ ਵਲ ਸਿਖਾਉਂਦਾ ਹੈ। ਅੱਜ ਦਾ ਮਨੁੱਖ ਧਾਰਮਿਕ ਅਤੇ ਸ਼ਰਧਾਮਈ ਪੂਜਣਯੋਗ ਅਦਾਰਿਆਂ ਨੂੰ ਅਜਿਹੀ ਸਰਵਉੱਚਤਾ ਵਿਚ ਦੇਖਣਾ ਚਾਹੁੰਦੇ ਹਨ ਜਿਥੇ ਧਰਮ ਆਪਣੀਆਂ ਬੁਨਿਆਦੀ ਨੀਹਾਂ ਉੱਪਰ ਖੜ੍ਹੋ ਕੇ ਆਪਣੀ ਉੱਚਤਮ ਮਿਸਾਲ ਪੈਦਾ ਕਰੇ ਤੇ ਦੁਨੀਆ ਦੇ ਵੰਨ-ਸੁਵੰਨੇ ਬੰਦਿਆਂ ਵਿਚ ਮੋਹ-ਪਿਆਰ ਅਤੇ ਮੁਹੱਬਤ ਦੇ ਮੇਲ ਰਾਹੀਂ ਆਪਸੀ ਪਿਆਰ ਦੀਆਂ ਤੰਦਾਂ ਨੂੰ ਪਕੇਰਿਆਂ ਕਰੇ। ਮਨੁੱਖ ਮਨੁੱਖ ਦਰਮਿਆਨ ਪੈਦਾ ਹੋ ਰਹੀਆਂ ਦੂਰੀਆਂ ਨੂੰ ਘਟਾ ਕੇ ਅਤੇ ਉਸਰ ਰਹੀਆਂ ਦੀਵਾਰਾਂ ਨੂੰ ਤੋੜ ਕੇ ਮੁਹੱਬਤ ਦੇ ਪੁਲਾਂ ਦੀ ਉਸਾਰੀ ਕਰੇ।



ਅਸੀਂ ਦੇਖਿਆ ਹੈ ਕਿ ਜਪੁਜੀ ਸਾਹਿਬ ਦਾ ਬਹੁਤਾ ਭਾਗ ਪਰਮਾਤਮਾ ਦੀ ਸ਼ਕਤੀ ਅਤੇ ਵਿਰਾਟਤਾ ਦਾ ਪ੍ਰਭਾਵ ਪਾਉਂਦਾ ਹੈ। ਸ਼ਕਤੀ ਦੇ ਇਸ ਕੇਂਦਰ ਦੀ ਤੁਲਨਾ ਦੁਨਿਆਵੀ ਸ਼ਕਤੀ ਕੇਂਦਰਾਂ ਨਾਲ ਕਰ ਕੇ ਇਸਦੀ ਸਮਰੱਥਾ ਨੂੰ ਅਤਿਅੰਤ ਵਿਸ਼ਾਲ ਦਰਸਾਇਆ ਗਿਆ ਹੈ:

1. ਜਿਸੁ ਹਥਿ ਜੋਰੁ ਕਰਿ ਵੇਖੈ ਸੋਇ॥ ਨਾਨਕ ਉਤਮੁ ਨੀਚੁ ਨ ਕੋਇ॥33॥

2. ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ॥
ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥
ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ ਨਾਨਕ ਰਹਣੁ ਰਜਾਈ॥27॥

ਉਸ ਮਹਾਨ ਸ਼ਕਤੀਸ਼ਾਲੀ ਪਰਮਾਤਮਾ ਅੱਗੇ ਦੁਨਿਆਵੀ ਮਨੁੱਖ ਦੀ ਕੋਈ ਕਾਇਆ ਨਹੀਂ। ਜਪੁਜੀ ਸਾਹਿਬ ਵਿਚ ਪਰਮਾਤਮਾ ਅਨੇਕ ਸ਼ਕਤੀਆਂ, ਧਰਤੀਆਂ, ਬ੍ਰਹਿਮੰਡਾਂ, ਜੀਅ-ਜੰਤਾਂ ਦਾ ਰਚਨਹਾਰਾ ਹੈ। ਉਸ ਦਾ ਅੰਸ਼ ਮਨੁੱਖੀ ਆਤਮਾ ਵਿਚ ਸ਼ਾਮਿਲ ਹੁੰਦਾ ਹੈ। ਅਜਿਹੀ ਵਿਸਮਾਦੀ ਅਵਸਥਾ ਵਿਚ ਮਨੁੱਖ ਉਦੋਂ ਪਹੁੰਚਦਾ ਹੈ ਜਦੋਂ ਉਹ ਜਪੁਜੀ ਸਾਹਿਬ ਦੁਆਰਾ ਦਰਸਾਏ ਗਏ ਪੰਜਾਂ ਖੰਡਾਂ ਦੀ ਅੰਤਿਮ ਮੰਜ਼ਿਲ 'ਤੇ ਪਹੁੰਚਦਾ ਹੈ। ਸਚਖੰਡ ਦੀ ਅਵਸਥਾ ਵਿਚ ਉਹ ਪ੍ਰਭੂ-ਪਰਮਾਤਮਾ ਦਾ ਦੀਦਾਰ ਕਰਦਾ ਹੈ। ਸਾਧਕ ਪਰਮਾਤਮਾ ਨਾਲ ਇਕਮਿਕ ਹੋ ਕਿ ਕਿਰਿਆਸ਼ੀਲ ਹੋ ਜਾਂਦਾ ਹੈ, ਨਿਸ਼ਕ੍ਰਿਅ ਨਹੀਂ ਰਹਿੰਦਾ। ਉਸਦੀ ਇਸ ਅਗਵਾਈ 'ਤੇ ਕਿਰਿਆ ਮਾਨਤਾ ਦਾ ਮੰਤਵ ਵੀ ਨਿਰੰਕਾਰ ਵਾਲਾ ਹੀ ਭਾਵ ਦਇਆ ਵਾਲਾ ਹੁੰਦਾ ਹੈ। ਉਸ ਮਨ ਅੰਦਰ ਇਹਲੌਕਿਕ ਜਗਤ ਲਈ ਅਪਾਰ ਦਇਆ ਉਪਜਦੀ ਹੈ। ਪੰਜਾਬੀ ਦੇ ਕੁੱਝ ਵਿਦਵਾਨਾਂ ਨੇ ਜਪੁਜੀ ਸਾਹਿਬ ਦੇ ਰਹੱਸਵਾਦੀ ਖੰਡਾਂ ਨੂੰ ਸੂਫ਼ੀ ਸਾਧਕਾਂ ਦੀਆਂ ਵਿਭਿੰਨ ਮੰਜ਼ਿਲਾਂ ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ ਨਾਲ ਤੁਲਨਾਇਆ ਹੈ।

ਉਚੇਰੀ ਅਵਸਥਾ 'ਤੇ ਪੁੱਜ ਕੇ ਮਨੁੱਖ ਅੰਦਰੋਂ ਆਨੰਦ ਭਰਪੂਰ ਦਸ਼ਾ ਵਿਚ ਰਹਿੰਦਾ ਹੈ। ਉਹ ਇਕ ਵਾਰੀ ਸੁਨ ਸਮਾਧੀ ਜਿਸ ਵਿਚ ਨਿਰਗੁਣ ਬ੍ਰਹਮ ਨੂੰ ਅਨੁਭਵ ਕਰ ਚੁੱਕਾ ਹੁੰਦਾ ਹੈ ਉਸਨੂੰ ਕਦੇ ਵੀ ਭੁੱਲ ਨਹੀਂ ਸਕਦਾ। ਸੰਸਾਰ ਵਿਚ ਵਿਭਿੰਨ ਕਾਰਜ ਕਰਦੇ ਹੋਏ ਹੀ ਉਹ ਅੰਤਰ-ਆਤਮੇ ਵਿਚ ਉਸ ਨਾਲ ਜੁੜਿਆ ਰਹਿੰਦਾ ਹੈ। ਇਹ ਉਸਦੀ ਨਿਰਲੇਪਤਾ ਦਾ ਭੇਦ ਹੈ ਅਤੇ ਅਨੰਦ ਦਾ ਵੀ। ਉਹ ਉਪਦੇਸ਼ ਦੇਂਦਾ ਹੈ, ਬਾਣੀ ਰਚਦਾ ਹੈ, ਸੇਵਾ ਕਰਦਾ ਹੈ ਤੇ ਲੋੜ ਪੈਣ 'ਤੇ ਆਪਾ ਸਮਰਪਣ ਵੀ ਕਰ ਦਿੰਦਾ ਹੈ। ਉਸਦਾ ਮਾਨਵੀ ਪ੍ਰੇਮ ਉਸ ਕੋਲੋਂ ਮਹਾਨਤਾ ਦੀਆਂ ਪੈੜਾਂ ਪਵਾਉਂਦਾ ਹੈ।

ਹਥਲੇ ਲੇਖ ਦੇ ਅੰਤਲੇ ਪੜਾਅ ਉਤੇ ਅਸੀਂ ਜਪੁਜੀ ਸਾਹਿਬ ਦੀ ਆਧੁਨਿਕ ਮਨੁੱਖ ਲਈ ਸਾਰਥਿਕਤਾ ਬਾਰੇ ਵਿਚਾਰ-ਵਿਮਰਸ਼ ਕਰਨਾ ਚਾਹੁੰਦੇ ਹਾਂ। ਅੱਜ ਦਾ ਮਨੁੱਖ ਗੁਰੂ ਨਾਨਕ ਦੇਵ ਜੀ ਦੇ ਧੀਮੀ ਗਤੀ ਅਤੇ ਸਰਲ ਸਪਾਟ ਯੁੱਗ ਨਾਲੋਂ ਤੇਜ਼-ਤਰਾਰ ਤੇ ਵਿਸ਼ਵ ਵਿਆਪੀ ਇਕ ਅਜਿਹੇ ਗਲੋਬਲ ਪਿੰਡ ਵਾਲੇ ਯੁੱਗ ਵਿਚ ਰਹਿ ਰਿਹਾ ਹੈ ਜਿਥੇ ਮਾਨਸਿਕ ਤਣਾਵਾਂ, ਦੁਵਿਧਾਵਾਂ, ਜਟਿਲਤਾਵਾਂ ਅਤੇ ਪਦਾਰਥਕ ਸ਼ਕਤੀਆਂ ਦੇ ਆਕਰਸ਼ਣ ਵਿਚ ਲਾਲਸਾਵਾਂ ਨੂੰ ਉਪਜਾਉਣ ਵਾਲਾ ਰੁਝਾਨ ਬਣ ਗਿਆ ਹੈ। ਅਜਿਹੀਆਂ ਪਰਿਸਥਿਤੀਆਂ ਵਿਚ ਮਨੁੱਖ ਨੇ ਸਚਿਆਰੇ ਹੋਣ ਲਈ ਹੁਕਮ ਅਤੇ ਰਜ਼ਾ ਜਾਂ ਭਾਣੇ ਵਿਚ ਆਪਣੇ ਆਪ ਨੂੰ ਕਿਵੇਂ ਬੰਨ੍ਹਣਾ ਹੈ? ਇਹ ਅਜੋਕੇ ਸਮੇਂ ਦੇ ਮੁੱਖ ਸਵਾਲ ਹਨ। ਸਮੇਂ ਦੀ ਕਰਵਟ ਨੇ ਮਨੁੱਖੀ ਸੁਪਨਿਆਂ ਅਤੇ ਲਾਲਸਾਵਾਂ ਦੇ ਸੰਸਾਰ ਨੂੰ ਮੋਕਲਾ ਕੀਤਾ ਹੈ, ਮੁਕਾਬਲੇ ਦੀ ਦੌੜ ਵਿਚ ਵਿਅਕਤੀ ਨੂੰ ਹਾਰਾਂ ਦੇ ਸਨਮੁੱਖ ਵੀ ਹੋਣਾ ਪੈਂਦਾ ਹੈ। ਝੂਠੀਆਂ ਜਿੱਤਾਂ ਜਾਂ ਸ਼ਾਨਾਂ ਲਈ ਮਨੁੱਖੀ ਜੀਵਨ ਵਿਚ ਇਹੋ ਜਿਹੇ ਅਵਸਰ ਵੀ ਆਉਂਦੇ ਹਨ ਜਦੋਂ ਇਨਸਾਨ ਆਪਣੀ ਆਤਮਾ ਜਾਂ ਜ਼ਮੀਰ ਵੱਲ ਪਿੱਠ ਕਰ ਬੈਠਦਾ ਹੈ। ਦੁਨੀਆ ਵਿਚ 'ਅਸੰਖ ਜਪ ਅਸੰਖ ਭਾਉ' ਵਾਲੇ ਅਤੇ 'ਅਸੰਖ ਮੂਰਖ ਅੰਧ ਘੋਰ' ਵੀ ਹਨ।

ਗੁਰੂ ਜੀ ਨੇ ਦੋਹਾਂ ਧਿਰਾਂ ਨੂੰ ਇਕ ਦੂਸਰੇ ਦੇ ਪੂਰਕ ਦਿਖਾ ਕੇ ਜ਼ਿੰਦਗੀ ਵਿਚ ਉਲਾਰ ਹੋਏ ਬੰਦਿਆਂ ਨੂੰ ਸਹਿਜ ਸੰਕਲਪ ਦੇ ਸੰਸਾਰ ਵਿਚ ਪ੍ਰਵੇਸ਼ ਕਰਨ ਦੀ ਦਾਅਵਤ ਦਿੱਤੀ ਹੈ। ਅਜਿਹੀ ਭਾਵਨਾ ਇਸ ਸੰਸਾਰ ਦੀ ਆਦਰਸ਼ਕ ਸਿਰਜਣਾ ਲਈ ਇਕ ਸਨੇਹ ਭਰਿਆ ਮਾਨਵੀ ਸੰਸਾਰ ਸਿਰਜਣ ਦਾ ਉਪਰਾਲਾ ਕਰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਰਚਨਾ ਵਿਚ ਵਾਰ-ਵਾਰ ਬ੍ਰਹਮ ਦੀ ਵਿਰਾਟਤਾ ਅਤੇ ਵਡੱਪਣ ਨੂੰ ਦਰਸਾਉਣ ਦੇ ਨਾਲ ਮਨੁੱਖ ਨੂੰ ਉਸਦੀ ਤੁਛ ਹਸਤੀ ਦਾ ਅਹਿਸਾਸ ਇਸ ਲਈ ਕਰਵਾਇਆ ਹੈ ਤਾਂ ਜੋ ਉਹ ਆਪਣੀ ਆਤਮਾ ਵਿਚ ਸਮਾਈ ਹੋਈ ਆਤਮਾ ਦੀ ਆਵਾਜ਼ ਨੂੰ ਸੁਣਦਾ ਰਹੇ ਅਤੇ ਸਚਿਆਰੇ ਹੋਣ ਦਾ ਪੱਖ ਪੂਰਦਾ ਰਹੇ। ਜੋ ਵਿਅਕਤੀ ਆਤਮਾ ਦੀ ਆਵਾਜ਼ ਸੁਣਦਾ ਹੈ, ਉਹ ਸਚਿਆਰੇ ਰਸਤਿਆਂ ਨੂੰ ਛੱਡ ਕੇ ਵਿਚਲਿਤ ਰਸਤਿਆਂ ਦਾ ਰਾਹੀ ਨਹੀਂ ਬਣਦਾ। ਆਤਮਾ ਦੇ ਦਰਸਾਏ ਹੋਏ ਰਸਤੇ 'ਤੇ ਚਲਣ ਵਾਲਾ ਜਗਿਆਸੂ ਨਿਰਾਸਤਾ ਦੇ ਆਲਮ ਵਿਚ ਨਹੀਂ ਡੁੱਬਦਾ ਅਤੇ ਨਾ ਹੀ ਪ੍ਰਾਪਤੀਆਂ ਦੀ ਚੋਟੀ 'ਤੇ ਬੈਠਾ ਹੋਇਆ ਅਜਿਹਾ ਇਨਸਾਨ ਹਉਮੈ ਤੇ ਗਰਬ ਗੁਮਾਨ ਦੇ ਪਾਖੰਡੀ ਜਾਲ ਵਿਚ ਫਸਦਾ ਹੈ ਕਿਉਂਕਿ ਉਸ ਵਿਚ ਜ਼ਮੀਰ ਦੀ ਆਵਾਜ਼ ਨੂੰ ਸੁਣਨ ਦੀ ਲਗਨ ਲੱਗ ਜਾਂਦੀ ਹੈ। ਪਰਮਾਤਮਾ ਦੀ ਰਜ਼ਾ ਵਿਚ ਰਹਿਣ ਵਾਲਾ ਮਨੁੱਖ ਸੰਤੁਲਿਤ ਅਤੇ ਸੁਖਾਵੇਂ ਰਸਤਿਆਂ ਦਾ ਇਕ ਅਜਿਹਾ ਆਦਰਸ਼ਕ ਇਨਸਾਨ ਬਣ ਜਾਂਦਾ ਹੈ ਜਿਹੜਾ ਕੇਵਲ ਆਪਣੇ ਆਪੇ ਨੂੰ ਹੀ ਨਹੀਂ ਬਲਕਿ ਲੋਕਾਈ ਦਾ ਪੱਥ ਪ੍ਰਦਰਸ਼ਨ ਕਰਨ ਦੇ ਯੋਗ ਵੀ ਹੋ ਜਾਂਦਾ ਹੈ। ਉਸਨੂੰ ਆਪਣੇ ਮਨ ਰਾਹੀਂ ਜੱਗ ਨੂੰ ਜਿੱਤਣ ਦਾ ਗੁਰ ਆ ਜਾਂਦਾ ਹੈ। ਉਹ ਸੰਸਾਰ ਦੀਆਂ ਝੂਠੀਆਂ ਪੂਜਾ ਵਿਧੀਆਂ ਅਤੇ ਬਾਹਰ ਦੇ ਦਿਖਾਵੇ ਮਾਤਰ ਕੀਤੇ ਗਏ ਕਰਮਕਾਂਡਾਂ ਵਿਚ ਉਲਝਣ ਦੀ ਬਜਾਏ ਜ਼ਮੀਰ ਦੀ ਆਵਾਜ਼ ਸੁਣ ਕੇ ਆਤਮਕ ਮੰਜ਼ਿਲਾਂ ਨੂੰ ਤੈਅ ਕਰਦਾ ਹੋਇਆ ਵਿਸਮਾਦੀ ਜੀਵਨ ਵਿਚ ਪ੍ਰਵੇਸ਼ ਕਰ ਜਾਂਦਾ ਹੈ। ਅਜਿਹੇ ਮਨੁੱਖ ਦਾ ਬੋਲ, ਸ਼ਬਦ ਜਾਂ ਉਚਾਰ ਕਿਸੇ ਇਕ ਸੀਮਿਤ ਬਿੰਦੂ ਤੱਕ ਸੀਮਿਤ ਨਹੀਂ ਰਹਿੰਦਾ ਬਲਕਿ ਸੰਚਾਰ ਯੰਤਰਾਂ ਰਾਹੀਂ ਦ੍ਰਿਸ਼ਟੀ ਬਿੰਦੂ ਬਣ ਕੇ ਚਾਰੇ ਕੂਟਾਂ ਵਿਚ ਫ਼ੈਲ ਜਾਂਦਾ ਹੈ। ਲੋੜ ਸਿਰਫ਼ ਸੱਚ ਦੇ ਰਸਤੇ 'ਤੇ ਤੁਰ ਕੇ ਸਚਿਆਰੀ ਹੋਂਦ ਨੂੰ ਪ੍ਰਾਪਤ ਕਰਨ ਦੀ ਹੈ। ਰੱਬ ਦੀ ਰਜ਼ਾ ਵਿਚ ਰਹਿਣ, ਉਸਦਾ ਹੁਕਮ ਮੰਨਣ, ਹਉਮੈ ਦਾ ਨਾਸ ਕਰਨ ਅਤੇ ਮਾਨਵਤਾ ਦੇ ਰਸਤੇ 'ਤੇ ਪਹਿਰਾ ਦੇਣ ਨਾਲ ਆਦਰਸ਼ਕ ਮਨੁੱਖ ਦੀ ਘਾੜਤ ਹੋ ਜਾਂਦੀ ਹੈ। ਅੱਜ ਦੇ ਪਦਾਰਥਵਾਦੀ ਸਮੇਂ ਵਿਚ ਅਜਿਹੇ ਉੱਚੀ ਬਿਰਤੀ ਅਤੇ ਬੁਲੰਦ ਵਿਚਾਰਾਂ ਵਾਲੇ ਮਨੁੱਖਾਂ ਦੀ ਤਲਾਸ਼ ਹੈ ਜੋ ਗੁਰੂ ਦੀ ਦੱਸੀ ਵਾਟ 'ਤੇ ਚੱਲ ਕੇ ਨਾਮ ਦਾ ਸਿਮਰਨ ਕਰਨ ਅਤੇ ਇਸ ਜਗਤ ਵਿਚ ਮਾਣ ਸਨਮਾਨ ਹਾਸਿਲ ਕਰਨ। ਅਜਿਹੇ ਆਦਰਸ਼ਕ ਵਿਅਕਤੀਆਂ ਕੋਲੋਂ ਨਿਖੇਧਾਤਮਕ ਸ਼ਕਤੀਆਂ, ਜੋ ਬੰਦੇ ਨੂੰ ਮਾਇਆ ਦੇ ਜੰਜਾਲ ਵਿਚ ਘੇਰ ਕੇ ਉਸਦੀ ਸ਼ਖ਼ਸੀਅਤ ਨੂੰ ਬੌਣਿਆਂ ਕਰ ਦਿੰਦੀਆਂ ਹਨ, ਆਪਣੇ ਆਪ ਹੀ ਕਿਨਾਰਾ ਕਰ ਲੈਂਦੀਆਂ ਹਨ। ਇਸ ਤਰ੍ਹਾਂ ਮਹਾਨ ਮਨੁੱਖ ਆਪਣੇ ਆਦਰਸ਼ਾਂ ਨੂੰ ਸਰ ਕਰਨ ਦੇ ਯੋਗ ਹੋ ਜਾਂਦੇ ਹਨ ਅਤੇ ਆਪਣੀ ਨਾਸ਼ਵਾਨ ਹਸਤੀ ਦਾ ਕਾਇਆ ਕਲਪ ਕਰਕੇ ਇਸਨੂੰ ਸਦੀਵੀ ਬਣਾ ਲੈਂਦੇ ਹਨ ਅਤੇ ਜੀਵਨ ਦੀਆਂ ਆਦਰਸ਼ਕ ਪੈੜਾਂ ਨੂੰ ਪੱਕਿਆਂ ਵੀ ਕਰਦੇ ਹਨ।

## ਬਾਬਾ ਮੈਂ ਤੇਰੀ ਸੋਚ ਨੂੰ

ਬਾਬਾ ਮੈਂ ਤੇਰੀ ਸੋਚ ਨੂੰ ਮੱਥੇ 'ਚ ਪਾ ਲਵਾਂ
ਕਾਇਆ ਨੂੰ ਬਖਸ਼ ਸੱਤਿਆ ਸੰਜਮ ਹੰਢਾ ਲਵਾਂ।

ਪੜ੍ਹਦਿਆਂ ਤੇਰੀ ਬਾਣੀ ਨੂੰ ਬੀਤ ਗਏ ਨੇ ਸਾਲ
ਹੁਣ ਫ਼ਲਸਫੇ ਨੂੰ ਅਮਲ ਦਾ ਜਾਮਾ ਪੁਆ ਲਵਾਂ।

ਲੰਘੀਆਂ ਨੇ ਕਈ ਪੀੜ੍ਹੀਆਂ ਤੇਰਾ ਨਾਮ ਜਪਦਿਆਂ
ਮਨ ਨੂੰ ਪਰ ਜਿੱਤ ਲੈਣ ਦਾ ਦਾਅਵਾ ਪੁਗਾ ਲਵਾਂ।

ਏਨਾ ਕੁ ਦੇਵੀਂ ਬਲ ਕਿ ਮੈਂ ਸੱਚ ਨੂੰ ਸਿਆਣ ਲਾਂ
ਤੇਰੀ ਸਿਆਹੀ ਦੀ ਬੂੰਦ ਮੈਂ ਕਾਨੀ ਨੂੰ ਲਾ ਲਵਾਂ।

ਆਪਣੀ ਜ਼ਮੀਰ ਮਾਰ ਕੇ ਜੀਂਦੇ ਰਹੇ ਨੇ ਲੋਕ
ਰੂਹਾਂ ਦੇ ਬੋਲ ਜਗਤ ਵਿਚ ਸਭ ਨੂੰ ਸੁਣਾ ਲਵਾਂ।

ਮਾਇਆ ਨੇ ਮੇਰੇ ਪੈਰਾਂ ਵਿਚ ਪਾਈਆਂ ਜੋ ਬੇੜੀਆਂ
ਤੋੜ ਕੇ ਮੋਹ-ਪਿਆਰ ਲਈ ਬਾਹਵਾਂ ਫੈਲਾ ਲਵਾਂ

ਸਿੱਖਿਆ ਦਾ ਅਮਲ ਬਣ ਗਿਆ ਦੂਏ ਨੂੰ ਦੇਵਣਾ
ਸ਼ਾਲਾ! ਮੈਂ ਪਹਿਲਾਂ ਏਸਨੂੰ ਹੱਡੀਂ ਵਸਾ ਲਵਾਂ।

***– ਸੁਹਿੰਦਰ ਬੀਰ***

## ਪੁਸਤਕ ਚਰਚਾ

# ਅਲਵਿਦਾ ! ...ਕਦੇ ਵੀ ਨਹੀਂ

ਨੀਲਮ ਦਾ ਇਹ ਨਾਵਲ ਆਪਣੇ ਬੇਓੜਕ ਮੁਹੱਬਤ ਕਰਨ ਵਾਲੇ ਪਤੀ ਦੀ ਯਾਦ ਵਿਚ ਲਿਖਿਆ ਹੋਇਆ ਇੱਕ ਖ਼ੂਬਸੂਰਤ ਪਿਆਰ-ਗੀਤ ਹੈ, ਸੋਗ-ਗੀਤ ਹੈ, ਸਿਦਕ ਗੀਤ ਹੈ।

ਸ਼ਾਹ ਹੁਸੈਨ ਸਾਹਿਬ ਫ਼ੁਰਮਾਉਂਦੇ ਹਨ-

ਦਰਦ ਵਿਛੋੜੇ ਦਾ ਹਾਲ ਨੀ ਮੈਂ ਕੈ ਨੂੰ ਆਖਾਂ!

ਇਹ ਪੁੱਛਦੇ ਪੁੱਛਦੇ ਬੜੀ ਖ਼ੂਬਸੂਰਤੀ ਨਾਲ ਆਪਣੇ ਦਿਲ ਦਾ ਹਾਲ ਸੁਣਾ ਵੀ ਜਾਂਦੇ ਹਨ।

ਦਿਲ ਵਾਲਿਆਂ ਕੋਲ ਦਿਲ ਦਾ ਹਾਲ ਸੁਣਾਉਣ ਦਾ ਸਲੀਕਾ ਹੁੰਦਾ ਹੈ।

ਨੀਲਮ ਨੇ ਆਪਣੇ ਪਤੀ-ਪ੍ਰੇਮੀ ਲਾਜ ਨਾਲ ਜੁੜਨ ਅਤੇ ਉਸਦੇ ਵਿਚੜਣ ਤੱਕ ਦੀ ਕਹਾਣੀ ਨੂੰ ਦਿਲ ਦੇ ਲਹੂ ਨਾਲ ਲਿਖਿਆ ਹੈ। ਨਿਰਸੰਦੇਹ ਕਹਾਣੀ ਇਸ ਪ੍ਰੀਤ-ਸਾਂਝ ਦੇ ਜੁੜਨ, ਬਣਨ, ਵਿਗਸਣ, ਵਿਚੜਨ ਤੇ ਵਿਛੋੜੇ




ਦੀ ਸਹਿਜ ਸਵੀਕ੍ਰਿਤੀ ਵੱਲ ਸਿੱਧਾ ਸਫ਼ਰ ਕਰਦੀ ਹੈ, ਪਰ ਇਸਦੇ ਨਾਲ-ਨਾਲ ਹੀ ਆਸ-ਪਾਸ ਦੇ ਰਿਸ਼ਤਿਆਂ ਦੀ ਸਜਿੰਦ ਬਾਤ ਵੀ ਪਾਈ ਜਾਂਦੀ ਹੈ। ਨੀਲਮ ਦੇ ਮਾਂ-ਬਾਪ, ਸਹੁਰਿਆਂ ਦਾ ਪਰਿਵਾਰ, ਸਹੇਲੀਆਂ ਦੀਆਂ ਸਾਂਝਾਂ, ਸਾਹਿਤਕਾਰ ਮਿੱਤਰਾਂ ਦੇ ਸਨੇਹ, ਸਹਿਕਰਮੀਆਂ ਦੀ

**ਵਰਿਆਮ ਸਿੰਘ ਸੰਧੂ**
**ਫੋਨ: 647-535-1539**
**ਵਟਸਐਪ-98726-02296**

ਮੁਹੱਬਤ ਤੇ ਨਫ਼ਰਤ, ਅਮਰੀਕਾ ਵਿਚ ਸਥਾਪਤ ਹੋਣ ਲਈ ਕੀਤੀ ਜਦੋ-ਜਹਿਦ, ਮੁਸ਼ਕਿਲਾਂ 'ਤੇ ਫ਼ਤਹਿ ਕਰਨ ਦੀ ਕਹਾਣੀ ਬਿਨਾ ਕਿਸੇ ਵਿੰਗ-ਵਲੇਵੇਂ ਦੇ ਕਲਾਤਮਕ ਖ਼ੂਬਸੂਰਤੀ ਨਾਲ ਪੇਸ਼ ਹੋਈ ਹੈ। ਕਿਤੇ ਔਰਤਾਂ ਨਾਲ ਦਾਜ ਘੱਟ ਦੇਣ ਕਾਰਨ ਹੁੰਦੇ ਜ਼ੁਲਮ ਦੀ ਕਹਾਣੀ ਹੈ, ਕਿਤੇ ਅੱਤਵਾਦ ਦੇ ਦੈਂਤ ਵੱਲੋਂ ਪਰਿਵਾਰਾਂ ਦੇ ਉੱਜੜਣ ਦਾ ਜ਼ਿਕਰ ਹੈ, ਕਿਤੇ ਸਹਿਕਰਮੀਆਂ ਵਿਚ ਆਪਸੀ ਖ਼ੁੰਧਕ, ਕਿਤੇ ਅਮਰੀਕੀ ਸਕੂਲਾਂ ਵਿਚ ਟੁੱਟੇ ਪਰਿਵਾਰਾਂ ਦੇ ਬੱਚਿਆਂ ਦੀ ਕਲਵਲ ਕਰਦੀ ਪੀੜਾ ਤੇ ਇੰਝ ਹੀ ਹੋਰ ਕਈ ਕੁਝ ਹੋਰ ਉਹਦੀ ਨਿੱਜੀ ਪੀੜ ਨਾਲ ਜੁੜ ਕੇ ਸਹਿਜੇ ਹੀ ਕਹਾਣੀ ਵਿਚ ਘੁਲ-ਮਿਲ ਕੇ ਉਸਦਾ ਹਿੱਸਾ ਬਣ ਜਾਂਦਾ ਹੈ।

ਇਹ ਬਿਰਤਾਂਤ ਨਿਰਸੰਦੇਹ ਗੁੰਝਲ-ਰਹਿਤ, ਸੁੰਦਰ ਅਤੇ ਸੁਹਜੀਲਾ ਹੈ। ਇਸ ਕਰ ਕੇ ਸਾਦਾ, ਸੁੱਚਾ ਅਤੇ ਖਰਾ ਹੈ ਕਿਉਂਕਿ ਇਸ ਵਿਚ ਵਧਾਈ-ਚੜ੍ਹਾਈ ਕਲਪਨਾ ਦੀ ਖੋਟ ਨਹੀਂ। ਇਹ ਹਕੀਕਤ ਦੀ ਸਤਹ ਨਾਲ ਖਹਿ ਕੇ ਚੱਲਣ ਵਾਲੀ ਕਹਾਣੀ ਹੈ। ਸਵੈ-ਜੀਵਨ ਪਰਕ ਨਾਵਲ ਹੋਣ ਕਰ ਕੇ ਇਹ ਰਚਨਾ ਨੀਲਮ ਦੇ ਸਾਹਿਤਕ-ਸਫ਼ਰ, ਉਹਦੀਆਂ ਪ੍ਰਾਪਤੀਆਂ, ਖ਼ੁਸ਼ੀਆਂ, ਗ਼ਮੀਆਂ ਤੇ ਦੁੱਖਾਂ-ਸੁਖਾਂ ਦੀ ਯਥਾਰਥਕ ਬਾਤ ਵੀ ਪਾਉਂਦੀ ਹੈ। ਮਿਲਣਸਾਰ, ਦੋਸਤੀਆਂ ਪਾਉਣ-ਖੱਟਣ ਵਾਲੀ, ਰਿਸ਼ਤੇ ਨਿਭਾਉਣ ਵਾਲੀ ਤੇ ਪਰਤਵੇਂ ਰੂਪ ਵਿਚ ਸਭ ਕੋਲੋਂ ਮੁਹੱਬਤ ਪਾਉਣ ਵਾਲੀ ਨੀਲਮ ਦੀ ਬੇਗਰਜ਼ ਤੇ ਮੋਹਖ਼ੋਰੀ ਸ਼ਖ਼ਸੀਅਤ ਦੇ ਦੀਦਾਰ ਵੀ ਕਰਵਾਉਂਦੀ ਹੈ ਇਹ ਲਿਖਤ। ਇਹ ਲਿਖਤ ਵਿਖਾਉਂਦੀ ਹੈ ਕਿ ਸੰਕਟਕਾਲੀਨ ਹਾਲਾਤ ਵਿਚ ਦੋਵੇਂ ਜੀਅ ਇੱਕ ਦੂਜੇ ਨੂੰ ਬਾਹਵਾਂ ਵਿਚ ਭਰ ਕੇ ਅੱਗ ਦੇ ਦਰਿਆ ਨੂੰ ਕਿਵੇਂ ਪਾਰ ਕਰਦੇ ਹਨ। ਲੇਖਕ ਵਜੋਂ ਨੀਲਮ ਨੂੰ ਗਤੀਸ਼ੀਲ ਜੀਵਨ ਨੂੰ ਸੁਣਾਉਣ ਅਤੇ ਵਿਚੋਂ ਵਿਚੋਂ ਰੁਕ ਰੁਕ ਕੇ ਸਥਿਤੀ ਅਤੇ ਘਟਨਾਵਾਂ ਦਾ ਸਜਿੰਦ ਦ੍ਰਿਸ਼ ਵਿਖਾ ਸਕਣ ਦਾ ਹੁਨਰ ਵੀ ਆਉਂਦਾ ਹੈ।




ਮੈਂ ਇਸ ਰਚਨਾ ਨੂੰ ਨਾਵਲ ਵਜੋਂ ਵੀ ਤੇ ਸਵੈ-ਜੀਵਨੀ ਵਜੋਂ ਵੀ ਵੇਖਦਾ, ਵਾਚਦਾ ਹਾਂ ਤਾਂ ਇੱਕ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਨੀਲਮ ਦਾ ਹਕੀਕਤ, ਵਿਅਕਤੀਆਂ ਅਤੇ ਵਰਤਾਰਿਆਂ ਨੂੰ ਵੇਖਣ ਵਾਲਾ ਨਜ਼ਰੀਆ ਸੂਖ਼ਮ ਤੇ ਸੰਵੇਦਨਾ-ਭਰਪੂਰ ਤਾਂ ਹੈ ਹੀ, ਸਗੋਂ, ਉਹਦੇ ਆਪਣੇ ਮਨ ਦਾ ਵੀ ਸਹਿਜ ਝਲਕਾਰਾ ਹੈ। 'ਬੁਰਾ ਜੋ ਦੇਖਨ ਮੈ ਚਲਾ ਬੁਰਾ ਨਾ ਮਿਲਿਆ ਕੋਇ, ਜੋ ਮਨ ਖੋਜਾ ਆਪਣਾ ਤੋਂ ਮੁਝ ਸੇ ਬੁਰਾ ਨਾ ਕੋਇ।' ਦੇ ਕਥਨ ਅਨੁਸਾਰ ਉਹਦੇ ਜੀਵਨ ਵਿਚ ਆਉਣ ਵਾਲੇ ਲੋਕਾਂ ਵਿਚੋਂ ਉਹਨੂੰ ਸਭ ਚੰਗੇ ਹੀ ਦਿਸਦੇ ਨੇ। ਉਹਨੂੰ ਸ਼ੀਸ਼ੇ ਵਿਚੋਂ ਆਪਣਾ ਹੀ ਮੂੰਹ ਦਿਸਦਾ ਹੈ। ਉਹ ਬੁਰਿਆਂ ਵੱਲ ਵੇਖਦੀ ਨਹੀਂ, ਉਹਨਾਂ ਦਾ ਜ਼ਿਕਰ ਕਿਉਂ ਕਰਨਾ ਹੋਇਆ! ਪਤੀ, ਪੁੱਤਰ, ਮਾਪਿਆਂ, ਸਹੁਰਿਆਂ ਦੀ ਗੱਲ ਛੱਡੋ, ਉਹਨੂੰ ਸਾਹਿਤਕ ਦਾਇਰੇ ਵਿਚ ਮਿਲਣ ਵਾਲੇ ਲੋਕ ਵੀ, ਭਾਵੇਂ ਟਾਂਡੇ ਦੇ ਸਾਹਿਤਕ ਆਸ਼ਰਮ ਨਾਲ ਜੁੜੇ ਪੰਮੀ ਦਿਵੇਦੀ ਵਰਗੇ ਸਾਹਿਤਕਾਰ ਹੋਣ ਜਾਂ ਅਮਰੀਕਾ ਵਿਚਲੇ ਤਾਰਾ ਸਾਗਰ, ਕੁਲਵਿੰਦਰ, ਜਗਜੀਤ ਨੌਸ਼ਹਿਰਵੀ, ਸੁਰਿੰਦਰ ਸੀਰਤ ਤੇ ਹੋਰ ਸਭ ਚੰਗੇ ਹੀ ਮਿਲੇ ਜਾਂ ਚੰਗੇ ਹੀ ਦਿਸਦੇ ਹਨ। ਉਹ ਨਿਰਸੰਦੇਹ ਚੰਗੇ ਹੀ ਹੋਣਗੇ। ਇਸਦਾ ਕਾਰਨ ਇਹ ਹੈ ਕਿ ਉਹ ਬੁਰਿਆਂ ਵੱਲ ਵੇਖਦੀ ਹੀ ਨਹੀਂ। ਕੁਝ ਸਹਿਕਰਮਣ ਅਧਿਆਪਕਾਂ ਵੱਲੋਂ ਉਹਦੇ ਵਿਰੋਧ ਦਾ ਸੰਕੇਤਕ ਜ਼ਿਕਰ ਤਾਂ ਹੈ, ਪਰ ਉਹ ਇਸ ਜ਼ਿਕਰ ਨੂੰ ਲੋੜੋਂ ਵੱਧ ਧੂੰਹਦੀ ਨਹੀਂ। ਸਗੋਂ ਆਪਣੇ ਵਿਹਾਰ ਅਤੇ ਸੁਚੱਜੇ ਕੰਮ ਨਾਲ ਕੁਝ ਪਲਾਂ ਲਈ ਆਪਣੇ ਵਿਚੋਂ ਗਵਾਚ ਗਿਆ, ਉਨ੍ਹਾਂ ਦਾ ਵਿਸ਼ਵਾਸ ਮੁੜ ਜਿੱਤ ਲੈਂਦੀ ਹੈ। ਅਸੀਂ ਜਾਣਦੇ ਹਾਂ ਕਿ ਸਾਡੇ ਬਹੁਤੇ ਸਾਹਿਤਕਾਰ ਈਰਖ਼ਾ ਨਾਲ ਭਰੇ ਹੁੰਦੇ ਹਨ। ਦੂਜੇ ਦੀ ਨਿੰਦਿਆ ਕਰਨ ਵਿਚ ਉਹਨਾਂ ਨੂੰ ਡਾਢਾ ਸਵਾਦ ਆਉਂਦਾ ਹੈ। ਪਰ ਨੀਲਮ ਨਾਲ ਸਾਰੇ ਪਿਆਰ ਕਰਦੇ ਹਨ, ਉਹਦੇ ਕੰਮ ਆਉਂਦੇ ਹਨ। ਇਹ ਉਹਦੀ ਆਪਣੀ ਸੁੱਚੀ ਸ਼ਖ਼ਸੀਅਤ ਦੀ ਕਮਾਈ ਹੈ।

ਅੱਵਲ-ਆਖ਼ਿਰ ਇਹ ਸੁੱਚੇ ਮਨ ਨਾਲ ਲਿਖੀ, ਜੀਵਨ ਦੇ ਵੱਡੇ ਦੁਖਾਂਤ ਨੂੰ ਧਰਤੀ ਵਰਗੇ ਧੀਰਜ ਵਾਂਗ ਆਪਣੇ ਅੰਦਰ ਜੀਰ ਜਾਣ ਦੀ ਦੁਖਦ-ਦਾਸਤਾਨ ਹੋਣ ਦੇ ਬਾਵਜੂਦ ਦੁੱਖ ਤੋਂ ਪਾਰ ਲੈ ਜਾਣ ਦਾ ਸਫ਼ਲ ਸਾਹਿਤਕ ਹੀਲਾ ਹੈ।

ਇਸ ਸਫ਼ਲਤਾ ਪਿੱਛੇ ਨੀਲਮ ਦੀ ਸ਼ਬਦ-ਸਾਧਨਾ ਕਾਰਜਸ਼ੀਲ ਹੈ।

ਸ਼ਬਦ ਬੰਦੇ ਦੀ ਧਿਰ ਅਤੇ ਧਰਵਾਸਾ ਹਨ।

ਜਿਨ੍ਹਾਂ ਦੀ ਸ਼ਬਦਾਂ ਨਾਲ ਯਾਰੀ ਹੈ, ਸ਼ਬਦ ਉਨ੍ਹਾਂ ਨਾਲ ਗ਼ਦਾਰੀ ਨਹੀਂ ਕਰਦੇ। ਨੀਲਮ ਬਚਪਨ ਤੋਂ ਸ਼ਬਦਾਂ ਨਾਲ ਖੇਡਦੀ ਆਈ ਹੈ। ਸ਼ਬਦ ਹੀ ਉਸਦੇ ਗੁੱਡੀਆਂ-ਪਟੋਲੇ ਸਨ। ਸ਼ਬਦ ਸਾਧਨਾ ਨਾਲ ਉਸ ਨੂੰ ਬਚਪਨ ਵਿਚ ਹੀ ਉਸਦੇ ਮਾਪਿਆਂ ਨੇ ਜੋੜ ਦਿੱਤਾ ਸੀ। ਲਾਜ ਉਹਦੇ ਸ਼ਬਦ-ਪ੍ਰੇਮ ਦਾ ਜਾਣੂ ਵੀ ਹੈ, ਪ੍ਰੇਮੀ ਵੀ ਹੈ। ਉਹਨੇ ਨੀਲਮ ਨੂੰ ਸ਼ਬਦ ਅਤੇ ਸਾਹਿਤ ਨਾਲ ਜੁੜਨ ਲਈ ਤੇ ਵਗਦੇ ਰਹਿਣ ਲਈ ਦਿਲ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਜਦੋਂ ਬੰਦਾ ਜੀਵਨ ਸਾਥੀ ਦੇ ਸੁਪਨਿਆਂ ਤੇ ਰੀਝਾਂ ਨੂੰ ਆਪਣਾ ਬਣਾ ਲਵੇ ਤਾਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ। ਦੋ ਜਿਸਮ ਇੱਕ ਜਾਨ ਹੋ ਗਏ ਹਨ। ਦੁਇ ਮੂਰਤੀ ਇਕ ਜੋਤ ਹੋ ਜਾਂਦੇ ਹਨ।

ਸ਼ਬਦ ਵਿਛੋੜੇ ਦਾ ਜ਼ਹਿਰ ਚੂਸ ਲੈਂਦੇ ਹਨ ਤੇ ਉਹਨੂੰ ਅੰਮ੍ਰਿਤੀ-ਸਿਰਜਣਾ ਵਿਚ ਬਦਲ ਦਿੰਦੇ ਹਨ। ਨੀਲਮ ਕੋਲ ਇਕ ਕਵੀ ਦੀ ਸੂਖਮ ਆਤਮਾ ਹੈ। ਇਸ ਆਤਮਾ ਦੇ ਦੀਦਾਰ ਉਸਦੀ ਸਮੁੱਚੀ ਲਿਖਤ ਵਿਚੋਂ ਡੁੱਲ੍ਹ ਡੁੱਲ੍ਹ ਪੈਂਦੇ ਹਨ। ਸ਼ਬਦ ਦੀ ਰਾਮ ਕਾਰ ਦਾ ਕਵਚ ਉਸਦੇ ਆਲੇ ਦੁਆਲੇ ਵਲਿਆ ਹੋਇਆ ਹੈ। ਵਿਛੋੜੇ ਦੇ ਤਿੱਖੇ ਤੀਰ ਉਸਨੂੰ ਬਾਰ ਬਾਰ ਲੱਗਦੇ ਹਨ। ਪੀੜ ਪੀੜ ਕਰਦੇ ਹਨ, ਪਰ, ਉਹ ਸ਼ਬਦਾਂ ਦੀ ਤਾਕਤ ਨਾਲ ਉਨ੍ਹਾਂ ਤੀਰਾਂ ਨੂੰ ਆਪਣੇ ਹੱਥਾਂ ਵਿਚ ਫੜਦੀ ਹੈ, ਚੁੰਮਦੀ ਹੈ ਤੇ ਫਿਰ ਬਲਦੀ ਹੋਈ ਮਤਾਬੀ ਵਾਂਗ ਹਵਾ ਵਿਚ ਵਗਾਹ ਮਾਰਦੀ ਹੈ। ਸਾਡੇ ਵਾਸਤੇ ਸ਼ਬਦਾਂ ਦਾ ਇਕ ਸੰਸਾਰ ਸਿਰਜ ਦੇਂਦੀ ਹੈ ਜਿਸ ਵਿਚ ਹੌਸਲਾ ਹੈ, ਹਿੰਮਤ ਹੈ, ਸਹਿਜ ਹੈ, ਸੰਵੇਦਨਾ ਹੈ, ਸ਼ਕਤੀ, ਤਰਲਤਾ ਹੈ, ਤਣਾਉ ਹੈ। ਹੋਰ ਵੀ ਕਈ ਕੁਝ ਹੈ। ਉਹਨੇ ਆਪਣੀ ਸਿਰਜਣ ਸ਼ਕਤੀ ਨਾਲ ਸ਼ਬਦਾਂ ਨੂੰ ਬਲਣ ਲਾ ਦਿੱਤਾ ਹੈ।

ਉਸਦਾ ਪਤੀ ਉਸ ਦੀ ਬੇੜੀ ਨੂੰ ਮੰਝਧਾਰ ਵਿਚ ਛੱਡ ਕੇ ਤੁਰ ਗਿਆ ਹੈ। ਉਹ ਡੁੱਬ ਸਕਦੀ ਸੀ। ਪਰ ਉਸ ਕੋਲ ਸ਼ਬਦ ਸ਼ਕਤੀ ਦਾ ਚੱਪੂ ਹੈ, ਜਿਸ ਨਾਲ ਉਹ ਦੁੱਖ ਦੇਣੀਆਂ ਵਿਰੋਧੀ ਲਹਿਰਾਂ ਤੇ ਛੱਲਾਂ ਨਾਲ ਲੜ ਸਕਦੀ ਹੈ। ਉਨ੍ਹਾਂ ਉੱਤੇ ਤੈਰ ਸਕਦੀ ਹੈ। ਉਨ੍ਹਾਂ ਉੱਤੇ ਤੁਰ ਸਕਦੀ ਹੈ ਤੇ ਸਾਨੂੰ ਵੀ ਆਪਣੇ ਨਾਲ ਨਾਲ ਤੋਰੀ ਫਿਰਦੀ ਹੈ।

ਕਿਸੇ ਰਚਨਾ ਦੀ ਪੜ੍ਹਣ ਯੋਗਤਾ ਵਿਚ ਮੁੱਖ ਤੱਤ 'ਅੱਗੇ ਪੜ੍ਹਣ' ਦੀ ਜਗਿਆਸਾ ਜਗਾਈ ਰੱਖਣਾ ਹੈ। ਖ਼ਾਸ ਤੌਰ 'ਤੇ ਲੇਖਕ ਰਚਨਾ ਦੀ ਬੁਣਤੀ ਵਿਚ ਲੁਕਾਉ-ਪ੍ਰਗਟਾਉ ਦੀ ਜੁਗਤ ਦੀ ਵਰਤੋਂ ਕਰਦਿਆਂ ਅੰਤ ਤੱਕ ਰਚਨਾਤਮਕ ਓਹਲਾ ਬਣਾਈ ਰੱਖਦਾ ਹੈ। ਪਰ ਇਸ ਰਚਨਾ ਦਾ ਅੰਤ ਤਾਂ ਪਾਠਕ ਨੂੰ ਪਹਿਲਾਂ ਹੀ ਪਤਾ ਹੋਣ ਕਰ ਕੇ ਲੇਖਿਕਾ ਲਈ ਹੋਰ ਵੀ ਵੱਡੀ ਚੁਣੌਤੀ ਸੀ ਕਿ ਉਹਨੇ ਰਚਨਾਤਮਕ ਜਗਿਆਸਾ ਕਿਵੇਂ ਬਣਾ ਕੇ ਰੱਖਣੀ ਹੈ। ਤੇ ਖ਼ੂਬਸੂਰਤੀ ਇਹ ਹੈ ਕਿ ਉਸਨੇ ਜਗਿਆਸਾ ਲਗਾਤਾਰ ਜਗਾਈ ਰੱਖੀ ਹੈ। ਜਗਿਆਸਾ ਕਿਸੇ ਜਸੂਸੀ ਘਟਨਾ ਦਾ ਰਹੱਸ ਉਦਘਾਟਨ ਵਰਗੀ ਨਹੀਂ ਸਗੋਂ ਜੀਵਨ ਰਹੱਸ ਨੂੰ ਸਮਝਣ ਵਾਲੀ ਹੈ।

ਰਚਨਾ ਦੀ ਸੁੰਦਰਤਾ ਇਸੇ ਵਿਚ ਹੈ ਕਿ ਇਹ ਸਾਨੂੰ ਆਪਣੀ ਉਂਗਲ ਫੜ ਕੇ ਨਾਲ ਨਾਲ ਤੋਰੀ ਰੱਖਦੀ ਹੈ ਤੇ ਬੜੀ ਸਹਿਜ ਚਾਲੇ ਚੱਲਦੀ ਹੋਈ ਸੰਵੇਦਨਾ ਦੇ ਅਨਾਰ ਤੇ ਫੁਲਝੜੀਆਂ ਚਲਾਉਂਦੀ ਹੋਈ ਸਾਡੇ ਮਨਾਂ ਵਿਚ ਮੁਹੱਬਤ ਦਾ ਚਾਨਣ ਤੇ ਸਮਰਪਿਤ ਦਾ ਜਲੌਅ ਪ੍ਰਜਵੱਲਿਤ ਕਰ ਦਿੰਦੀ ਹੈ, ਜਿਸਦੇ ਚਾਨਣ ਵਿਚ ਬੰਦਾ ਜੀਵਨ ਦੀ ਹਨੇਰੀ ਗਲੀ ਵਿਚੋਂ ਪਾਰ ਹੋਣ ਦੀ ਨਜ਼ਰ ਤੇ ਸਿਦਕ ਹਾਸਲ ਕਰ ਲੈਂਦਾ ਹੈ।

ਮੇਰੇ ਵੱਲੋਂ ਨੀਲਮ ਨੂੰ ਇਸ ਸੁਹੰਢਣੀ ਲਿਖਤ ਲਈ ਬਹੁਤ ਸਾਰੀਆਂ ਮੁਬਾਰਕਾਂ! ਪਿਆਰ ਅਤੇ ਆਸ਼ੀਰਵਾਦ!

---

## ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ

### ਬਾਬਾ ਨਾਨਕ

ਕਲਯੁਗ ਦੇ ਅਵਤਾਰ ਨੇ, ਬਾਬਾ ਨਾਨਕ।
ਸਿੱਖੀ ਦੇ ਰਚਣਹਾਰ ਨੇ, ਬਾਬਾ ਨਾਨਕ।

ਮਿਠਾਸ ਦੀ ਪਹਿਨਦੇ ਤਲਵਾਰ ਨੇ, ਬਾਬਾ ਨਾਨਕ।
ਸ਼ਬਦਾਂ ਦਾ ਕਰਦੇ ਵਾਰ ਨੇ, ਬਾਬਾ ਨਾਨਕ।

ਕਿਰਤ ਕਮਾਈ ਹੱਕਦਾਰ ਨੇ, ਬਾਬਾ ਨਾਨਕ।
ਲਿਵ ਲਵਾਉਂਦੇ ਵਿੱਚ ਨਿਰੰਕਾਰ ਨੇ, ਬਾਬਾ ਨਾਨਕ।

ਮਰਦਾਨੇ ਦੇ ਪੱਕੇ ਯਾਰ ਨੇ, ਬਾਬਾ ਨਾਨਕ।
ਭਾਈ ਲਾਲੋ ਦਾ ਪਿਆਰ ਨੇ, ਬਾਬਾ ਨਾਨਕ।

ਸਭ ਦੀ ਸੁਣਦੇ ਪੁਕਾਰ ਨੇ, ਬਾਬਾ ਨਾਨਕ।
ਦੀਨ-ਦੁਨੀ ਦੀ ਲੈਂਦੇ ਸਾਰ ਨੇ, ਬਾਬਾ ਨਾਨਕ।

ਉਦਾਸੀਆਂ ਲਾਈਆਂ ਚਾਰ ਨੇ, ਬਾਬਾ ਨਾਨਕ।
ਆਏ ਦੁਨੀਆਂ ਦਾ ਕਰਨ ਸੁਧਾਰ ਨੇ, ਬਾਬਾ ਨਾਨਕ।

ਕਰਦੇ ਬਾਬਰ ਜਿਹੇ ਸਤਿਕਾਰ ਨੇ, ਬਾਬਾ ਨਾਨਕ।
ਰਿਹੈ ਰੱਬ ਨੂੰ ਮਿਹਣੇ ਮਾਰ, ਬਾਬਾ ਨਾਨਕ।

ਚੱਲੀਆਂ ਚੱਕੀਆਂ ਅਜਬ ਨੁਹਾਰ ਨੇ, ਬਾਬਾ ਨਾਨਕ।
ਬਾਬਰ ਜਿਹੇ ਮੰਨ ਗਏ ਹਾਰ ਨੇ, ਬਾਬਾ ਨਾਨਕ।

ਬਾਣੀ ਗਾਵਣ ਖੁਦ ਫਨਕਾਰ ਨੇ, ਬਾਬਾ ਨਾਨਕ।
ਰੱਬੀ ਬਾਣੀ ਰਹੇ ਉਚਾਰ ਨੇ, ਬਾਬਾ ਨਾਨਕ।

ਸਿੱਧ ਗੋਸ਼ਟਿ ਕਰਦੇ ਸਤਿਕਾਰ ਨੇ, ਬਾਬਾ ਨਾਨਕ।
ਕੌਡੇ ਰਾਖਸ਼ ਜਿਹੇ ਦਿੱਤੇ ਤਾਰ ਨੇ, ਬਾਬਾ ਨਾਨਕ।

ਵਹਿਮਾਂ ਭਰਮਾਂ 'ਚੋਂ ਕੱਢਦੇ ਬਾਹਰ ਨੇ, ਬਾਬਾ ਨਾਨਕ।
ਜੋੜਦੇ ਰੱਬ ਨਾ ਮਨ ਦੀ ਤਾਰ ਨੇ, ਬਾਬਾ ਨਾਨਕ।

ਮਲਕ ਭਾਗੋ ਦਾ ਤੋੜ ਦੇ ਹੰਕਾਰ ਨੇ, ਬਾਬਾ ਨਾਨਕ।
ਪਾਪੀਆਂ ਦਾ ਕਰਦੇ ਉਧਾਰ ਨੇ, ਬਾਬਾ ਨਾਨਕ।

ਭਾਈ ਬੂੜਾ ਦੀ ਬਦਲਦੇ ਨੁਹਾਰ ਨੇ, ਬਾਬਾ ਨਾਨਕ।
ਭਾਈ (ਬਾਬਾ) ਬੁੱਢਾ ਜੀ ਦੇ ਨਾਮਕਾਰ ਨੇ, ਬਾਬਾ ਨਾਨਕ।

ਬਣੇ ਲਹਿਣਾ ਜੀ ਸੇਵਾਦਾਰ ਨੇ, ਬਾਬਾ ਨਾਨਕ।
ਗੁਰੂ ਅੰਗਦ ਬਣ ਇਕਸਾਰ ਨੇ, ਬਾਬਾ ਨਾਨਕ ॥

ਕਰਤਾ ਖੁਦ ਓਹ ਕਰਤਾਰ ਨੇ, ਬਾਬਾ ਨਾਨਕ।
ਗਿਆਰਵੇਂ ਗੁਰੂ ਅਵਤਾਰ ਨੇ, ਬਾਬਾ ਨਾਨਕ।

ਸਚਖੰਡ ਦੀ ਸਰਕਾਰ ਨੇ, ਬਾਬਾ ਨਾਨਕ।
ਬੋਦਲਾਂ ਦੇ ਸੁੱਖਵਿੰਦਰਾ ੴ ਨੇ, ਬਾਬਾ ਨਾਨਕ।

*-ਸੁੱਖਵਿੰਦਰ ਸਿੰਘ ਬੋਦਲਾਂਵਾਲਾ*
*ਫੋਨ: 360-281-2624*

---

### ਰੱਬ ਨਹੀਂ ਰੱਬ ਵਰਗਾ ਬਾਬਾ ਨਾਨਕ

ਜਦੋਂ ਆਉਂਦਾ ਹੈ ਇਸ ਸੰਸਾਰ ਉੱਤੇ,
ਬੱਚਾ ਆਮ ਜਿਹਾ ਬਰਖ਼ੁਰਦਾਰ ਹੁੰਦਾ।

ਬੰਦਾ ਜਨਮ ਤੋਂ ਕਦੇ ਨਹੀਂ ਰੱਬ ਹੁੰਦਾ,
ਰੱਬ ਵਰਗਾ ਉਹਦਾ ਕਿਰਦਾਰ ਹੁੰਦਾ।

ਜਦੋਂ ਵਿਚਰਦਾ ਹੈ ਉਹ ਜੱਗ ਅੰਦਰ,
ਸੱਚ ਹੱਕ ਨਿਆਂ ਇਮਾਨਦਾਰ ਹੁੰਦਾ।

ਦੀਨ ਦੁਖੀ ਲਈ ਦਇਆਵਾਨ ਹੋਵੇ,
ਸੇਵਾ ਭਾਵ ਦਿਲ 'ਚ ਪਿਆਰ ਹੁੰਦਾ।

ਨਿਭਾਵੇ ਘਰ ਗ੍ਰਹਿਸਥ ਦੀ ਜ਼ਿੰਮੇਵਾਰੀ,
ਪੜ੍ਹੇ ਲਿਖੇ ਤੇ ਗਿਆਨ ਭੰਡਾਰ ਹੁੰਦਾ।

ਫਿਰ ਵੀ ਰਹੇ ਸਦਾ ਉਦਾਸ ਜੱਗ ਤੋਂ,
ਕਰੇ ਗੋਸ਼ਟੀਆਂ ਪਰਬਤੋਂ ਪਾਰ ਹੁੰਦਾ।

ਤੁਰ ਜਾਵੇ ਲੰਬੀਆਂ ਉਦਾਸੀਆਂ 'ਤੇ,
ਸੋਧ ਧਰਤ ਕਰਦਾ ਪਰਉਪਕਾਰ ਹੁੰਦਾ।

ਮਾਇਆ ਵਿਚ ਹੁੰਦੇ ਵੀ ਨਿਰਲੇਪ ਰਹੇ,
ਉੱਝ ਕਰਦਾ ਹੈ ਸਾਰੇ ਕਾਰੋਬਾਰ ਹੁੰਦਾ।
ਕਰੇ ਦਸਾਂ ਨੌਹਾਂ ਦੀ ਕਿਰਤ ਨਾਲੇ,
ਸਬਰ ਸੰਤੋਖ ਜਪਦਾ ਕਰਤਾਰ ਹੁੰਦਾ।

ਖਾਵੇ ਆਪ ਤੇ ਵੰਡੇ ਲੋੜਵੰਦਾਂ ਤਾਈਂ,
ਹੁਕਮ ਆਇਆ ਧੁਰੋਂ ਨਿਰੰਕਾਰ ਹੁੰਦਾ।

ਜਾਤ ਪਾਤ ਊਚ ਨੀਚ ਦਾ ਭੇਦ ਨਹੀਂ,
ਦੇਖਦਾ ਸਭ ਧਰਮਾਂ ਨੂੰ ਇੱਕਸਾਰ ਹੁੰਦਾ।

ਗੁਣਗਾਣ ਸਿਫ਼ਤ ਸਲਾਹ ਹਰ ਵੇਲ਼ੇ,
ਨਾਮ ਲੈ ਕੇ ਰੱਬ ਦਾ ਤਾਬਿਆਦਾਰ ਹੁੰਦਾ।

ਇੱਦਾਂ ਦਾ ਹੋਰ ਕੋਈ ਨਹੀਂ ਹੋ ਸਕਦਾ,
'ਕੱਲਾ ਬਾਬਾ ਨਾਨਕ ਨਿਰੰਕਾਰ ਹੁੰਦਾ।

*-ਸੇਵਾ ਸਿੰਘ 'ਨੂਰਪੁਰੀ'*

---

### ਗੁਰੂ ਨਾਨਕ

ਅੰਧ ਵਿਸ਼ਵਾਸ਼ਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ
ਇਕ ਸੁੰਦਰ ਸੰਸਾਰ ਬਣਾਇਆ ਸੀ ਗੁਰੂ ਨਾਨਕ ਨੇ।

ਅੰਧ ਵਿਸ਼ਵਾਸਾਂ ਨੂੰ ਸਮਝਾਇਆ ਸੀ ਗੁਰੂ ਨਾਨਕ ਨੇ।
ਮਾਤਾ ਤ੍ਰਿਪਤਾ ਦੇ ਘਰ ਜਨਮੇ ਮਹਿਤਾ ਕਾਲੂ ਜੀ ਦੇ ਜਾਏ।
ਰਾਇ ਭੋਇੰ ਤਲਵੰਡੀ ਅੰਦਰ ਇਕ ਜੋਤੀ ਲੈ ਕੇ ਆਏ।
ਕਿਰਸਾਨੀ ਤੇ ਲੇਖਣ ਨੂੰ ਮਾਨਵਤਾ ਦੇ ਵਿਚ ਪਰੋਇਆ।
ਵਿਸ਼ਵ ਜਗਤ ਦੀ ਵਾਸਤਵਿਕਤਾ ਦੇ ਵਿਚ ਚਾਨਣ ਹੋਇਆ।

ਬੀਬੀ ਸੁਲੱਖਣੀ ਦੇ ਨਾਲ ਸ਼ਾਦੀ ਦੇ ਬੰਧਨ ਵਿਚ ਬੱਝੇ।
ਲਖਮੀ ਚੰਦ ਤੇ ਸ੍ਰੀ ਚੰਦ ਜੀ, ਦੋ ਇਨ੍ਹਾਂ ਦੇ ਉੱਦਮੀ ਬੱਚੇ।
ਬੀਬੀ ਨਾਨਕੀ ਆਪਣੀ ਭੈਣ ਦਾ ਢਾਡਾ ਪਿਆਰ ਸੀ ਪਾਇਆ।
ਏਸ ਪਵਿੱਤਰ ਰਿਸ਼ਤੇ ਦਾ ਸੀ ਇਕ ਇਤਿਹਾਸ ਬਣਾਇਆ।

ਬਾਬਾ ਨਾਨਕ ਨੇ ੴ ਦਾ ਐਸਾ ਪ੍ਰਤੀਕ ਬਣਾਇਆ।
ਇਸ ਦੇ ਬਦਲੇ ਅਜ ਤਕ ਕੋਈ ਦੂਜਾ ਨਾਂਅ ਨਈਂ ਆਇਆ।
ਕਵਿਤਾ ਵਿਚ ਪ੍ਰਤੀਕਾਂ ਬਿੰਬਾਂ ਤਸ਼ਬੀਹਾਂ ਦੇ ਸੂਰਜ।



ਇਨਸਾਨੀ ਕਦਰਾਂ-ਕੀਮਤਾਂ ਦੀ ਜਿਸ ਵਿਚ ਹੈ ਇਕ ਸੂਰਤ।

ਆਗਾਮੀ ਪੀੜ੍ਹੀਆਂ ਦੇ ਲਈ ਬਾਣੀ ਹੈ ਇਕ ਚੜ੍ਹਦਾ ਸੂਰਜ।
ਮਾਨਵ-ਆਜ਼ਾਦੀ ਦਾ ਅਦੁਭੁਤ ਨੇਰੇ ਵਿਚ ਨਾ ਖੜ੍ਹਦਾ ਸੂਰਜ।
ਮੀਲ ਹਜ਼ਾਰਾਂ ਪੈਦਲ ਚੱਲ ਕੇ ਚਿੰਤਨ ਨੂੰ ਰੁਸ਼ਨਾਇਆ।
ਸਮਾਜਿਕ ਇਨਸਾਫ਼ ਲਈ ਖ਼ੁਦ ਨੂੰ ਕਸ਼ਟਾਂ ਦੇ ਵਿਚ ਪਾਇਆ

ਦੰਪਤੀ ਜੀਵਨ ਦੀ ਕੀਤੀ ਹੈ ਬਾਣੀ ਵਿਚ ਵਡਿਆਈ।
ਦੈਹਿਕ-ਭੌਤਿਕ ਸੁੱਖਾਂ ਦੀ ਵੀ ਕੀਤੀ ਰਹਿਨੁਮਾਈ।
ਬਾਲਾ ਤੇ ਮਰਦਾਨਾ ਦੋਵੇਂ ਸੱਚੇ ਮਿੱਤਰ ਨਾਲ ਰਹੇ।
ਕੀਰਤਨ ਦੀ ਮਰਿਆਦਾ ਅੰਦਰ ਬਣ ਕੇ ਸੱਚੀ ਢਾਲ ਰਹੇ।

ਦੇਸ਼ ਵਿਦੇਸ਼ਾਂ ਦੀ ਮਾਨਵਤਾ ਨੂੰ ਸਿੱਧੇ ਰਾਹੇ ਪਾਇਆ।
ਰੂਪ ਵਿਧਾਨਾਂ ਵਾਲੀ ਕਵਿਤਾ ਦੇ ਵਿਚ ਜਗਤ ਸਜਾਇਆ।
ਜਾਗਰਣ ਪ੍ਰੇਰਣਾ, ਸੰਘਰਸ਼, ਕਰਤੱਵ, ਵਿਚਾਰਕ ਚਿੰਤਨ ਸ਼ਕਤੀ।
ਇਨ੍ਹਾਂ ਤੱਤਾਂ ਦੇ ਵਿਚ ਭਰ ਤੀ ਸਾਰੀ ਸਮਤੀ ਭਗਤੀ।

ਅੰਤ ਸਮੇਂ ਵਿਚ ਮਿਹਨਤ ਕਰ ਕੇ ਖੇਤੀ ਨੂੰ ਅਪਣਾਇਆ।
ਤਾਂ ਫਿਰ 'ਬਾਲਮ' ਬਾਬਾ ਨਾਨਕ, ਨਾਨਕ ਸੀ ਕਹਿਲਾਇਆ।
ਕਰਤਾਰਪੁਰੇ ਵਿਚ 69 ਸਾਲੀਂ ਜੋਤੀ ਜੋਤ ਸਮਾਏ।
ਸਭ ਧਰਮਾਂ ਦੇ ਰਹਿਬਰ ਬਣ ਕੇ ਇਕ ਇਨਸਾਨ ਕਹਾਏ।

*-ਬਲਵਿੰਦਰ ਬਾਲਮ ਗੁਰਦਾਸਪੁਰ*

# ਹਰਿਆਣਾ ਤੇ ਪੰਜਾਬ ਦੀ ਕਿਸਾਨੀ, ਪਰਾਲੀ ਤੇ ਪ੍ਰਦੂਸ਼ਣ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਸੰਯੁਕਤ ਕਿਸਾਨ ਮੋਰਚਾ ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਅਤੇ ਸਰਕਾਰ ਵਿਚ ਪਿਛਲੇ ਨੌਂ ਮਹੀਨੇ ਤੋਂ ਚਲੇ ਆ ਰਹੇ ਤਣਾਅ ਨੂੰ ਸੇਵਾਮੁਕਤ ਜਸਟਿਸ ਨਵਾਬ ਸਿੰਘ ਦੀ ਅਗਵਾਈ ਵਾਲੀ ਕਮੇਟੀ ਵੀ ਕਿਸੇ ਤਣ-ਪੱਤਣ ਨਹੀਂ ਲਾ ਸਕੀ। ਇਸਦੇ ਬੇਸਿੱਟਾ ਰਹਿਣ ਦਾ ਮੁੱਖ ਕਾਰਨ ਕਿਸਾਨਾਂ ਦੀਆਂ ਮੰਗਾਂ ਨੂੰ ਸਰਕਾਰ ਵਲੋਂ ਨਕਾਰਨਾ ਹੈ। ਧਰਨਾ ਵੀ ਪਹਿਲਾਂ ਵਾਂਗ ਜਾਰੀ ਰਹੇਗਾ ਅਤੇ ਸਰਕਾਰ ਵਲੋਂ ਆਪਣੀ ਜ਼ਿੱਦ ਉਤੇ ਡਟੇ ਰਹਿਣ ਦੀ ਸੂਰਤ ਵਿਚ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਖਨੌੜੀ ਵਿਖੇ ਭੁੱਖ ਹੜਤਾਲ ਉੱਤੇ ਵੀ ਬੈਠ ਸਕਦਾ ਹੈ।

ਦਿੱਲੀ ਤੇ ਇਸਦੇ ਨੇੜਲੇ ਇਲਾਕਿਆਂ ਵਿਚ ਖਾਸ ਕਰਕੇ ਹਰਿਆਣਾ ਤੇ ਪੰਜਾਬ ਦੇ ਰਾਜਾਂ ਵਿਚ, ਪਰਾਲੀ ਸਾੜਨ ਤੇ ਪਟਾਕਿਆਂ ਦੀ ਵਰਤੋਂ ਸਦਕਾ ਪੈਦਾ ਹੋਏ ਪਰਦੂਸ਼ਨ ਨੇ ਵੀ ਸੁਪਰੀਮ ਕੋਰਟ ਦਾ ਧਿਆਨ ਖਿੱਚਿਆ ਹੈ। ਏਥੋਂ ਤੱਕ ਕਿ ਉੱਚਤਮ ਅਦਾਲਤ ਨੂੰ ਸਰਕਾਰ ਤੇ ਸਰਕਾਰੀ ਅਫਸਰਾਂ ਦੀ ਮਿਲੀ ਭੁਗਤ ਉੱਤੇ ਵਰ੍ਹਨਾ ਪਿਆ ਹੈ। ਇਹ ਕਹਿ ਕੇ ਕਿ ਸ਼ੁਧ ਪੌਣ-ਪਾਣੀ ਦੀ ਪ੍ਰਾਪਤੀ ਹਰ ਮਾਨਵ ਦਾ ਬੁਨਿਆਦੀ ਹੱਕ ਹੈ। ਕੋਰਟ ਵਲੋਂ ਸਬੰਧਤ ਰਾਜਾਂ ਅਤੇ ਇਨ੍ਹਾਂ ਦੇ ਨਾਗਰਿਕਾਂ ਤੇ ਅਧਿਕਾਰੀਆਂ ਕੋਲੋਂ ਲੋੜੀਂਦਾ ਉੱਤਰ ਮੰਗਣਾ ਇਸ ਮਸਲੇ ਨੂੰ ਪੂਰਨ ਤੌਰ 'ਤੇ ਹੱਲ ਕਰਨ ਦਾ ਵੱਡਾ ਕਦਮ ਹੈ।

ਸੁਪਰੀਮ ਕੋਰਟ ਦੀ ਸੱਜਰੀ ਝਾੜ-ਝੰਬ ਤੇ ਸਖਤੀ ਨੇ ਇਹ ਤੱਥ ਵੀ ਉਜਾਗਰ ਕੀਤਾ ਹੈ ਕਿ ਪਰਾਲੀ ਸਾੜਨ ਦਾ ਬਦਲ ਲੱਭਣਾ ਵੀ ਏਨਾ ਸੌਖਾ ਨਹੀਂ। ਇਸਨੂੰ ਸਰਕਾਰੀ ਤੇ ਗੈਰ-ਸਰਕਾਰੀ ਜਥੇਬੰਦੀਆਂ ਦਾ ਲੋੜੀਂਦਾ ਤਾਲ-ਮੇਲ ਹੀ ਚੰਗੇ ਨਤੀਜੇ ਦੇ ਸਕਦਾ ਹੈ। ਇਸ ਲਈ ਸਰਕਾਰਾਂ ਤੇ ਉਨ੍ਹਾਂ ਦੇ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਕਿਸਾਨ ਜਥੇਬੰਦੀਆਂ ਨੂੰ ਲੋੜੀਂਦੀ ਰਾਸ਼ੀ ਜਾਰੀ ਕਰਨ ਸਮੇਂ ਆਪਣੇ ਪੈਰ ਪਿਛਾਂਹ ਨਾ ਖਿੱਚਣ। ਇਹ ਮਸਲਾ ਮਾਨਵਤਾ ਦੀ ਹੋਂਦ ਤੇ ਟਿਕਾਅ ਨਾਲ ਜੁੜਿਆ ਹੋਇਆ ਹੈ। ਆਸ ਹੈ ਕਿ ਸੁਪਰੀਮ ਕੋਰਟ, ਸਰਕਾਰਾਂ ਤੇ ਜਥੇਬੰਦੀਆਂ ਲੋੜੀਂਦੀ ਕਾਰਵਾਈ ਵਲ ਤੁਰੰਤ ਧਿਆਨ ਦੇਣਗੇ।

### ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ

ਪੰਜਾਬ ਦਾ ਇਤਿਹਾਸ ਸ਼ਹੀਦਾਂ ਦੀਆਂ ਲਾਸਾਨੀ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਉਨ੍ਹਾਂ ਨੂੰ ਹਰ ਸਾਲ ਨਵੇਂ ਤੋਂ ਨਵੇਂ ਅੰਦਾਜ਼ ਨਾਲ ਚੇਤੇ ਵੀ ਕੀਤਾ ਜਾਂਦਾ ਹੈ। ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਕੁਰਬਾਨੀ ਇਨ੍ਹਾਂ ਦਾ ਸਿਰਤਾਜ ਮੰਨੀ ਜਾਂਦੀ ਹੈ। ਜੇ ਬਸਤੀਵਾਦੀ ਗੋਰੀ ਸਰਕਾਰ



ਉਨ੍ਹਾਂ ਨੂੰ ਗੁਨਾਹਗਾਰ ਮੰਨਦੀ ਸੀ ਤਾਂ ਉਹ ਡੇਢ ਕਰੋੜ ਭਾਰਤੀਆਂ ਦੇ ਮਨਾਂ ਵਿਚ ਵੀ ਵਸਦੇ ਸਨ।

ਉਨ੍ਹਾਂ ਦੀ ਯਾਦ ਅਜਿਹੇ ਚਾਨਣ ਮੁਨਾਰੇ ਵਾਂਗ ਹੈ ਜਿਹੜੀ ਸਾਲਾਂ ਸਾਲ ਲੋਕਾਂ ਦਾ ਰਾਹ ਦਸੇਰਾ ਬਣੀ ਰਹੇਗੀ।

2024 ਦੇ ਸਤੰਬਰ ਮਹੀਨੇ ਤੋਂ ਇਸਦਾ ਰੂਪ ਹਰੀਸ਼ ਜੈਨ ਦੇ ਨਾਟਕ 'ਗੁਨਾਹਗਾਰ' ਦਾ ਰੂਪ ਧਾਰ ਕੇ ਸਾਹਮਣੇ ਆਇਆ ਹੈ। ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਤਿਆਰ ਹੋਏ ਇਸ ਨਾਟਕ ਦੀ ਪੇਸ਼ਕਾਰੀ ਰੰਗ-ਮੰਚ ਨਾਮੀ ਥੀਏਟਰ ਗਰੁੱਪ ਦੀ ਕਲਾ ਦਾ ਜਾਮਾ ਪਹਿਨ ਕੇ 8 ਅਪ੍ਰੈਲ 1929 ਨੂੰ ਦਿੱਲੀ ਅਸੈਂਬਲੀ ਵਿਚ ਬੰਬ ਫਟਣ ਨਾਲ ਸ਼ੁਰੂ ਹੁੰਦੀ ਹੈ। ਬੰਬ ਸੁੱਟਣ ਵਾਲਿਆਂ ਦੇ ਇਸ ਐਲਾਨ ਨਾਲ ਕਿ ਬੰਬ ਦੀ ਵਰਤੋਂ ਇਸ ਲਈ ਕੀਤੀ ਗਈ ਕਿ ਬੋਲਿਆਂ ਦੇ ਕੰਨ ਖੋਲ੍ਹਣ ਲਈ ਵੱਡੇ ਧਮਾਕੇ ਦੀ ਲੋੜ ਹੁੰਦੀ ਹੈ। ਉਨ੍ਹਾਂ ਦੇ ਇਨ੍ਹਾਂ ਬੋਲਾਂ ਨਾਲ ਕਿ ਇਹ ਅਸੈਂਬਲੀ ਜਿਹੜੇ ਕਾਨੂੰਨ ਬਣਾ ਰਹੀ ਹੈ ਉਹ ਦੇਸ਼ ਦੇ ਹੱਕ ਵਿਚ ਨਹੀਂ ਹਨ। ਇਹ ਵੀ ਕਿ ਬੰਬ ਧਮਾਕੇ ਨੇ ਦੇਸ਼ ਦੀ ਸੁੱਤੀ ਪਈ ਲੋਕਾਈ ਨੂੰ ਹਲੂਣਿਆ ਅਤੇ "ਇਨਕਲਾਬ ਜ਼ਿੰਦਾਬਾਦ" ਦਾ ਨਾਅਰਾ ਗਲੀ-ਗਲੀ ਗੂੰਜਣ ਲੱਗਿਆ। ਇਸ ਅਚਨਚੇਤ ਐਕਸ਼ਨ ਨੇ ਸਰਕਾਰ ਨੂੰ ਹਿਲਾ ਦਿੱਤਾ ਪਰੰਤੂ ਉਨ੍ਹਾਂ ਆਪਣੀਆਂ ਜਾਬਰਾਨਾ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਦੇਰ ਨਾ ਲਾਈ। ਦਿੱਲੀ ਦੇ ਸੈਸ਼ਨ ਜੱਜ ਨੇ 12 ਜੂਨ 1929 ਨੂੰ ਬਾਮੁਸ਼ੱਕਤ ਉਮਰ ਕੈਦ ਅਤੇ ਕਾਲੇ ਪਾਣੀ ਦੀ ਸਜ਼ਾ ਸੁਣਾ ਦਿੱਤੀ। ਇਸ ਫ਼ੈਸਲੇ ਵਿਰੁੱਧ ਭਗਤ ਸਿੰਘ ਅਤੇ ਬੀ ਕੇ ਦੱਤ ਨੇ ਲਾਹੌਰ ਹਾਈਕੋਰਟ ਵਿਚ ਅਪੀਲ ਦਾਇਰ ਕੀਤੀ ਜਿਸ ਦੀ ਸੁਣਵਾਈ 8 ਜਨਵਰੀ 1930 ਨੂੰ ਜਸਟਿਸ ਸੀਸਿਲ ਫੋਰਡ ਅਤੇ ਜਸਟਿਸ ਐਡੀਸਨ ਦੇ ਡਬਲ ਬੈਂਚ ਨੇ ਕੀਤੀ। ਐਡਵੋਕੇਟ ਆਸਫ਼ ਅਲੀ, ਬੀ ਕੇ ਦੱਤ ਵੱਲੋਂ ਪੇਸ਼ ਹੋਏ ਅਤੇ ਭਗਤ ਸਿੰਘ ਨੇ ਆਪਣੀ ਪੈਰਵੀ ਖ਼ੁਦ ਕੀਤੀ। ਸਰਕਾਰ ਅਤੇ ਅਦਾਲਤ ਲਈ ਇਹ ਆਮ ਅਮਨ ਕਾਨੂੰਨ ਦਾ ਮਾਮਲਾ ਸੀ ਜਿਸ ਵਿਚ ਉਨ੍ਹਾਂ ਨੂੰ ਬੰਬ ਸੁੱਟਣ ਵਰਗੇ ਗੰਭੀਰ ਦੋਸ਼ ਹੇਠ ਕਾਨੂੰਨ ਅਨੁਸਾਰ ਬਣਦੀ ਸਜ਼ਾ ਦਿੱਤੀ ਗਈ ਸੀ। ਪਰੰਤੂ ਭਗਤ ਸਿੰਘ ਅਤੇ ਦੱਤ ਵੱਲੋਂ ਇਹ ਵਿਚਾਰਧਾਰਾਵਾਂ ਦਾ ਆਪਸੀ ਟਕਰਾਓ ਸੀ। ਆਜ਼ਾਦੀ ਲਈ ਲੜਨਾ ਹਰ ਮਨੁੱਖ ਦਾ ਕੁਦਰਤੀ ਹੱਕ ਸੀ। ਕੋਈ ਕਾਨੂੰਨ ਅਤੇ ਅਦਾਲਤ ਇਸ ਨੂੰ ਖੋਹ ਨਹੀਂ ਸਕਦੀ। ਬਹਿਸ ਤਿੰਨ ਦਿਨ ਲਗਾਤਾਰ ਚੱਲੀ। ਆਸਫ਼ ਅਲੀ ਵੱਲੋਂ ਇਹ ਇਤਿਹਾਸਕ ਮੁਕੱਦਮਾ ਸੀ। ਭਗਤ ਸਿੰਘ ਨੇ ਆਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਦਾਲਤ ਨੂੰ ਇਸ ਧਮਾਕੇ ਪਿੱਛੇ ਕੰਮ ਕਰਦੀਆਂ ਸਾਰੀਆਂ ਭਾਵਨਾਵਾਂ 'ਤੇ ਗੌਰ ਕਰਨਾ ਚਾਹੀਦਾ ਹੈ। ਭਗਤ ਸਿੰਘ ਨੇ ਕਿਹਾ ਹੈ ਕਿ ਕਾਨੂੰਨ ਸਾਧਨ ਮਾਤਰ ਹੈ ਉਦੇਸ਼ ਨਹੀਂ। ਉਦੇਸ਼ ਤਾਂ ਨਿਆਂ ਹੈ। ਅਦਾਲਤ ਨੂੰ ਕਾਨੂੰਨ ਤੋਂ ਜ਼ਿਆਦਾ ਨਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਫੈਸਲਾ ਤੇ ਉਹ ਹੀ ਹੋਣਾ ਸੀ। ਉਨ੍ਹਾਂ ਦੀ ਸਜ਼ਾ ਬਰਕਰਾਰ ਰਹੀ ਪਰੰਤੂ ਉਨ੍ਹਾਂ ਲਈ ਤਾਂ ਲੜਾਈ ਆਪਣੀ ਵਿਚਾਰਧਾਰਾ ਨੂੰ ਲੋਕਾਂ ਤਕ ਲੈ ਕੇ ਜਾਣ ਦੀ ਸੀ।

ਹਰੀਸ਼ ਜੈਨ ਦਾ ਇਹ ਨਾਟਕ 'ਗੁਨਾਹਗਾਰ' ਉਨ੍ਹਾਂ ਦੀ ਜੱਦੋ-ਜਹਿਦ ਦੀ ਤਰਜ਼ਮਾਨੀ ਕਰਦਾ ਹੈ। ਵਿਦੇਸ਼ੀ ਅਦਾਲਤ ਦੀਆਂ ਕੁਲ ਰੁਕਾਵਟਾਂ ਦੇ ਬਾਵਜੂਦ ਭਗਤ ਸਿੰਘ ਨੇ ਆਪਣੇ ਵਿਚਾਰ ਬੇਰੋਕ ਪੇਸ਼ ਕੀਤੇ। ਭਾਰਤ ਦੇ ਆਜ਼ਾਦੀ ਸੰਘਰਸ਼ ਦੀ ਇਹ ਲਾਸਾਨੀ ਅਤੇ ਬੇਮਿਸਾਲ ਕਹਾਣੀ ਹੈ ਜਿਸ 'ਤੇ ਹੁਣ ਤਕ ਕੋਈ ਗੌਰ ਨਹੀਂ ਕੀਤਾ ਗਿਆ। ਇਸ ਕੇਸ ਵਿਚ ਲੋਕਾਂ ਤੇ ਸਰਕਾਰ ਦੀ ਇੰਨੀ ਦਿਲਚਸਪੀ ਸੀ ਕਿ ਹਾਈਕੋਰਟ ਦੇ ਪੰਜ ਜੱਜਾਂ ਦੀਆਂ ਬੀਵੀਆਂ ਬਹਿਸ ਸੁਣਨ ਆਈਆਂ ਅਤੇ ਅਦਾਲਤ ਵਿਚ ਪੂਰਾ ਦਿਨ ਹਾਜ਼ਰ ਰਹੀਆਂ। ਹਰੀਸ਼ ਜੈਨ ਦਾ ਲਿਖਿਆ ਅਤੇ ਕੇਵਲ ਧਾਲੀਵਾਲ ਦਾ ਨਿਰਦੇਸ਼ਿਤ ਕੀਤਾ ਇਹ ਨਾਟਕ ਉਨ੍ਹਾਂ ਯਾਦਗਾਰੀ ਤਿੰਨ ਦਿਨਾਂ ਦੀ ਦਾਸਤਾਨ ਹੂਬਹੂ ਪੇਸ਼ ਕਰਦਾ ਹੈ ਅਤੇ ਦਰਸ਼ਕ ਨੂੰ ਮਹਿਸੂਸ ਹੁੰਦਾ ਹੈ ਜਿਵੇਂ ਉਹ ਲਾਹੌਰ ਹਾਈਕੋਰਟ ਦੇ ਕਮਰੇ ਵਿਚ ਹੀ ਬੈਠਾ ਹੋਵੇ। ਇਹ ਨਾਟਕ ਅੰਮ੍ਰਿਤਸਰ ਦੇ ਵਿਰਸਾ ਵਿਹਾਰ ਭਵਨ ਤੇ ਗੁਰਬਖਸ਼ ਸਿੰਘ ਪ੍ਰੀਤ ਲੜੀ ਦੇ ਪ੍ਰੀਤ ਨਗਰ ਤੇ ਚੰਡੀਗੜ੍ਹ ਵਿਚ ਐਮ ਐਸ ਰੰਧਾਵਾ ਵਲੋਂ ਸਥਾਪਤ ਪੰਜਾਬ ਕਲਾ ਭਵਨ ਵਿਚ ਖੇਡਿਆ ਜਾ ਚੁੱਕਿਆ ਹੈ। ਨਾਟਕ ਦੀ ਕਹਾਣੀ, ਨਿਰਦੇਸ਼ਨ, ਅਦਾਕਾਰੀ ਸੰਗੀਤ ਅਤੇ ਰੌਸ਼ਨੀ ਦਰਸ਼ਕ 'ਤੇ ਬੱਝਵਾਂ ਪ੍ਰਭਾਵ ਸਿਰਜਦੇ ਹਨ ਅਤੇ ਦਰਸ਼ਕ ਬਦੋਬਦੀ ਭਗਤ ਸਿੰਘ ਦੇ ਨਾਲ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਨਾਲ ਜੁੜ ਜਾਂਦੇ ਹਨ। ਇਹ ਨਾਅਰਾ ਜਿੰਨਾ ਆਪਣੇ ਸਮੇਂ ਅਰਥ ਭਰਪੂਰ ਸੀ ਅਤੇ ਸਾਮਰਾਜ ਨੂੰ ਵੰਗਾਰਦਾ ਸੀ, ਅੱਜ ਵੀ ਓਨਾ ਹੀ ਅਰਥ ਭਰਪੂਰ ਹੈ।

ਜਿਸ ਦਿਨ ਇਹ ਨਾਟਕ ਪੰਜਾਬ ਕਲਾ ਭਵਨ ਵਿਚ ਖੇਡਿਆ ਗਿਆ ਦਰਸ਼ਕਾਂ ਵਿਚ ਦਾਸ ਵੀ ਹਾਜ਼ਰ ਸੀ। ਗੁਨਾਹਗਾਰ ਭਗਤ ਸਿੰਘ ਤੇ ਐਡਵੋਕੇਟ ਆਸਿਫ ਅਲੀ ਦੇ ਬੋਲਾਂ ਵਿਚ ਜਾਨ ਸੀ ਤੇ ਗੋਰੇ ਜੱਜ ਦੀ ਅਦਾਕਾਰੀ ਸਭ ਨੂੰ ਮਾਤ ਪਾਉਂਦੀ ਸੀ। ਜਿਰਾਹ ਸੁਣਨ ਆਈਆਂ ਜੱਜ ਗੋਰੀਆਂ ਨੂੰ ਵੀ ਜਿਨ੍ਹਾਂ ਦੀ ਕਚਹਿਰੀ ਵਿਚ ਹਾਜ਼ਰੀ ਨੇ ਹਰੀਸ਼ ਜੈਨ ਨੂੰ ਇਹ ਨਾਟਕ ਲਿਖਣ ਲਈ ਉਤਸ਼ਾਹਤ ਕੀਤਾ। ਨਿਰਦੇਸ਼ਕ ਧਾਲੀਵਾਲ ਨੇ ਸਮਾਂ ਤੇ ਸਥਾਨ ਦੀਆਂ ਸੀਮਾਵਾਂ ਅਨੁਸਾਰ ਸੰਦੇਸ਼ ਉੱਤੇ ਦੋ ਜੱਜਾਂ ਦੀ ਥਾਂ ਕੇਵਲ ਇਕ ਜੱਜ ਵਿਖਾਇਆ ਹੈ ਤੇ ਜੱਜਾਂ ਦੀਆਂ ਬੀਵੀਆਂ ਵੀ ਪੰਜ ਦੀ ਥਾਂ ਦੋ ਹੀ ਦਿਖਾਈਆਂ ਹਨ।

**ਅੰਤਿਕਾ**

—ਹਰਦਮ ਮਾਨ—

ਅਜੇ ਤਾਂ ਬਹੁਤ ਕੁਝ ਰਹਿੰਦਾ ਹੈ ਤਾਅ ਕਰਨਾ ਜ਼ਮੀਨ ਉੱਤੇ
ਕਰਾਂਗੇ ਫੇਰ ਕੋਈ ਗੱਲ ਦਿੱਸਦੇ ਤੋਂ ਅਗਾਹਾਂ ਦੀ
ਅਸਾਡੇ ਰਸਤਿਆਂ 'ਚੋਂ ਖੁਦ ਪਹਾੜਾਂ ਨੇ ਪਰੇ ਹੋਣਾ
ਜਦੋਂ ਵੀ ਜੁੜ ਗਈ ਸ਼ਕਤੀ ਇਨ੍ਹਾਂ ਸੋਜੋੜ ਬਾਤਾਂ ਦੀ।

# "ਸਮੋਸਾ ਬਨਾਮ ਸਿਆਸਤ"

ਵਿਅੰਗ



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: +91 98766-55055**

ਪਿਛੇ ਜਿਹੇ ਹੋਈਆਂ ਚੋਣਾਂ ਦੇ ਪ੍ਰਚਾਰ ਸਮੇਂ 'ਰੇਵੜੀ ਕਲਚਰ' ਅਤੇ 'ਜਲੇਬੀ ਪਾਲੇਟਿਕਸ' ਦੀ ਚਰਚਾ ਮਗਰੋਂ ਅੱਜ-ਕੱਲ੍ਹ 'ਸਮੋਸਾ-ਸਿਆਸਤ' ਖ਼ੂਬ ਭਖੀ ਹੋਈ ਹੈ। ਸ਼ਾਹੀ ਘਰਾਣਿਆਂ ਦੇ ਖਾਣੇ ਦੇ ਮੇਜ਼ਾਂ ਦੇ ਸ਼ਿੰਗਾਰ ਤੋਂ ਲੈ ਕੇ ਗਰੀਬ-ਗੁਰਬੇ ਦਾ ਮਨ ਪਸੰਦ ਇਹ ਤਲਿਆ ਹੋਇਆ ਮਸਾਲੇਦਾਰ ਤਿਖੂੰਜਾ ਸਨੈਕ ਹਿਮਾਚਲ ਪ੍ਰਦੇਸ਼ ਦੇ 'ਸਮੋਸਾ ਕਾਂਡ' ਅਤੇ ਅਮਰੀਕਾ ਦੇ 'ਸਮੋਸਾ ਕਾਕਸ' ਕਾਰਨ ਬੜੇ ਜ਼ਿਕਰ ਵਿਚ ਹੈ ('ਕਾਕਸ' ਰਾਜਸੀ ਜੁੰਡੀ/ ਗੁਟ ਨੂੰ ਕਹਿੰਦੇ ਹਨ)।

ਸਮੋਸੇ ਦੇ ਅਰੰਭ ਅਤੇ ਸਫਰ ਦੀ ਦਾਸਤਾਂ ਬਿਆਨ ਕਰਨ ਤੋਂ ਪਹਿਲਾਂ ਆਪਾਂ ਜ਼ਰਾ ਇਸ ਦੇ ਸਿਆਸੀ ਜ਼ਿਕਰ ਅਤੇ ਫਿਕਰ ਦਾ ਜ਼ਿਕਰ ਕਰ ਲੈਂਦੇ ਹਾਂ।

ਹੈ ਤਾਂ ਇਹ ਗੱਲ ਦਾ ਗਲ਼ੈਣ, ਤਿਲ ਦਾ ਤਾੜ ਅਤੇ ਰਾਈ ਦਾ ਪਹਾੜ ਬਣਾਉਣ ਵਾਲੀ ਪਰ ਉਰਦੂ ਦੇ ਸ਼ਾਇਰ ਜੌਨ ਏਲੀਆ ਵਾਂਗ-"ਉਸ ਕੀ ਗਲੀ ਸੇ ਉਠ ਕੇ ਮੈਂ ਆਨ ਪੜਾ ਥਾ ਅਪਨੇ ਘਰ/ਏਕ ਗਲੀ ਕੀ ਬਾਤ ਥੀ ਔਰ ਗਲੀ ਗਲੀ ਗਈ" ਵਾਲੀ ਗੱਲ ਬਣ ਗਈ!

ਹੋਰ ਤਾਂ ਹੋਰ 9 ਨਵੰਬਰ ਨੂੰ ਹਿਮਾਚਲ ਪ੍ਰਦੇਸ਼ ਦੀ ਰਾਜਧਾਨੀ ਸ਼ਿਮਲਾ ਵਿਚ ਭਾਜਪਾ ਯੁਵਾ ਮੋਰਚਾ ਨੇ ਇੱਕ 'ਸਮੋਸਾ ਮਾਰਚ' ਕੀਤਾ ਜਿਸ ਵਿਚ ਮੁੱਖ ਮੰਤਰੀ ਦੀ ਫੋਟੋ ਦੇ ਮੂੰਹ ਨੂੰ ਮੋਰਚਾ ਆਗੂਆਂ ਵਲੋਂ ਸਮੋਸੇ ਲਗਾਏ ਗਏ ਅਤੇ ਉਸ ਦੀ ਤਸਵੀਰ ਉਪਰ ਲਿਖਿਆ ਗਿਆ- 'ਮੇਰੇ ਸਮੋਸੇ ਕਿਸ ਨੇ ਖਾਏ'! ਸੋਸ਼ਲ ਮੀਡੀਆ ਉਪਰ ਵੀ 'ਮੀਮਜ਼' ਰਾਹੀਂ ਵਾਹਵਾ ਮੌਜੂ ਉਡਾਇਆ ਜਾ ਰਿਹੈ।

ਗੱਲ਼ ਦਰਅਸਲ ਇਉਂ ਹੋਈ ਕਿ ਸਾਡੇ ਗੁਆਂਢੀ ਸੂਬੇ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ 21 ਅਕਤੂਬਰ ਨੂੰ ਸੀ.ਆਈ.ਡੇ. ਦੇ ਹੈੱਡ ਕੁਆਰਟਰ ਵਿਚ ਇਕ ਸਮਾਗਮ ਸਬੰਧੀ ਆਏ। ਉਨ੍ਹਾਂ ਲਈ ਇੱਕ ਮਸ਼ਹੂਰ ਹੋਟਲ 'ਚੋਂ 3 ਡੱਬੇ ਸਮੋਸਿਆਂ ਅਤੇ ਕੇਕਾਂ ਦੇ ਮੰਗਾਏ ਗਏ। ਕਿਸੇ ਭੰਬਲਭੂਸੇ ਕਾਰਨ ਰਿਫਰੈਸ਼ਮੈਂਟ ਦਾ ਇਹ ਸਾਮਾਨ ਮੁੱਖ ਮੰਤਰੀ ਦੀ ਬਜਾਏ ਉਨ੍ਹਾਂ ਦਾ ਸਟਾਫ ਛਕ ਗਿਆ! ਬਸ ਫਿਰ ਕੀ ਸੀ, ਇਸ ਘੜਮੱਸ 'ਤੇ ਸਿਆਸੀ ਘਮਸਾਨ ਮਚ ਗਿਆ। ਇੱਕ ਸਾਧਾਰਨ ਜਿਹੇ ਪ੍ਰਸ਼ਨ ਕਿ 'ਮੰਗਵਾਇਆ ਸਾਮਾਨ ਕਿਧਰ ਗਿਆ' ਨੂੰ ਮੀਡੀਆ ਨੇ 'ਪਰੋਬ' (ਜਾਂਚ) ਗਰਦਾਨ ਦਿਤਾ। ਇਹ ਵੀ ਕਿਹਾ ਗਿਆ ਕਿ ਇਨਕੁਆਰੀ ਰਿਪੋਰਟ ਵਿਚ ਇਸ 'ਸਮੋਸਾ ਕਾਂਡ' ਨੂੰ ਸਰਕਾਰ ਵਿਰੋਧੀ ਅਤੇ 'ਸੀ.ਆਈ.ਡੀ. ਵਿਰੋਧੀ' ਗਰਦਾਨਿਆ ਗਿਆ। ਹਾਲ ਦੁਹਾਈ ਐਨੀ ਮਚ ਗਈ ਕਿ 8 ਨਵੰਬਰ ਨੂੰ ਖੁਦ ਮੁੱਖ ਮੰਤਰੀ ਅਤੇ ਇਸ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼ ਦੇ ਸੀ.ਆਈ.ਡੀ. ਦੇ ਮੁਖੀ ਨੂੰ ਇਸ ਸਬੰਧੀ ਸਥਿਤੀ ਸਪਸ਼ਟ ਕਰਨ ਹਿਤ ਬਿਆਨ ਦੇਣੇ ਪਏ। ਪਰ ਭਾਜਪਾ ਨੇਤਾ, ਜੋ ਆਪਣੇ ਤੀਰ-ਤਲਵਾਰ ਲੈ ਕੇ ਹਮਲਾ ਕਰਨ ਲਈ ਤਿਆਰ-ਬਰ-ਤਿਆਰ ਤੇ ਤਤਪਰ ਰਹਿੰਦੇ ਹਨ, ਨੇ ਕਾਂਗਰਸ ਉਪਰ ਵਾਰ ਕਰਦਿਆਂ ਕਿਹਾ ਕਿ ਸਰਕਾਰ ਨੂੰ ਹਿਮਾਚਲ ਪ੍ਰਦੇਸ਼ ਨੂੰ ਦਰਪੇਸ਼ ਮੁੱਦਿਆਂ ਦੀ ਨਹੀਂ ਸਗੋਂ ਮੁੱਖ ਮੰਤਰੀ ਦੇ ਸਮੋਸਿਆਂ ਦੀ ਚਿੰਤਾ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਭਾਜਪਾ ਦੇ ਬਿਆਨਾਂ ਨੂੰ ਬਚਗਾਨਾ ਤੇ ਹਾਸੋਹੀਣਾ ਕਰਾਰ ਦਿੰਦੇ ਹੋਏ ਸਪੱਸ਼ਟ ਕੀਤਾ ਕਿ ਜਾਂਚ ਅਧਿਕਾਰੀਆਂ ਦੇ ਦੁਰਵਿਹਾਰ ਬਾਰੇ ਸੀ ਪਰ ਮੀਡੀਆ ਨੇ ਸੀ.ਆਈ.ਡੀ. ਦੀ ਇਸ ਜਾਂਚ ਨੂੰ ਸਮੋਸੇ ਦੀ ਜਾਂਚ ਵਿਚ ਬਦਲ ਦਿਤਾ। ਸੀ.ਆਈ.ਡੀ. ਦੇ ਮੁਖੀ ਸੰਜੀਵ ਰੰਜਨ ਓਝਾ ਨੇ ਕਿਹਾ ਕਿ ਵਿਭਾਗ ਦੇ ਅੰਦਰੂਨੀ ਮਾਮਲੇ ਦਾ ਬੇਲੋੜੇ ਢੰਗ ਨਾਲ ਸਿਆਸੀਕਰਨ ਕੀਤਾ ਗਿਐ ਅਤੇ ਵਿਵਾਦ ਨੂੰ ਵਧਾਇਆ ਗਿਐ। ਪਰ ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਕਿਹਾ ਕਿ ਪੁਲਿਸ 'ਸਮੋਸਾ-ਜਾਂਚ' ਵਿਚ ਰੁਝੀ ਹੋਈ ਹੈ, ਜੁਰਮ ਰੋਕਣ ਬਾਰੇ ਨਹੀਂ ਸੋਚ ਰਹੀ।

ਸਮੋਸਾ ਅਮਰੀਕਾ ਵਿਚ ਵੀ ਚਰਚਾ 'ਚ ਹੈ। ਓਥੇ ਹੁਣੇ ਜਿਹੇ ਹੋਈ ਰਾਸ਼ਟਰਪਤੀ ਦੀ ਚੋਣ ਵੇਲੇ ਭਾਰਤੀ ਮੂਲ ਦੇ 5 ਨੁਮਾਇੰਦਿਆਂ ਦੀ ਗਿਣਤੀ 6 ਹੋਣ ਕਾਰਨ ਮੀਡੀਆ ਨੇ 'ਸਮੋਸਾ ਕਾਕਸ' ਦੀ ਗਿਣਤੀ ਵਧਣ ਅਤੇ ਇਸ ਦੇ ਪਾਸਾਰ ਹੋਣ ਦੀ ਪ੍ਰਸ਼ੰਸਾ ਕੀਤੀ ਹੈ। ਸਮੋਸਾ ਕਾਕਸ ਅਮਰੀਕਾ ਦੇ ਦੋਨਾਂ ਸਦਨਾਂ ਵਿਚ ਭਾਰਤੀ-ਅਮਰੀਕੀ ਨੁਮਾਇੰਦੇ ਆਪਣੀ ਵੱਖਰੀ ਪਹਿਚਾਣ ਅਤੇ ਮਾਣ ਦਰਸਾਉਣ ਲਈ ਭਾਰਤ ਦੇ ਟੀਸੀ ਦੇ ਸਨੈਕ ਸਮਝੇ ਜਾਂਦੇ ਸਮੋਸੇ ਨੂੰ ਪ੍ਰਤੀਕ ਵਜੋਂ ਵਰਤਦੇ ਹਨ। ਇਸ ਟਰਮ ਨੂੰ ਆਨਲਾਈਨ ਪਲ਼ੈਟਫੌਰਮ 'ਸਮੋਸਾਪੀਡੀਆ' ਨੇ ਹੋਰ ਵੀ ਹਰਮਨ-ਪਿਆਰਾ ਬਣਾਇਆ ਹੈ। ਇਹ ਟਰਮ 2018 ਵਿਚ ਇਲੀਨੌਇ ਦੇ ਨੁਮਾਇੰਦੇ ਰਾਜਾ ਕ੍ਰਿਸ਼ਨਾਮੂਰਥੀ ਨੇ ਭਾਰਤੀ-ਅਮਰੀਕੀਆਂ ਦੀ ਯੂ.ਐਸ. ਕਾਂਗਰਸ ਵਿਚ ਵਧ ਰਹੀ ਗਿਣਤੀ ਅਤੇ ਪ੍ਰਭਾਵ ਦਾ ਜਸ਼ਨ ਮਨਾਉਣ ਹਿਤ ਘੜੀ ਸੀ। ਹੋਰ ਤਾਂ ਹੋਰ, ਪਿਛਲੇ ਸਾਲ ਯੂ.ਐਸ. ਕਾਂਗਰਸ ਨੂੰ ਸੰਬੋਧਨ ਕਰਦਿਆਂ ਸਾਡੇ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਟਰਮ ਦਾ ਹਵਾਲਾ ਦਿੰਦਿਆਂ ਕਿਹਾ ਸੀ,"ਮੈਨੂੰ ਦਸਿਆ ਗਿਐ ਕਿ 'ਸਮੋਸਾ ਕਾਕਸ' ਹੁਣ ਇਸ ਸਦਨ ਦੀ ਵੀ ਲੱਜ਼ਤ (ਫ਼ਲੇਵਰ) ਬਣ ਗਿਐ। ਮੈਨੂੰ ਉਮੀਦ ਹੈ ਕਿ ਇਹ ਹੋਰ ਵਧੇਗਾ ਅਤੇ ਭਾਰਤੀ ਪਕਵਾਨਾਂ (ਕਿਊਜ਼ੀਨ) ਦੀ ਸੰਪੂਰਨ ਵਿਭਿੰਨਤਾ ਇਥੇ ਲਿਆਵੇਗਾ'।

ਆਉ, ਹੁਣ ਸਮੋਸੇ ਦੇ ਸਫਰ ਦੀ ਗਾਥਾ ਦੀ ਗੱਲ ਕਰੀਏ।

ਇਸ ਸਬੰਧੀ ਅਸੀਂ ਸ਼ਬਦ-ਵਿਗਿਆਨ, ਵਿਕੀਪੀਡੀਆ ਅਤੇ ਹੋਰ ਸਰੋਤਾਂ ਤੋਂ ਜਾਣਕਾਰੀ ਇਕੱਤਰ ਕੀਤੀ ਹੈ।

ਸ਼ਬਦ-ਵਿਗਿਆਨ ਅਨੁਸਾਰ ਸਮੋਸਾ ਸ਼ਬਦ ਫਾਰਸੀ ਦੇ 'ਸੰਬੋਸਗ' ਸ਼ਬਦ ਤੋਂ ਉਤਪੰਨ ਹੋਇਆ ਹੈ। ਇਸ ਦਾ ਅਰਥ ਤਿਕੋਨੀ ਪੇਸਟਰੀ ਹੈ। ਹਿੰਦੁਸਤਾਨੀ, ਹਿੰਦੀ, ਉਰਦੂ ਵਿਚ ਇਸ ਨੂੰ ਸਮੋਸਾ ਕਹਿੰਦੇ ਹਨ। ਇਹ ਵੀ ਕਿਹਾ ਜਾਂਦੈ ਕਿ ਇਸ ਨੂੰ ਮੌਲਿਕ ਤੌਰ 'ਤੇ 'ਸਮਸਾ' ਕਿਹਾ ਜਾਂਦਾ ਸੀ, ਜੋ ਮੱਧ ਏਸ਼ੀਆ, ਖਾਸ ਤੌਰ 'ਤੇ ਮਿਸਰ, ਦੇ ਪਿਰਾਮਿਡਾਂ ਪ੍ਰਤੀ ਸ਼ਰਧਾ-ਸਤਿਕਾਰ ਹਿਤ ਵਰਤਿਆ ਗਿਐ। ਸੰਬੋਸਕ, ਸੰਬੂਸਕ, ਸੰਬੂਜਕ, ਸੰਬੂਸਾ, ਸੰਬੋਸਾਹ, ਸਮੂਸਾ, ਸਮੂਜ਼ਾ, ਸੋਮਾਸੀ, ਸੋਮਾਸ ਆਦਿ ਹੋਰ ਸ਼ਬਦ ਹਨ ਜੋ ਇਸ ਲਈ ਵਰਤੇ ਜਾਂਦੇ ਰਹੇ ਹਨ।

ਸ਼ੁਰੂ ਵਿਚ ਇਹ ਮੱਧ-ਪੂਰਬ, ਕੇਂਦਰੀ ਏਸ਼ੀਆ, ਦੱਖਣ ਪੱਛਮੀ ਏਸ਼ੀਆ, ਭਾਰਤੀ ਉਪ ਮਹਾਂਦੀਪ ਅਤੇ ਅਫਰੀਕਨ ਇਲਾਕਿਆਂ ਵਿਚ ਪ੍ਰਚੱਲਿਤ ਹੋਇਆ, ਭਾਵੇਂ ਹੁਣ ਇਹ ਗਲੋਬਲ ਸਨੈਕ ਬਣ ਚੁੱਕੈ।

ਤੁਸੀਂ ਹੈਰਾਨ ਹੋਵੋਗੇ ਕਿ ਭਾਰਤ ਦਾ ਇਹ ਹਰਮਨ-ਪਿਆਰਾ ਸਨੈਕ ਭਾਰਤ ਵਿਚ ਨਹੀਂ ਪੈਦਾ ਹੋਇਆ! ਅਰਬੀ ਕੁੱਕਬੁੱਕਾਂ ਅਤੇ ਹੋਰ ਖਾਧ-ਬਿਰਤਾਂਤਾਂ ਅਨੁਸਾਰ 10ਵੀਂ ਸਦੀ ਵਿਚ ਇਸ ਦੀ ਸ਼ੁਰੂਆਤ ਮੱਧ-ਪੂਰਬ ਵਿਚ ਹੋਣ ਦੇ ਸਬੂਤ ਮਿਲਦੇ ਹਨ। ਇਰਾਨੀ ਇਤਿਹਾਸਕਾਰ ਅਬੋਲਫਜ਼ਲ ਬਹੀਕੀ (995-1077) ਨੇ ਇਸ ਦਾ ਵਰਣਨ ਆਪਣੀ ਪੁਸਤਕ 'ਤਾਰੀਖ-ਏ-ਬਹੀਕੀ' ਵਿਚ ਕੀਤਾ ਹੈ। ਭਾਰਤੀ ਉਪ-ਮਹਾਂਦੀਪ ਵਿਚ ਸਮੋਸੇ ਦੀ ਆਮਦ 13ਵੀਂ-14ਵੀਂ ਸਦੀ ਦੌਰਾਨ ਇਥੇ ਮੱਧ ਏਸ਼ੀਆ ਦੇ ਵਪਾਰੀਆਂ ਦੇ ਆਉਣ ਨਾਲ ਹੋਈ ਦੱਸੀ ਜਾਂਦੀ ਹੈ। ਦਿੱਲੀ ਸਲਤਨੇਤ ਸਮੇਂ ਦੇ ਭਾਰਤੀ-ਪਰਸ਼ੀਅਨ ਸੂਫੀ ਕਵੀ ਅਤੇ ਵਿਦਵਾਨ ਅਮੀਰ ਖੁਸਰੋ (1253-1325) ਨੇ ਵੀ ਸੰਨ 1300 ਦੇ ਨੇੜੇ ਲਿਖਿਆ ਹੈ ਕਿ ਮੀਟ, ਘਿਉ, ਪਿਆਜ਼ ਆਦਿ ਦੀ ਸਮੱਗਰੀ ਵਾਲਾ ਸਮੋਸਾ ਉਸ ਸਮੇਂ ਦੇ ਸ਼ਾਹੀ ਖਾਨਦਾਨ ਅਤੇ ਲੋਕਾਂ ਵਿਚ ਪਸੰਦ ਕੀਤਾ ਜਾਂਦਾ ਸੀ। 14ਵੀਂ ਸਦੀ ਦੌਰਾਨ ਭਾਰਤ ਆਏ ਯਾਤਰੀ ਇਬਨ ਬਤੂਤਾ ਨੇ ਵੀ ਇਹ ਲਿਖਿਆ ਹੈ ਕਿ ਮੁਹੰਮਦ ਬਿਨ ਤੁਗਲਕ ਦੀ ਖਾਣ-ਸੂਚੀ ਵਿਚ ਵੀ ਇਹ ਸ਼ਾਮਿਲ ਸੀ। ਇਹ ਕੀਮੇ, ਅਖਰੋਟ, ਪਿਸਤਾ, ਬਦਾਮ ਅਤੇ ਮਸਾਲਿਆਂ ਨਾਲ ਤਿਆਰ ਕੀਤਾ ਜਾਂਦਾ ਸੀ! 'ਸਮੂਸਕ' ਜਾਂ 'ਸੰਬੋਸਕ' ਸੰਬੋਧਨ ਵਾਲੇ ਸਮੋਸੇ ਦਾ ਹਿੰਦੁਸਤਾਨੀਆਂ ਵਲੋਂ 'ਸੰਬੋਸਾ' ਸ਼ਬਦੀ ਰੂਪ 'ਚ ਵਰਣਨ 16ਵੀਂ ਸਦੀ ਦੀ ਅਬੁਲ ਫਜ਼ਲ ਆਲਮੀ ਰਚਿਤ 'ਆਈਨ-ਏ-ਅਕਬਰੀ' ਵਿਚ ਮਿਲਦਾ ਹੈ।

ਪੰਜਾਬ ਸਣੇ ਪੂਰੇ ਭਾਰਤ ਅਤੇ ਵਿਸ਼ਵ ਭਰ ਵਿਚ ਪਸੰਦ ਕੀਤਾ ਜਾਣ ਵਾਲਾ ਇਹ ਸਨੈਕ ਦੱਖਣੀ ਏਸ਼ੀਆ ਦੀ ਬਜਾਏ ਕੇਂਦਰੀ ਏਸ਼ੀਆ ਅਤੇ ਮਿਡਲ ਈਸਟ ਦਾ ਮੁਸਾਫਿਰ ਰਿਹੈ। ਇਸ ਦਾ ਸਫਰ ਮਿਸਰ ਤੋਂ ਲਿਬੀਆ, ਮੱਧ ਏਸ਼ੀਆ ਦੇ ਮੁਲਕਾਂ ਕਜ਼ਾਕਸਤਾਨ, ਉਜ਼ਬੇਕਿਸਤਾਨ, ਤਜ਼ਾਕਿਸਤਾਨ, ਤੁਰਕਮੇਨਿਸਤਾਨ ਆਦਿ ਤੋਂ ਭਾਰਤੀ ਉਪ-ਮਹਾਂਦੀਪ ਅਤੇ ਫਿਰ ਪੂਰੇ ਵਿਸ਼ਵ ਭਰ ਦਾ ਹੈ!

ਸਮੋਸੇ ਦਾ ਆਕਾਰ ਅਤੇ ਭਰਾਈ (ਸਟੱਫਿੰਗ) ਭੂਗੋਲਿਕ ਵਿਭਿੰਨਤਾ ਅਨੁਸਾਰ ਵੱਖ-ਵੱਖ ਰੂਪਾਂ 'ਚ ਮਿਲਦੀ ਐ। ਪਰ ਭਾਰਤ ਵਿਚ ਸਭ ਤੋਂ ਵੱਧ ਖਾਧੇ ਜਾਣ ਵਾਲੇ ਸਨੈਕਾਂ 'ਚੋਂ ਇੱਕ ਇਹ ਮੈਦੇਦਾਰ ਸਨੈਕ ਤਲਿਆ ਹੋਇਆ, ਕੜਕ, ਨਮਕੀਨ, ਤਿਖੂੰਜਾ, ਭਰਵਾਂ ਖਾਣ ਵਾਲਾ ਪਦਾਰਥ ਹੈ ਜਿਸ ਵਿਚ ਅਕਸਰ ਮਸਾਲੇਦਾਰ ਭੁੰਨੇ ਜਾਂ ਪੱਕੇ ਹੋਏ ਸੁੱਕੇ ਆਲੂ ਜਾਂ ਇਸ ਦੇ ਇਲਾਵਾ ਮਟਰ, ਪਿਆਜ਼, ਦਾਲ, ਕੀਮਾ, ਹਰੀ ਮਿਰਚ, ਪਨੀਰ ਵੀ ਭਰਿਆ ਜਾ ਸਕਦੈ। ਇਸ ਦਾ ਰੂਪ ਆਮ ਤੌਰ 'ਤੇ ਤਿਕੋਨਾ ਹੁੰਦਾ ਹੈ। ਇਹ ਬਾਹਰੋਂ ਕੜਕ ਤੇ ਅੰਦਰੋਂ ਮਸਾਲੇਦਾਰ ਹੁੰਦੈ। ਜ਼ਿਆਦਾਤਰ ਇਹ ਚਟਨੀ ਜਾਂ ਦਹੀਂ ਛੋਲਿਆਂ ਨਾਲ ਪਰੋਸਿਆ ਜਾਂਦੈ।

ਸੜਕਾਂ ਕਿਨਾਰੇ ਰੇਹੜੀਆਂ, ਚਾਹ ਸਟਾਲਾਂ, ਢਾਬਿਆਂ ਤੋਂ ਲੈ ਕੇ ਰੈਸਟੋਰੈਂਟਾਂ, ਮਹਿੰਗੇ ਹੋਟਲਾਂ, ਸ਼ਹਿਰਾਂ, ਪਿੰਡਾਂ, ਝੌਂਪੜ-ਪੱਟੀਆਂ, ਅਮੀਰਾਂ, ਗਰੀਬਾਂ, ਸ਼ਾਹ-ਸੁਲਤਾਨਾਂ ਦੀਆਂ ਪਲੇਟਾਂ, ਸ਼ਾਹੀ ਖਾਣੇ ਦੀਆਂ ਮੇਜ਼ਾਂ ਦਾ ਸ਼ਿੰਗਾਰ ਰਹਿਣ ਵਾਲਾ ਸਮੋਸਾ ਸੰਸਾਰ ਭਰ 'ਚ ਸਵਾਦ ਨਾਲ ਚਟਖਾਰੇ ਲੈ-ਲੈ ਖਾਧਾ ਜਾਂਦੈ। ਇਹ ਚਾਹ-ਪਕੌੜਿਆਂ ਵਾਂਗ ਚਾਹ ਨਾਲ ਵੀ ਖਾਧਾ ਜਾਣ ਵਾਲਾ ਬਹੁਤ ਹੀ ਮਜ਼ੇਦਾਰ ਸਨੈਕ ਹੈ ਤੇ ਸ਼ਾਇਦ ਭਾਰਤੀਆਂ 'ਚ ਸਭ ਤੋਂ ਵਧੇਰੇ ਪ੍ਰਚੱਲਿਤ ਵੀ। ਇੱਕ ਸਰੋਤ 'ਟ੍ਰੈਵਲ ਲੈਯਰ' ਅਨੁਸਾਰ ਭਾਰਤੀ ਹਰ ਰੋਜ਼ ਲਗਭਗ 6 ਕਰੋੜ ਸਮੋਸੇ ਛਕ ਜਾਂਦੇ ਹਨ! ਇਹ ਸਰੋਤ ਸਮੋਸੇ ਨੂੰ ਭਾਰਤ ਵਿਚ ਸਭ ਤੋਂ ਵੱਧ ਖਾਧਾ ਅਤੇ ਪਿਆਰਿਆ ਜਾਣ ਵਾਲਾ ਸਨੈਕ ਆਂਕਦੈ!

ਕਿਸੇ ਵੇਲੇ ਕਿਹਾ ਜਾਂਦਾ ਸੀ- 'ਜੈਸੇ ਸਮੋਸੇ ਮੇਂ ਆਲੂ, ਤੈਸੇ ਸਿਆਸਤ ਮੇਂ ਲਾਲੂ'! ਚਲੋ, ਲਾਲੂ (ਪ੍ਰਸ਼ਾਦ ਯਾਦਵ) ਦੀ ਸਿਆਸੀ ਚੜ੍ਹਤ ਤਾਂ ਹੁਣ ਭਾਵੇਂ ਉਹ ਨਹੀਂ ਰਹੀ, ਪਰ ਆਲੂ ਭਰੇ ਜ਼ਾਇਕੇਦਾਰ ਮਜ਼ੇਦਾਰ ਸਮੋਸੇ ਦੀ ਜੈ ਜੈ ਕਾਰ ਓਦਾਂ ਦੀ ਓਦਾਂ ਹੀ ਬਰਕਰਾਰ ਹੈ!

ਸਗੋਂ ਸਮੋਸਾ ਤਾਂ ਸੰਸਾਰਿਕ ਸਨੈਕ ਵਜੋਂ ਸੁਸ਼ੋਭਿਤ ਹੋ ਚੁੱਕੈ!



# ਅਰਜਨ ਕਪੂਰ ਦੀ ਸਿਹਤ ਦੇ ਫੰਡੇ

ਬਤੌਰ ਅਦਾਕਾਰ ਅਰਜੁਨ ਕਪੂਰ ਦੇ ਫਿਲਮੀ ਕਰੀਅਰ ਦਾ ਆਰੰਭ ਸਾਲ 2012 ਵਿਚ ਫਿਲਮ 'ਇਸ਼ਕਜ਼ਾਦੇ' ਨਾਲ ਹੋਇਆ ਸੀ। ਉਦੋਂ ਇਸ ਫਿਲਮ ਦੀ ਬੜੀ ਚਰਚਾ ਹੋਈ ਸੀ।

**ਕੁਦਰਤ ਕੌਰ**

ਫਿਲਮ ਵਿਚ ਉਸ ਦੀ ਸਾਥੀ ਹੀਰੋਇਨ ਪ੍ਰਨਿਤੀ ਚੋਪੜਾ ਸੀ। ਅਰਜੁਨ ਕਪੂਰ ਦੀ ਚਰਚਾ ਅੱਜ ਕੱਲ੍ਹ ਨਵੀਂ ਆਈ ਫਿਲਮ 'ਸਿੰਘਮ ਅਗੇਨ' ਕਰ ਕੇ ਹੈ ਜੋ ਇਸ ਸਾਲ ਪਹਿਲੀ ਨਵੰਬਰ ਨੂੰ ਰਿਲੀਜ਼ ਹੋਈ ਹੈ। ਉਂਜ, ਇਸ ਤੋਂ ਪਹਿਲਾਂ ਉਸ ਦੀ ਵਧੇਰੇ ਚਰਚਾ ਉਘੀ ਮਾਡਲ ਮਲਾਇਕਾ ਅਰੋੜਾ ਨਾਲ ਮੁਹੱਬਤ ਪੈਣ ਕਰ ਕੇ ਹੋਈ। ਇਨ੍ਹਾਂ ਦੋਹਾਂ ਦੇ ਕਿੱਸਿਆਂ ਨਾਲ ਫਿਲਮੀ ਮੈਗਜ਼ੀਨ ਅਤੇ ਅਖਬਾਰ ਭਰੇ ਰਹਿੰਦੇ ਸਨ। ਹੁਣ ਇਨ੍ਹਾਂ ਦੋਹਾਂ ਵਿਚਕਾਰ ਤੋੜ-ਵਿਛੋੜਾ ਹੋ ਚੁੱਕਾ ਹੈ। ਇਸ ਦੇ ਨਾਲ ਹੀ ਅਰਜੁਨ ਕਪੂਰ ਦੇ ਬਿਮਾਰ ਹੋਣ ਬਾਰੇ ਖਬਰਾਂ ਆਉਣ ਲੱਗ ਪਈਆਂ ਹਨ। ਖਬਰਾਂ ਹਨ ਕਿ ਉਹ ਹਸ਼ੀਮੋਤੋ ਨਾਮਕ ਬਿਮਾਰੀ ਦੀ ਮਾਰ ਹੇਠ ਹੈ। ਇਸ ਬਿਮਾਰੀ ਦੇ ਲੱਛਣਾਂ ਵਿਚ ਥਕਾਵਟ ਰਹਿਣਾ, ਭਾਰ ਵਧਣਾ, ਪੱਠਿਆਂ ਦੀ ਕਮਜ਼ੋਰੀ, ਡਿਪਰੈਸ਼ਨ ਆਦਿ ਹਨ। ਅਰਜੁਨ ਕਪੂਰ ਨੇ ਆਪਣੀ ਇਸ ਬਿਮਾਰੀ ਬਾਰੇ ਅਜੇ ਤੱਕ ਕੋਈ ਖੁਲਾਸਾ ਨਹੀਂ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਉਹ ਆਪਣਾ ਸਾਰੇ ਦਾ ਸਾਰਾ ਧਿਆਨ ਆਪਣੇ ਕਰੀਅਰ 'ਤੇ ਲਾ ਰਿਹਾ ਹੈ।

# ਅਦਾਕਾਰ ਕਮਲ ਹਾਸਨ ਦੀ ਨਵੀਂ ਕਥਾ 'ਠੱਗ ਲਾਈਫ'

ਅਦਾਕਾਰ ਕਮਲ ਹਾਸਨ ਨੇ ਆਪਣੇ 70ਵੇਂ ਜਨਮ ਦਿਨ ਮੌਕੇ ਐਲਾਨ ਕੀਤਾ ਕਿ ਮਣੀ ਰਤਨਮ ਦੇ ਨਿਰਦੇਸ਼ਨ ਵਾਲੀ ਉਸ ਦੀ ਫਿਲਮ 'ਠੱਗ ਲਾਈਫ' ਅਗਲੇ ਸਾਲ 5 ਜੂਨ ਨੂੰ ਰਿਲੀਜ਼ ਹੋਵੇਗੀ। ਕਮਲ ਨੇ ਇੰਸਟਾਗ੍ਰਾਮ 'ਤੇ ਫਿਲਮ ਦਾ ਪੋਸਟਰ ਵੀ ਸਾਂਝਾ ਕੀਤਾ ਜਿਸ ਵਿਚ ਫਿਲਮ 'ਚ ਉਸ ਵੱਲੋਂ ਨਿਭਾਏ ਕਿਰਦਾਰ ਦੀ ਪਹਿਲੀ ਝਲਕ ਦਿਖਾਈ ਗਈ ਹੈ।

ਕਮਲ ਹਾਸਨ ਨੇ ਪੋਸਟਰ ਦੀ ਕੈਪਸ਼ਨ 'ਚ ਲਿਖਿਆ ਹੈ, "ਹਰੇਕ ਰੋਲ ਇੱਕ ਵਿਕਾਸ ਹੈ, ਹਰ ਫਿਲਮ ਇੱਕ ਸਫ਼ਰ ਹੈ। ਮਣੀ ਰਤਨਮ

**ਗੁਰਜੰਟ ਸਿੰਘ**

ਦੀ ਫਿਲਮ 'ਠੱਗ ਲਾਈਫ' 5 ਜੂਨ ਨੂੰ ਰਿਲੀਜ਼ ਹੋਵੇਗੀ।" ਠੱਗ ਲਾਈਫ ਕਮਲ ਹਾਸਨ ਦੀ 234ਵੀਂ ਫਿਲਮ ਹੈ ਜਿਸ ਵਿੱਚ ਉਸ ਨੇ ਰੰਗਰਾਏ ਸ਼ਕਤੀਵੇਲ ਨਯਾਕਰ ਦਾ ਰੋਲ ਨਿਭਾਇਆ ਹੈ। ਮਣੀ ਰਤਨਮ ਤੇ ਕਮਲ ਹਾਸਨ ਪਹਿਲਾਂ ਇਕੱਠਿਆਂ ਦੋ ਫਿਲਮਾਂ 'ਨਯਾਕਨ' ਅਤੇ 'ਪੋਨੀਯਿਨ ਸੇਲਵਨ' ਬਣਾਈਆਂ ਹਨ। 'ਠੱਗ ਲਾਈਫ' ਫਿਲਮ ਦਾ ਪ੍ਰੋਡਿਊਸਰ ਖ਼ੁਦ ਕਮਲ ਹਾਸਨ ਹੈ ਅਤੇ ਇਸ ਦਾ ਸੰਗੀਤ ਉਘੇ ਸੰਗੀਤਕਾਰ ਏ.ਆਰ. ਰਹਿਮਾਨ ਨੇ ਦਿੱਤਾ ਹੈ।

7 ਨਵੰਬਰ 1954 ਨੂੰ ਜਨਮੇ ਕਮਲ ਹਾਸਨ ਨੇ ਤਮਿਲ ਫਿਲਮਾਂ ਤੋਂ ਇਲਾਵਾ ਹਿੰਦੀ, ਮਲਿਆਲਮ, ਤੇਲਗੂ, ਕੰਨੜ ਤੇ ਬੰਗਲਾ ਫਿਲਮਾਂ ਵਿਚ ਵੀ ਕੰਮ ਕੀਤਾ ਹੈ। ਉਸ ਦੀ ਗਿਣਤੀ ਦੱਖਣ ਦੇ ਵੱਡੇ ਅਦਾਕਾਰਾਂ ਵਿਚ ਹੁੰਦੀ ਹੈ। ਉਸ ਬਾਰੇ ਮਸ਼ਹੂਰ ਹੈ ਕਿ ਉਹ ਆਪਣੀਆ ਫਿਲਮਾਂ ਵਿਚ ਨਵੀਆਂ ਗੱਲਾਂ ਲੈ ਕੇ ਆਉਂਦਾ ਹੈ। ਉਸ ਦੀ ਹਰ ਫਿਲਮ ਵਿਚ ਫਿਲਮ ਸਨਅਤ ਲਈ ਕੋਈ ਨਾਲ ਕੋਈ ਵੱਡੀ ਅਤੇ ਨਵੀਂ ਗੱਲ ਹੁੰਦੀ ਹੈ।

ਕਮਲ ਹਾਸਨ ਆਪਣੀ ਵਿਲੱਖਣ ਅਦਾਕਾਰੀ ਸਦਕਾ ਚਾਰ ਵਾਰ ਕੌਮੀ ਫਿਲਮ



ਪੁਰਸਕਾਰ ਜਿੱਤ ਚੁੱਕਾ ਹੈ। ਇਸ ਤੋਂ ਇਲਾਵਾ ਉਸ ਨੂੰ ਨੌਂ ਵਾਰ ਤਾਮਿਲਨਾਡੂ ਦਾ ਫਿਲਮ ਪੁਰਸਕਾਰ, ਚਾਰ ਵਾਰ ਨੰਦੀ ਪੁਰਸਕਾਰ, ਇਕ ਰਾਸ਼ਟਰਪਤੀ ਪੁਰਸਕਾਰ, ਇਕ ਫਿਲਮਫੇਅਰ ਪੁਰਸਕਾਰ, ਅਠਾਰਾਂ ਦੱਖਣੀ ਫਿਲਮਫੇਅਰ ਪੁਰਸਕਾਰ ਮਿਲ ਚੁੱਕੇ ਹਨ। ਇਹੀ ਨਹੀਂ, ਉਹ ਪਦਮ ਸ੍ਰੀ ਅਤੇ ਪਦਮ ਭੂਸ਼ਣ ਖਿਤਾਬ ਵੀ ਹਾਸਿਲ ਕਰ ਚੁੱਕਾ ਹੈ।

# ਕਿਰਨ ਰਾਓ ਦੀਆਂ 'ਲਾਪਤਾ ਲੇਡੀਜ਼' ਦੀ ਤਲਾਸ਼

ਉਘੀ ਫਿਲਮੀ ਹਸਤੀ ਕਿਰਨ ਰਾਓ ਦੀ ਫਿਲਮ 'ਲਾਪਤਾ ਲੇਡੀਜ਼' ਇਸ ਵਾਰ ਆਸਕਰ ਇਨਾਮਾਂ ਵਿਚ ਭਾਰਤ ਦੀ ਨੁਮਾਇੰਦਗੀ ਕਰ ਰਹੀ ਹੈ। ਇਹ ਫਿਲਮ ਇਨ੍ਹਾਂ ਇਨਾਮਾਂ ਵਿਚ ਆਪਣਾ ਝੰਡਾ ਗੱਡਦੀ ਹੈ ਜਾਂ ਨਹੀਂ, ਇਸ ਬਾਰੇ ਤਾਂ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ

**ਆਮਨਾ ਕੌਰ**

ਇਹ ਫਿਲਮ ਸੰਜੀਦਾ ਦਰਸ਼ਕਾਂ ਦੇ ਦਿਲ ਜਿੱਤ ਚੁੱਕੀ ਹੈ। ਹਾਲ ਹੀ ਵਿਚ ਭਾਰਤੀ ਮੂਲ ਦੇ ਪ੍ਰਸਿੱਧ ਸ਼ੈੱਫ ਵਿਕਾਸ ਖੰਨਾ ਜਿਸ ਦਾ ਪਿਛੋਕੜ ਗੁਰੂ ਕੀ ਨਗਰੀ ਅੰਮ੍ਰਿਤਸਰ ਦਾ ਹੈ, ਨੇ ਫਿਲਮ ਦੀ ਸਮੁੱਚੀ ਟੀਮ ਲਈ ਨਿਊਯਾਰਕ ਵਿਚ ਖਾਸ ਸਮਾਗਮ ਦਾ ਇੰਤਜ਼ਾਮ ਕੀਤਾ। ਇਸ ਸਮਾਗਮ ਵਿਚ ਕਿਰਨ ਰਾਓ ਤੋਂ ਇਲਾਵਾ ਉਸ ਦੇ ਸਾਬਕਾ ਖਾਵੰਦ, ਅਦਾਕਾਰ ਆਮਿਰ ਖਾਨ ਨੇ ਵੀ ਸ਼ਿਰਕਤ ਕੀਤੀ।

ਇਸ ਮੌਕੇ ਵਿਕਾਸ ਖੰਨਾ ਨੇ ਕਿਰਨ ਰਾਓ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਦਿੱਤੇ। ਉਸ ਨੇ ਆਪਣਾ ਸੁਨੇਹਾ ਇੰਸਟਾਗਰਾਮ ਉਤੇ ਸਾਂਝਾ ਕੀਤਾ ਹੈ। ਉਸ ਨੇ ਲਿਖਿਆ ਹੈ: "ਜਬ ਦਿਲ ਤੋਂ ਦੁਆ ਨਿੱਕਲ ਰਹੀ ਹੈ; ਜਿੱਤ ਲਓ ਦੁਨੀਆ।" ਉਸ ਨੇ ਇਹ ਵੀ ਲਿਖਿਆ ਹੈ ਕਿ ਕਿਰਨ ਰਾਓ ਅਸਲੀ ਕਾਲਕਾਰ ਹੈ ਜਿਸ ਨੇ ਇਹ ਖਾਸ ਫਿਲਮ ਸਾਡੇ ਲਈ ਬਣਾਈ ਹੈ। ਉਸ ਨੇ ਫਿਲਮ ਵਿਚ ਕੰਮ ਕਰਨ ਵਾਲਿਆਂ ਦੀ ਵੀ ਰੱਜ ਕੇ ਤਾਰੀਫ ਕੀਤੀ।

ਯਾਦ ਰਹੇ ਕਿ ਕਿਰਨ ਰਾਓ ਬਹੁਤ ਸਾਰੇ ਜੋਖਮ ਉਠਾ ਕੇ ਕੰਮ ਕਰਨ ਵਾਲੀ ਹਸਤੀ ਹੈ। ਉਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2001 ਵਿਚ ਆਈ ਫਿਲਮ 'ਲਗਾਨ' ਨਾਲ ਬਤੌਰ ਅਸਿਸਟੈਂਟ ਡਾਇਰੈਕਟਰ ਕੀਤੀ ਸੀ। ਇਸ ਫਿਲਮ ਦਾ ਹੀਰੋ ਆਮਿਰ ਖਾਨ ਸੀ ਅਤੇ ਇਸ ਫਿਲਮ ਦੇ ਨਿਰਦੇਸ਼ਕ ਅਸ਼ੂਤੋਸ਼ ਗੋਵਾਰੀਕਰ ਸਨ। ਇਹ ਫਿਲਮ ਬਹੁਤ ਚੱਲੀ ਸੀ ਅਤੇ ਇਸ ਦੇ ਨਾਲ ਹੀ ਕਿਰਨ ਰਾਓ ਅਤੇ ਆਮਿਰ ਖਾਨ ਦੀ ਮੁਹੱਬਤ ਦੇ ਕਿੱਸੇ ਵੀ ਚੱਲ ਪਏ। ਫਿਰ 2005 ਦੋਹਾਂ ਨੇ ਵਿਆਹ ਕਰਵਾ ਲਿਆ ਜੋ 2021 ਤੱਕ ਚੱਲਿਆ। ਉਂਝ, ਦੋਵੇਂ ਅੱਜ ਵੀ ਆਪਣੇ ਕੰਮ-ਕਾਰ ਦੇ ਮਾਮਲੇ ਵਿਚ ਇਕ-ਦੂਜੇ ਦਾ ਪੂਰਾ ਸਾਥ ਦਿੰਦੇ ਹਨ।

ਕਿਰਨ ਰਾਓ ਨੇ ਉਘੀ ਫਿਲਮਸਾਜ਼ ਮੀਰਾ ਨਾਇਰ ਦੀ ਮਸ਼ਹੂਰ ਫਿਲਮ 'ਮੌਨਸੂਨ ਵੈਡਿੰਗ' ਲਈ ਵੀ ਅਸਿਸਟੈਂਟ ਡਾਇਰੈਕਟਰ ਵਜੋਂ ਕੰਮ ਕੀਤਾ ਸੀ। ਇਸ ਤੋਂ ਬਾਅਦ ਉਸ ਨੇ ਫਿਲਮ 'ਧੋਬੀ ਘਾਟ' ਦੀ ਪਟਕਥਾ ਲਿਖੀ। ਇਹ ਫਿਲਮ ਉਸ ਨੇ ਆਪ ਹੀ ਡਾਇਰੈਕਟ ਕੀਤੀ। ਇਹ ਫਿਲਮ ਬਾਕਸਆਫਿਸ 'ਤੇ ਤਾਂ ਬਹੁਤੀ ਕਮਾਲ ਨਹੀਂ ਕਰ ਸਕੀ ਪਰ ਇਹ ਫਿਲਮ ਦੇਖ ਕੇ ਇਕ ਵਾਰ ਜ਼ਰੂਰ ਲੱਗਦਾ ਹੈ ਕਿ ਅਜਿਹੀ ਫਿਲਮ ਕਿਰਨ ਰਾਓ ਵਾਰਗੀ ਔਰਤ ਹੀ ਬਣਾ ਸਕਦੀ ਸੀ। ਇਸ ਫਿਲਮ ਵਿਚ ਆਮਿਰ ਖਾਨ ਤੋਂ ਇਲਾਵਾ ਪ੍ਰਤੀਕ ਬੱਬਰ, ਕ੍ਰਿਤੀ ਮਲਹੋਤਰਾ ਅਤੇ ਮਨਿਕਾ ਡੋਗਰਾ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਸਨ। ਬਤੌਰ ਡਾਇਰੈਕਟਰ ਇਹ ਕਿਰਨ ਰਾਓ ਦੀ ਪਹਿਲੀ ਫਿਲਮ ਸੀ।

ਹੁਣ 'ਲਾਪਤਾ ਲੇਡੀਜ਼' ਨਾਲ ਸਾਬਿਤ ਹੋ ਗਿਆ ਕਿ ਸੱਚਮੁੱਚ ਕਿਰਨ ਰਾਓ ਨਿਆਰੀ ਅਤੇ ਨਿਵੇਕਲੀ ਹੈ। ਭਾਰਤ ਵਿਚ ਇਹ ਫਿਲਮ ਇਸ ਸਾਲ ਪਹਿਲੀ ਮਾਰਚ ਨੂੰ ਰਿਲੀਜ਼ ਹੋਈ ਸੀ। ਇਸ ਤੋਂ ਪਹਿਲਾਂ ਪਿਛਲੇ ਸਾਲ ਸਤੰਬਰ ਵਿਚ ਇਹ ਫਿਲਮ ਟੋਰਾਂਟੋ ਕੌਮਾਂਤਰੀ ਫਿਲਮ ਮੇਲੇ ਵਿਚ ਦਿਖਾਈ ਸੀ। ਫਿਲਮ ਨੇ ਮੈਲਬਰਨ (ਆਟਰੇਲੀਆ) ਦੇ ਫਿਲਮ ਮੇਲੇ ਵਿਚ ਪੁਰਸਕਾਰ ਵੀ ਹਾਸਿਲ ਕੀਤਾ। ਇਸ ਫਿਲਮ ਵਿਚ ਮੁੱਖ ਕਿਰਦਾਰ ਨਿਤਾਸ਼ੀ ਗੋਇਲ, ਪ੍ਰਤਿਭਾ ਰਾਂਤਾ, ਸਪਰਸ਼ ਸ੍ਰੀਵਾਸਤਵ, ਛਾਇਆ ਕਦਮ ਅਤੇ ਰਵੀ ਕਿਸ਼ਨ ਨੇ ਨਿਭਾਏ ਹਨ। ਇਹ ਫਿਲਮ ਦੋ ਵਿਆਂਹਦੜਾਂ ਦੁਆਲੇ ਘੁੰਮਦੀ ਹੈ। ਫਿਲਮ ਆਲੋਚਕਾਂ ਨੇ ਇਸ ਫਿਲਮ ਦੇ ਹੱਕ ਵਿਚ ਰਿਵੀਊ ਲਿਖੇ ਅਤੇ ਕਿਰਨ ਰਾਓ ਦੀ ਖ਼ੂਬ ਤਾਰੀਫ ਕੀਤੀ ਅਤੇ ਲਿਖਿਆ ਕਿ ਹੈਰਾਨੀ ਦੀ ਗੱਲ ਹੈ ਕਿ ਕੋਈ ਫਿਲਮ ਇਸ ਤਰ੍ਹਾਂ ਵੀ ਬਣਾਈ ਜਾ ਸਕਦੀ ਹੈ। ਸਭ ਤੋਂ ਵੱਡੀ ਗੱਲ, ਕਿਰਨ ਰਾਓ ਨੇ ਇਸ ਫਿਲਮ ਦੇ ਤਿੰਨ ਕਿਰਦਾਰਾਂ ਲਈ ਬਿਲਕੁਲ ਨਵੇਂ ਅਦਾਕਾਰਾਂ ਨੂੰ ਮੌਕਾ ਦਿੱਤਾ। ਉਸ ਨੇ ਆਪਣੀ ਇਸ ਫਿਲਮ ਵਿਚ ਹੋਰ ਵੀ ਬਹੁਤ ਸਾਰੇ ਤਜਰਬੇ ਕੀਤੇ ਹਨ।








ਫਿਲਮ 'ਲਾਪਤਾ ਲੇਡੀਜ਼' ਦਾ ਪੋਸਟਰ, (ਵਿਚਕਾਰ) ਕਿਰਨ ਰਾਓ ਅਤੇ (ਧੁਰ ਸੱਜੇ) ਫਿਲਮ ਦਾ ਦ੍ਰਿਸ਼।


ੴ ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣ ਹੋਆ॥ ੴ

ਸਮੂਹ ਸੰਗਤ ਨੂੰ ਜਗਤ ਗੁਰੂ ਬਾਬਾ

# ਧੰਨ ਧੰਨ ਗੁਰੂ ਨਾਨਕ ਦੇਵ ਜੀ ਦੇ

## 555ਵੇਂ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ

ਸ਼ਾਲਾ ! ਬਾਬੇ ਨਾਨਕ ਦਾ ਉਪਦੇਸ਼ 'ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ' ਸੰਗਤ ਦੇ ਹਿਰਦੇ ਵਿਚ ਵਸਿਆ ਰਹੇ। ਦੁਨੀਆ ਵਿਚੋਂ ਵਹਿਮਾਂ-ਭਰਮਾਂ, ਜਾਤੀਵਾਦ ਦਾ ਨਾਸ ਹੋਵੇ। ਸਿੱਖ ਸੰਗਤ ਜਿੱਥੇ ਗੁਰੂ ਨਾਨਕ ਦੇਵ ਜੀ ਨੂੰ ਤਾਂ ਮੰਨਦੀ ਹੀ ਹੈ, ਉਥੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਵੀ ਆਪਣੇ ਹਿਰਦੇ ਵਿਚ ਵਸਾਵੇ।



ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ